Bilingual English & Punjabi ◆ Bi-Weekly

Punjabi Patrika
ਪੰਜਾਬੀ ਪੱਤ੍ਰਿਕਾ

Punjabi Patrika

FREE COPY
August 22nd to September 4th, 2001
Vol. 5, No. 24

1481 Tracey Rd, Abbotsford, B.C. V2T 6G4 TOLL FREE 1-877-844-1313
Tel: 852-2288 Fax: 852-1878 Email: PUNJABIPATRIKA@TELUS.NET

Outside Of Fraser Valley $1.00

ਪੰਜਾਬ ਦੇ ਮਸ਼ਹੂਰ ਚਿਤਰਕਾਰ ਜਰਨੈਲ ਸਿੰਘ ਦੀ ਕਲਾ-ਕ੍ਰਿਤ:- ਪੰਜਾਬੀ ਮੁਟਿਆਰ ਅਤੇ ਗਭਰੂ ਖੇਤਾਂ ਵਿਚ। ਪੰਜਾਬੀ ਦੇ ਉਘੇ ਲੇਖਕ ਹਰਭਜਨ ਸਿੰਘ ਮਾਂਗਟ ਦਾ ਜਰਨੈਲ ਸਿੰਘ ਬਾਰੇ ਇਕ ਸਪੈਸ਼ਲ ਲੇਖ ਅੰਦਰ ਪੜ੍ਹੋ ਪੱਨਾ 20 ਤੇ 21 ਉਤੇ।

Photograph of a Painting by Punjab's Renowned Artist Jernail Singh
Please see Story on Pages 20-21

COMPLETE SOLUTIONS FOR HOME & OFFICE
AMRITECH
COMPUTER SYSTEMS LTD.
ਕਿਸੇ ਵੀ ਤਰ੍ਹਾਂ ਦੀ ਵਧੀਆ ਡੀਲ ਅਤੇ ਵਧੀਆ ਸੈਲੂਲਰ ਫੋਨ ਲੈਣ ਲਈ ਹਮੇਸ਼ਾ ਹੀ ਯਾਦ ਰੱਖੋ

ਮੁਫਤ ਅਸੈਸਰੀਜ਼ ਹਰ ਇਕ ਟਰਮ ਐਕਟੀਵੇਸ਼ਨ ਕਰਵਾਉਣ ਦੇ ਨਾਲ

www.amritech.com
email: info@amritech.com
ਪਿਛਲੇ 10 ਸਾਲਾਂ ਤੋਂ ਕਮਿਊਨਿਟੀ ਦੀ ਸੇਵਾ ਕਰਦੇ ਆ ਰਹੇ ਹਨ

ROGERS AT&T
Authorized Agent
™Rogers Communications Inc. Used under License. ® AT&T Corp. Used under License.

SURREY 604-572-9955 • #7-8430 128 St.
DELTA 604-582-9999 • 9365 120 St.
MISSION 604-820-0811 • A6-32081 Lougheed Hwy.
ABBOTSFORD 604-556-7702 • #148 31935 S. Fraser Way

BOURQUIN PRINTERS & SIGNS
ਸਭ ਤਰਾਂ ਦੀ ਪ੍ਰਿੰਟਿੰਗ
Lowest Prices Guaranteed!

#102 - 32988 South Fraser Way
Tel: 604-859-7559 Fax: 604-859-2669

Clearbrook Appliance Service
For Repairs to all Kinds of Electric Appliances

ਅਸੀਂ ਹਰ ਤਰਾਂ ਦੇ ਅਪਲਾਇੰਸ-ਫਰਿਜ਼, ਸਟੋਵ, ਡਿਸ਼ਵਾਸ਼ਰ ਆਦਿ ਦੀ ਮੁਰੰਮਤ ਕਰਦੇ ਹਾਂ। ਸਾਨੂੰ ਅਜ ਹੀ ਫੋਨ ਕਰੋ
Deep Deol
Gov't Certified Technician
Cell: 604-807-3671 • Pgr: 604-504-1333

Premium Muffler Centre
Lifetime System Warranty
• FREE Inspections
• FREE Estimates
• No Appointments Required
• Lifetime System Warranty on all Exhaust Work
• Custom & Hi-Performance Jobs Welcome
• Best Prices in Town! Come and Compare
ਆਪਣੇ ਪੰਜਾਬੀ ਭਰਾਵਾਂ ਦਾ ਸਟੋਰ!
604-504-1633 • 604-807-6425
32366 South Fraser Way, Abbotsford, B.C. V3T 1W6

RITEWAY FURNITURE
(Lowest Price in BC)

SPECIALS
Kitchen Set - 7pc $299.00
Coffee Table - 3pc $98.00
Ph. 604-556-7861 • Fax: 604-556-7851
2600 Cedar Park Place, Abbotsford, B.C.

INDIAN FASHIONS
UNIT #104 - 2580 CEDAR PARK PLACE, ABBOTSFORD BC
ਇੰਡੀਅਨ ਫੈਸ਼ਨ ਵਧੀਆ ਕਪੜਾ ਤੇ ਘਟ ਰੇਟ ਲਈ ਮਸ਼ਹੂਰ ਸਟੋਰ
604-850-2017



ਟਰਾਂਸਵਰਲਡ ਟਰੈਵਲ
ਵਾਜਬ ਰੇਟਾਂ ਲਈ

Jiwan
"We Will Beat Anybody's Price to Anywhere in the World."
Santokh Sidhu
102-2589 Cedar Park Pl. Abbotsford BC
VANCOUVER 604-607-6600
ABBOTSFORD 604-852-2204
Fax: 604-853-2223

ਕਮਾਲ ਤੋੜ ਸੇਲ
ਓਵਰਸੀਜ਼ ਫੈਬਰਿਕਸ ਕਮਾਲ ਤੋੜ ਸੇਲ
604-864-8100
2785-Bourquin ave., Abbotsford
ਜਿਮੀਂਦਾਰਾਂ ਦਾ ਵਧੀਆ ਤੇ ਸਸਤੇ ਕਪੜੇ ਦਾ ਹੱਟ
ਲਗ ਗਈ ਰੱਖੜੀ ਸੇਲ - ਸਿਰਫ ਥੋੜੇ ਸਮੇਂ ਲਈ ਬਹੁਤ ਹੀ ਵੱਡੀ ਸੇਲ।
ਇਸ ਕੁਪਨ ਦੇ ਨਾਲ
ਦੋਹਰਾ ਵੱਡਾ ਕੰਬਲ ਮੁਫਤ ਲਵੋ
Queen Size
500 ਡਾਲਰ ਦਾ ਕਪੜਾ ਖ੍ਰੀਦਣ ਨਾਲ 21 ਤੋਂ 25 ਅਗਸਤ ਤੱਕ
ਇਸ ਕੁਪਨ ਦੇ ਨਾਲ

Suman's Beauty Parlour & Boutique
For all your beauty needs:
• Perms • Styles • Threading • Cuts • Colours • Makeup
We sell clothing by house parties:
• Sarees • Lahnga • Jewellery • Bangals • Suits • Purses
(The latest shipment has arrived)
Phone: 604-850-1376
31346 Vista Court Abbotsford, B.C. (off of Ridge View)

INSIDE

Editorial 04
ਸਥਾਨਕ ਖਬਰਾਂ 26
ਸਮਾਚਾਰ ਤ ਵਿਚਾਰ 29
ਕਾਵਿ – ਕਿਆਰੀ 30
Your Date with Stars 31
Bollywood Duniya 32/33
Staff Credits 33
Classifieds 34

A. T. AUTO REPAIR

Sat Sharma

- TUNE UP
- BRAKES • EXHAUST
- FRONT END WORK
- ENGINE REPAIRS
- CLUTCHES
- WATER PUMPS
- TRANY SERVICE
- U-JOINTS
- ENGINE REPAIRS
- FRONT AXLE SHAFTS etc.

FOR ALL YOUR AUTOMOTIVE NEEDS ONE STOP REPAIR SHOP

ਆਪ ਦੀ ਕਾਰ ਜਾਂ ਪਿੱਕਅੱਪ ਦੀ ਹਰੇਕ ਤਰ੍ਹਾਂ ਦੀ ਮਕੈਨੀਕਲ ਸਮੱਸਿਆ ਦਾ ਹੱਲ ਤਸੱਲੀਬਖਸ਼ ਕੰਮ ਨਾਲੋਂ ਕੀਤਾ ਜਾਂਦਾ ਹੈ!

(604) 852-6276

ਏ.ਟੀ. ਆਟੋ ਰਿਪੇਅਰ

#507-30950 Wheel Ave., Abbotsford, B.C.

Charlesworth
insurance services ltd.

For all your Insurance Needs!

- Home
- Business
- Farm
- Tenants
- Claim Free Discount
- Autoplan
- Pro-rate & Cargo
- Monthly Payment Plan
- New Home Discount & Mature Discount
- Marriage Licence (ਵਿਆਹ ਦੇ ਲਾਈਸੈਂਸ)

Manmeet Wadhawan
Home: 604-859-3905
Office: 604-852-2565

Diane Morphy
(Manager)
Cell: 309-2767

Amrik Gill
Cell: 309-3568
Res: 855-1548

We are please to announce our new Sales Agent Paramjit Singh Gill

Phone: 852-2565

Autoplan 12

VISA MasterCard Interac

HOURS OF OPERATION
9 AM - 9 PM MON TO FRI
9 AM - 6 PM SAT
10 AM - 5 PM SUN. & HOLIDAYS

1A-32465 South Fraser Way, Abbotsford, BC V2T 1X4

NOW OPEN
Paul's Chicken Masala House

- Chicken Pakora
- Fish Pakora
- Vegetarian Food Also
- Butter Chicken
- Chilly Chicken
- Kadhai Chicken
- Lots, lots more

ਹੁਣ ਖੁਲ ਗਿਆ
ਪਾਲਜ਼ ਚਿਕਨ ਮਸਾਲਾ ਹਾਊਸ

- ਬਟਰ ਚਿਕਨ
- ਭਿੱਜਿਆ ਮਸਾਲਾ ਚਿਕਨ
- ਚਿੱਲੀ ਚਿਕਨ
- ਜੀਰਾ ਚਿਕਨ
- ਤਾਜ਼ਾ ਬਕਰੇ ਦਾ ਮੀਟ
- ਤਾਜ਼ਾ ਚਿਕਨ ਦਾ ਮੀਟ
- ਤੰਦੂਰੀ ਚਿਕਨ
- ਕੜਾਈ ਚਿਕਨ
- ਸ਼ੁੱਧ ਵੈਜ਼ੀਟੇਰੀਅਨ ਵੱਖਰੇ ਤੇਲ ਵਿਚ
- ਸਮੋਸੇ+ਛੋਲੇ, ਪਲੇਟ ਪਨੀਰ ਵਾਲੇ
- ਆਲੂ ਟਿੱਕੀ+ਛੋਲੇ ਪਲੇਟ
- ਛੋਲੇ ਭਟੂਰੇ ਪਲੇਟ
- ਦਹੀਂ ਭੱਲੇ ਪਲੇਟ
- ਚਾਟ ਪਾਪੜੀ
- ਵੈਜ਼ੀ ਪਕੌੜੇ
- ਪਨੀਰ ਵਾਲੇ ਪਕੌੜੇ

FREE DELIVERY • ਫਰੀ ਡਲਿਵਰੀ

604-557-1212

2494 Clearbrook Rd. (by Yankee Hair Dressers)

ABBOTSFORD TUNE-UP CENTRE 859-6005



ਕਰਮਜੀਤ
ਏਅਰ ਕੇਅਰ ਸਰਟੀਫਾਇਡ ਤਕਨੀਸ਼ਨ/ਓਨਰ

AirCare Repair Centre

Authorized Dealer

ਆਇਲ ਚੇਂਜ ਸਿਰਫ $19.99 +ਟੈਕਸ

- ਬਰੇਕਾਂ
- ਐਗਜ਼ਾਸਟ
- ਟਿਊਨ-ਅੱਪ
- ਇੰਜਨ ਵਰਕ
- ਟਰਾਂਸਮਿਸ਼ਨ
- ਇਲੈਕਟਰੀਕਲਜ਼
- ਏਅਰ ਕੇਅਰ ਰਿਪੇਅਰ
- ਕੰਪਿਊਟਰ ਰਾਂਹੀ ਚੈਕਅੱਪ

ਰਿਪੇਅਰ ਪੂਰੀ ਤਸੱਲੀਬਖਸ਼ ਕੀਤੀ ਜਾਂਦੀ ਹੈ। ਕੀਤੇ ਕੰਮ ਦੀ ਪੂਰੀ ਪੂਰੀ ਗਰੰਟੀ ਕੀਤੀ ਜਾਂਦੀ ਹੈ।

ਸੋਮਵਾਰ ਤੋਂ ਸ਼ਨੀਵਾਰ ਤੱਕ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ ਖੁਲ੍ਹੇ ਰਹਿੰਦੇ ਹਾਂ।

ਐਬਟਸਫੋਰਡ ਟਿਊਨ-ਅੱਪ ਸੈਂਟਰ

New Address Unit# 24 - 3275 McCallum Road Abbotsford, B.C. V2S 3M7 (Across from Air Care)

ACCURATE AUTO BODY & PAINT LTD.

ਐਕੁਰੇਟ ਆਟੋ ਬਾਡੀ ਤੇ ਪੇਂਟ ਲਿਮਿ.

ਵਾਜਿਬ ਰੇਟ ਅਤੇ ਤਸੱਲੀਬਖਸ਼ ਕੰਮ ਲਈ ਫੋਨ ਕਰੋ:
ਪ੍ਰਿਥੀਪਾਲ ਸਿੰਘ ਖੰਗੂੜਾ
ਜਾਂ
ਭੁਪਿੰਦਰ ਸਿੰਘ ਢਿਲੋਂ

- ਪ੍ਰਾਈਵੇਟ ਅਤੇ I.C.B.C. ਕਲੇਮ
- ਫਰੀ ਪਿੰਨ ਸਟ੍ਰਾਈਪ ਤੇ ਗਰੈਵਲ ਗਾਰਡ
- ਫਰੀ ਪਿੱਕਅੱਪ ਤੇ ਡਲਿਵਰੀ ਸਰਵਿਸ
- ਉਤੱਮ ਕੁਆਲਿਟੀ ਬਾਡੀਵਰਕ ਤੇ ਪੇਂਟ
- ਕਾਰਾਂ ਦੇ ਸ਼ੀਸ਼ਿਆਂ ਦੀ ਅਦਲਾ ਬਦਲੀ

"We will beat any written estimate."

UNIT #5 - 31088 PEARDONVILLE ROAD, ABBOTSFORD, B.C.

PHONE: 850-5001

Dr. Robin Kaur Srikureja
Chiropractor

CALL 604-859-8856

ਅਸੀਂ ਓਨਾਂ ਲੋਕਾਂ ਦੀ ਸਹਾਇਤਾ ਕਰਦੇ ਹਾਂ ਜੋ ਤਕਲੀਫ ਉਠਾ ਰਹੇ ਹਨ।
WE HELP PEOPLE WHO ARE EXPERIENCING:

- HIP PAIN
- LEG PAIN
- KNEE PAIN
- SHOULDER/ARM PAIN
- ਲਕ (ਕੁਲੇ) ਦਾ ਦਰਦ
- ਲਤ ਦਰਦ
- ਗੋਡੇ ਦਾ ਦਰਦ
- ਮੋਢੇ ਅਤੇ ਬਾਂਹ ਦਾ ਦਰਦ।

ਅਸੀਂ ਪੰਜਾਬੀ ਬੋਲਦੇ ਹਾਂ
ਐਤਵਾਰ ਨੂੰ ਵੀ ਮਿਲ ਸਕਦੇ ਹਾਂ
ਅਪਾਇੰਟਮੈਂਟ ਲਈ ਫੋਨ ਕਰੋ: 859-8856
#101-2669 Langdon St./ਲੈਂਗਡਮ ਸਟਰੀਟ

Cathay Pacific Cancels More Flights

Cathay Pacific Airways was forced to cancel flights for a fourth straight day Sunday as many pilots continued to call in sick in a dispute about pay and scheduling. An airline statement said six flights were canceled on Sunday, including flights to Singapore, Malaysia and the Philippines On Sunday, Cathay canceled 10 flights after saying that the number of pilots reporting sick was reaching a level ``higher than normal.'' Cathay pilots have been staging a go-slow since July 3 to demand better pay and improved scheduling practices. Cathay fired 51 pilots after the dispute and rejected demands for pay raises of up to 32 percent. The Aircrew Officers Association, which represents about 1,300 of Cathay's 1,500 pilots, will meeting Wednesday to decide whether to escalate the labor action. The union's General Secretary, John Findlay, said Sunday his association's position has been to take ``incremental steps'' in its dispute with the airline without causing lasting damage to Cathay.

Malaysian Police Guilty of Human Rights Abuses: Inquiry

A top level inquiry has found that Malaysia's police were guilty of violating human rights and "cruel and inhuman" treatment of detainees after a mass anti-government protest last November. In a report of its first public inquiry since being established in April last year, the government-backed Human Rights Commission of Malaysia has found police used excessive force against protesters. Water cannon and teargas were used against some 5,000 supporters of jailed ex-deputy premier Anwar Ibrahim on November the 5th and 116 people were detained. The Commission, known by its Malay acronym Suhakam echoed recommendations it made earlier this month in a report on "Freedom of Assembly", urging police to allow peaceful assemblies and not to use roadblocks to prevent gatherings. Prime Minister Mahathir Mohamad dismissed the commission's earlier report , saying it had ignored national security concerns. The commission has no powers of enforcement and can only make recommendations.

ਸੇਹਤ ਹੀ ਅਸਲੀ ਧਨ ਹੈ!

ਅਸੀਂ ਸਾਰੇ ਇਸ ਗਲ ਨਾਲ ਸਹਿਮਤ ਹਾਂ ਕਿ ਸਿਹਤ ਸਾਡੀ ਸਭ ਤੋਂ ਵੱਡੀ ਦੋਲਤ ਹੈ। ਚੰਗੇ ਸਿਹਤ ਮੰਦ ਸਰੀਰ ਤੋਂ ਬਿਨਾਂ ਸਮਝੋ ਸਾਡੇ ਕੋਲ ਕੁਝ ਨਹੀਂ। ਫਿਰ ਵੀ ਅਸੀਂ ਸਭ ਤੋਂ ਘੱਟ ਧਿਆਨ ਇਸ ਵਲ ਦਿੰਦੇ ਹਾਂ। ਕਿਉਂ? ਬਹੁਤ ਵਾਰ ਮਰੀਜ਼ ਮੈਨੂੰ ਅਜਿਹਾ ਲੇਖ ਲਿਖਣ ਲਈ ਕਹਿੰਦੇ ਹਨ ਜਿਸ ਵਿਚ ਦਸਿਆ ਜਾਵੇ ਕਿ ਕਾਇਰੋ ਪ੍ਰੈਕਟਰ ਇਸ ਸਬੰਧੀ ਕਿਨੀ ਕੁ ਸਹਾਇਤਾ ਕਰ ਸਕਦਾ ਹੈ। ਸਾਡੇ ਰੋਜ਼ਾਨਾ ਜੀਵਨ ਵਿਚ ਕਈ ਸਥਿਤੀਆਂ ਐਸੀਆਂ ਆਉਂਦੀਆਂ ਹਨ ਜਿਨਾਂ ਵਿਚ ਸੱਟ ਲੱਗਣ ਨਾਲ, ਡਿੱਗਣ ਨਾਲ ਜਾਂ ਵਾਰ ਵਾਰ ਝੁਕਣ, ਭਾਰ ਚੁੱਕਣ ਜਾਂ ਦੁਰਘਟਨਾਵਾਂ ਨਾਲ ਸਾਡੇ ਜੋੜਾਂ ਵਿਚ ਵਿਗਾੜ ਪੈ ਜਾਂਦੇ ਹਨ। ਕਈ ਵਾਰ ਅਸੀਂ ਕਹਿ ਦਿੰਦੇ ਹਾਂ, ਸਭ ਕੁੱਝ ਠੀਕ ਠਾਕ ਹੈ। ਇਹ ਵਿਗਾੜ ਹਟ ਜਾਵੇਗਾ (ਆਪਣੇ ਆਪ)। ਪਰ ਛੋਤੀ ਹੀ ਸਾਨੂੰ ਦਰਦ ਤੇ ਹੋਰ ਦਰਦ ਮਹਿਸੂਸ ਹੋਣ ਲਗਦਾ ਹੈ। ਸਰੀਰ ਦੇ ਹਰ ਤੰਤੂ ਅਤੇ ਸੈਲ ਨੂੰ ਦਿਮਾਗ ਤੋਂ ਸਰੀਰ ਦੇ ਹਰ ਹਿੱਸੇ ਵਲ ਜਾਣ ਵਾਲੀਆਂ ਨਸ ਤਰੰਗਾਂ ਕੰਟਰੋਲ ਕਰਦੀਆਂ ਹਨ। ਨਸਾਂ ਸਾਡੀਆਂ ਹਰਕਤਾਂ ਵਿਚ ਸਹਾਇਕ ਹੁੰਦੀਆਂ ਹਨ ਜਿਵੇਂ ਚਲਣਾ ਫਿਰਨਾ, ਬੈਠਣਾ, ਲੱਤਾਂ ਬਾਹਾਂ ਨੂੰ ਹਿਲਾਉਣਾ ਆਦਿ। ਨਸਾਂ ਸਾਨੂੰ ਸੁੰਘਣ, ਚੱਖਣ, ਸੁਣਨ, ਵੇਖਣ ਅਤੇ ਦਰਦ ਸਮੇਤ ਹਰ ਤਰ੍ਹਾਂ ਦੀ ਹਲਚਲ ਨੂੰ ਅਨੁਭਵ ਕਰਨ ਵਿਚ ਸਹਾਇਤਾ ਕਰਦੀਆਂ ਹਨ। ਦਰਦ ਸਮੇਂ ਪ੍ਰਭਾਵਿਤ ਹਿੱਸੇ ਨੂੰ ਹਿਲਾਉਣ ਚਲਾਉਣ ਵਿੱਚ ਕਠਨਾਈ ਆਉਂਦੀ ਹੈ। ਕਾਇਰੋਪ੍ਰੈਕਟਰ ਸੇਵਾ ਸੰਭਾਲ ਨਸਾਂ ਦੇ ਕੰਮ ਵਿਚ ਸਹਾਇਤਾ ਕਰਦੀ ਹੈ, ਪ੍ਰਭਾਵਿਤ ਭਾਗ ਦੀ ਲਚਕ ਅਤੇ ਗਤੀ ਸ਼ੀਲਤਾ ਬਹਾਲ ਕਰਨ ਵਿਚ ਸਹਾਇਕ ਹੁੰਦੀ ਹੈ ਅਤੇ ਜੋੜਾਂ ਅਤੇ ਰੀੜ ਦੀ ਹੱਡੀ ਦੀ ਹਰਕਤ ਬਹਾਲ ਕਰਦੀ ਹੈ। ਸਰੀਰ ਦੇ ਪ੍ਰਭਾਵਿਤ ਭਾਗ ਦੀ ਮੁੜ ਵਰਤੋਂ ਅਤੇ ਠੀਕ ਹੋਣ ਦੀ ਭਾਵਨਾ ਪੈਦਾ ਕਰਦੀ ਹੈ। ਇਹ ਹੈ ਸਿਹਤ ਮੰਦ ਹੋਣ ਦੀ ਭਾਵਨਾ ਦੀ ਬਹਾਲੀ। ਆਪ ਜੀ ਨਾਲ ਉਪਰੋਕਤ ਵਿਚਾਰ ਸਾਂਝੇ ਕਰਨ ਦੀ ਖੁਸ਼ੀ ਲੈਣ ਲਈ ਧੰਨਵਾਦ। ਵਧੇਰੇ ਜਾਣਕਾਰੀ ਲਈ ਡਾਕਟਰ ਰੋਬਿਨ ਨੂੰ 859-8856 ਤੇ ਫੋਨ ਕਰੋ ਜੀ।

EDITORIAL / ਐਡੀਟੋਰੀਅਲ

ਲੰਬਰ ਸਨਅੱਤ 'ਤੇ ਸੰਕਟ

ਅਮਰੀਕਾ ਦੇ ਵਪਾਰ ਵਿਭਾਗ ਵਲੋਂ ਕੈਨੇਡੀਅਨ ਲੰਬਰ ਉਤੇ 19.3% ਡਿਊਟੀ ਲਾਉਣ ਦੇ ਫੈਸਲੇ ਨਾਲ ਕੈਨੇਡਾ ਭਰ ਖਾਸ ਕਰ ਬ੍ਰਿਟਿਸ਼ ਕੋਲੰਬੀਆ ਵਿਚ ਗੁਸੇ ਅਤੇ ਰੋਅ ਦੀ ਲਹਿਰ ਦੌੜ ਗਈ ਹੈ। ਬੀ.ਸੀ. ਦੀ ਲੰਬਰ ਸਨਅੱਤ ਪਹਿਲਾਂ ਹੀ ਜਾਪਾਨ ਵਿਚਲੀ ਲੰਬਰ ਮਾਰਕਿਟ ਦੇ ਮੰਦੇ ਕਾਰਨ ਮੰਦਵਾੜੇ ਦਾ ਸ਼ਿਕਾਰ ਹੋਈ ਵੀ ਸੀ ਅਤੇ ਹੁਣ ਅਮਰੀਕਨ ਕਾਮਰਸ ਡੀਪਾਰਟਮੈਂਟ ਵਲੋਂ 20% ਦੇ ਲਗਭਗ ਲਾਏ ਦਰਾਮਦੀ ਟੈਕਸ ਨੇ ਇਸ ਨੂੰ ਹੋਰ ਝੰਜੋੜ ਕੇ ਰਖ ਦਿਤਾ ਹੈ। ਹਰ ਕੈਨੇਡੀਅਨ ਨੂੰ ਚਿੰਤਾ ਹੈ ਕਿ ਆਉਣ ਵਾਲੇ ਨੇੜੇ ਭਵਿਖ ਵਿਚ ਕਿੰਨੀਆਂ ਹੀ ਲੰਬਰ ਮਿਲਾਂ ਬੰਦ ਹੋਣ ਜਾ ਰਹੀਆਂ ਹਨ। ਇਕ ਅੰਦਾਜੇ ਮੁਤਾਬਕ 14 ਹਜਾਰ ਤੋਂ 20 ਹਜਾਰ ਤਕ ਵਰਕਰ ਕੰਮ ਤੋਂ ਹਥ ਧੋ ਬੈਠਣਗੇ ਜਦੋਂ ਕਿ ਬੀ.ਸੀ. ਲੰਬਰ ਇੰਡਸਟਰੀ ਵਿਚ 40 ਕੁ ਹਜ਼ਾਰ ਕਾਮੇ ਕੰਮ ਕਰਦੇ ਹਨ। ਅਤੇ ਇਨਾਂ ਵਿਚ ਇਕ ਤਿਹਾਈ ਕਾਮੇ ਈਸਟ ਇੰਡੀਅਨ ਹਨ ਜੋ ਪਿਛਲੇ ਤਿੰਨ ਕੁ ਦਹਾਕਿਆਂ ਤੋਂ ਲੰਬਰ ਇੰਡਸਟਰੀ ਵਿਚ ਕੰਮ ਕਰਦੇ ਆ ਰਹੇ ਹਨ। ਕਿਸੇ ਰਾਜ ਵਿਚ ਏਨੀ ਵਡੀ ਗਿਣਤੀ ਵਿਚ ਕਾਮਿਆਂ ਦਾ ਬੇਰੁਜ਼ਗਾਰ ਹੋ ਜਾਣਾ ਉਸਦੀ ਆਰਥਕਤਾ ਵਿਚ ਖਲਲ ਤਾਂ ਪਾਏਗਾ ਹੀ। ਭਾਂਵੇਂ ਅਨਇੰਪਲਾਇਮੈਂਟ ਮਿਲੇਗਾ ਪਰ ਉਸ ਨਾਲ ਵਰਕਰਾਂ ਦੀਆਂ ਲੋੜਾਂ ਪੂਰੀਆਂ ਨਹੀਂ ਹੋਣ ਲਗੀਆਂ। ਕੈਨੇਡਾ ਅਮਰੀਕਾ ਨੂੰ $10 ਬਿਲੀਅਨ ਡਾਲਰ ਮੁਲ ਦੀ ਲੰਬਰ ਐਕਸਪੋਰਟ (ਬਰਾਮਦ) ਕਰਦਾ ਹੈ ਜਿਸ ਵਿਚੋਂ $5 ਬਿਲੀਅਨ ਦੀ ਇਕੱਲਾ ਬੀ.ਸੀ. ਹੀ ਸਪਲਾਈ ਕਰਦਾ ਹੈ। ਇਸਲਈ ਅਮਰੀਕਾ ਦੇ ਇਸ ਫੈਸਲੇ ਦਾ ਸਭ ਤੋਂ ਜਿਆਦਾ ਅਤੇ ਭੈੜਾ ਪ੍ਰਭਾਵ ਬੀ.ਸੀ. ਦੀ ਲੰਬਰ ਸਨਅੱਤ ਉਤੇ ਪਵੇਗਾ। ਬੀ.ਸੀ. ਕੈਨੇਡਾ ਦੇ ਚਾਰ ਰਾਜਾਂ ਵਿਚੋਂ ਜੋ ਲੰਬਰ ਐਕਸਪੋਰਟ ਕਰਦੇ ਹਨ ਸਭ ਤੋਂ ਵਡਾ ਐਕਸਪੋਰਟਰ ਹੈ ਲੰਬਰ ਦਾ। ਇਸ ਡਿਊਟੀ ਲਾਏ ਜਾਣ ਨਾਲ ਨਾ ਕੇਵਲ ਕਾਮਿਆਂ ਨੂੰ ਮੁਸ਼ਕਲਾਂ ਆਉਣਗੀਆਂ ਸਗੋਂ ਮਿਲ ਮਾਲਕਾਂ ਨੂੰ ਵੀ ਭਾਰੀ ਨੁਕਸਾਨ ਹੋਵੇਗਾ। ਬਹੁਤ ਸਾਰੀਆਂ ਮਿਲਾਂ ਸੋਮਵਾਰ ਤੋਂ ਬੰਦ ਹੋਣ ਜਾ ਰਹੀਆਂ ਹਨ। ਵਰਕਰਾਂ, ਯੂਨੀਅਨਾਂ ਮੁਜਾਹਰੇ ਕਰਨਗੀਆਂ। ਪਹਿਲਾਂ ਹੀ ਕਈ ਮਿਲਾਂ ਜੁਲਾਈ-ਅਗਸਤ ਵਿਚ ਕਈ ਕਈ ਹਫਤੇ ਬੰਦ ਰਖੀਆਂ ਗਈਆਂ ਹਨ। ਘਰੇਲੂ ਲੰਬਰ ਮਾਰਕਿਟ ਵਿਚ ਲੰਬਰ ਮਹਿੰਗੀ ਹੋ ਜਾਏਗੀ। ਘਰਾਂ ਬਨਾਉਣ ਵਾਲੀਆਂ ਕੰਪਨੀਆਂ ਉਤੇ ਵੀ ਅਸਰ ਪਏਗਾ। ਘਰ ਮਹਿੰਗੇ ਹੋ ਜਾਣਗੇ। ਨਾ ਸਿਰਫ ਕੈਨੇਡਾ ਵਿਚ ਸਗੋਂ ਅਮਰੀਕਾ ਵਿਚ ਵੀ ਘਰ ਬਨਾਉਣ ਵਾਲੇ ਮਟੀਰੀਅਲ ਦੀਆਂ ਕੀਮਤਾਂ ਵਿਚ ਤੇਜ਼ੀ ਆਉਣ ਨਾਲ ਘਰਾਂ ਦੀਆਂ ਕੀਮਤਾਂ ਚੜਨ ਗੀਆਂ ਹਜਾਰਾਂ ਡਾਲਰਾਂ ਦੇ ਹਿਸਾਬ ਨਾਲ ਬੀ.ਸੀ. ਦੇ ਜੰਗਲਾਤ ਮੰਤ੍ਰੀ ਮਾਈਕ ਡੀ-ਜਾਂਗ ਨੇ ਅਮਰੀਕਨ ਵਪਾਰ ਵਿਭਾਗ ਦੇ ਡਿਊਟੀ ਲਾਉਣ ਦੇ ਫੈਸਲੇ ਦੀ ਵਿਰੋਧਤਾ ਕਰਦਿਆਂ ਇਸ ਨੂੰ ਮੰਦਭਾਗਾ ਆਖਿਆ ਹੈ ਅਤੇ ਮੰਗ ਕੀਤੀ ਹੈ ਕਿ ਇਸ ਨੂੰ ਤੁਰੰਤ ਵਾਪਸ ਲਿਆ ਜਾਏ।

ਬੀਤੇ ਹਫਤੇ ਕੈਨੇਡਾ ਦੇ ਪਛਮੀ ਰਾਜਾਂ ਅਤੇ ਟੈਰੀਟੋਰੀਆਂ ਦੇ ਪ੍ਰਾਈਮਰਾਂ ਜੋ ਪਛਮੀ ਰਾਜਾਂ ਦੇ ਗਵਰਨਰਾਂ ਦੀ ਸਾਲਾਨਾ ਮੀਟਿੰਗ ਵਿਚ ਭਾਗ ਲੈ ਰਹੇ ਸਨ ਵੀ ਇਸ ਉਤੇ ਗੰਭੀਰ ਚਿੰਤਾ ਪ੍ਰਗਟਾਈ ਹੈ। ਉਨਾਂ ਨੇ ਕੈਨੇਡੀਅਨ ਸਾਫਟ ਵੁਡ ਲੰਬਰ ਦੇ ਉਤੇ ਡਿਊਟੀ ਲਾਉਣ ਦੀ ਅਮਰੀਕਨ ਕਾਰਵਾਈ ਨੂੰ ਮੰਦਭਾਗਾ ਆਖਦਿਆਂ ਇਹ ਵੀ ਕਿਹਾ ਹੈ ਕਿ ਇਹ ਦੋਵਾਂ ਦੇਸ਼ਾਂ ਵਿਚਕਾਰ ਹੋਏ ਨਾਰਥ ਅਮਰੀਕਨ ਫਰੀ ਟਰੇਡ ਐਗਰੀਮੈਂਟ ਦੀ ਸਪਿਰਟ ਦੇ ਨਾਲ ਮੇਲ ਨਹੀਂ ਖਾਂਦਾ ਅਤੇ ਨਾ ਹੀ ਇਹ ਰਾਜਾਂ ਵਿਚ ਸਰਹਦੋਂ ਪਾਰ ਵਪਾਰਕ ਸਬੰਧਾਂ ਨੂੰ ਪਕੇ ਪੀਡੇ ਕਰਦਾ ਹੈ। ਇਹ ਵੀ ਨੋਟ ਕੀਤਾ ਗਿਆ ਕਿ ਪਿਛਲੇ ਦੋ ਟਹਾਕਿਆਂ ਵਿਚ ਅਮਰੀਕਾ ਨੂੰ ਸਪਲਾਈ ਕੀਤੀ ਜਾ ਰਹੀ ਸਾਫਟ ਵੁਡ ਲੰਬਰ ਉਤੇ ਅਜੇਹੀ ਡਿਊਟੀ ਲਾਉਣ ਦੀਆਂ ਤਿੰਨ ਵਾਰ ਪਹਿਲਾਂ ਵੀ ਕੋਸ਼ਿਸ਼ਾਂ ਕੀਤੀਆਂ ਗਈਆਂ ਜੋ ਅਸਫਲ ਹੁੰਦੀਆਂ ਰਹੀਆਂ ਹਨ। ਅਤੇ ਇਹ ਭਰੋਸਾ ਵੀ ਪ੍ਰਗਟਾਇਆ ਗਿਆ ਕਿ ਪਹਿਲਾਂ ਵਾਂਗ ਅਸਫਲ ਹੋਈਆਂ ਕੋਸ਼ਿਸ਼ਾਂ ਇਸ ਵਾਰ ਵੀ ਅਸਫਲ ਹੋਏਗੀ ਜਲਦੀ ਹੀ ਨਵੀਂ ਲਾਈ ਗਈ ਡਿਊਟੀ ਵੀ ਹਟਾ ਲਈ ਜਾਏਗੀ।

ਪਰ ਇਹ ਏਨਾ ਆਸਾਨ ਕੰਮ ਨਹੀਂ ਲਗਦਾ। ਰਾਜਾਂ ਦੇ ਮੁਖ ਮੰਤ੍ਰੀਆਂ ਨੂੰ ਸਰਗਰਮੀ ਨਾਲ ਪ੍ਰਧਾਨ ਮੰਤ੍ਰੀ ਜਾਹਨ ਕਰੀਚੀਅਨ ਨੂੰ ਅਪੀਲ ਕਰਨੀ ਚਾਹੀਦੀ ਹੈ ਕਿ ਉਹ ਇਸ ਮਸਲੇ ਨੂੰ ਜਿਸ ਨਾਲ ਸਾਫਟ ਵੁਡ ਲੰਬਰ ਸਨਅੱਤ ਉਤੇ ਸੰਕਟ ਦੇ ਬਦਲ ਮੰਡਲਾਉਣ ਲਗ ਪਏ ਹਨ ਹਲ ਕਰਨ ਲਈ ਅਮਰੀਕੀ ਪ੍ਰਧਾਨ ਬੁਸ਼ ਨਾਲ ਗਲ ਕਰਨ। ਕੈਨੇਡਾ ਭਰ ਵਿਚ ਇਸ ਬਾਰੇ ਵਿਚਾਰਾਂ-ਬਹਿਸਾਂ ਚਲ ਪਈਆਂ ਹਨ। ਵੈਸਟਰਨ ਗਵਰਨਰਾਂ ਦੀ ਐਸੋਸੀਏਸ਼ਨ ਦੀ ਮੀਟਿੰਗ ਨੇ ਪਹਿਲ ਕਦਮੀ ਨਾਲ ਇਸ ਮਸਲੇ ਨੂੰ ਉਠਾਇਆ ਹੈ ਅਤੇ ਉਨਾਂ ਆਸ ਪ੍ਰਗਟਾਈ ਹੈ ਕਿ ਰਾਜਾਂ ਦੇ ਮੁਖ ਮੰਤ੍ਰੀਆਂ ਅਤੇ ਫੈਡਰਲ ਸਰਕਾਰ ਦੇ ਨੇਤਾਵਾਂ ਦੀ ਸਹਾਇਤਾ ਨਾਲ ਅਮਰੀਕਾ ਨਾਲ ਇਹ ਮਸਲਾ ਛੇਤੀ ਹੀ ਹਲ ਕਰ ਲਿਆ ਜਾਏਗਾ ਜਿੰਨੀ ਜਲਦੀ ਹੋ ਸਕਿਆ ਡਿਊਟੀ ਹਟਾ ਲਈ ਜਾਏਗੀ। ਉਨਾਂ ਹੋਰ ਵੀ ਕਿਹਾ ਹੈ ਕਿ ਉਹ ਪ੍ਰਧਾਨ ਮੰਤ੍ਰੀ ਅਤੇ ਰਾਜਾਂ ਦੇ ਨੇਤਾਵਾਂ ਨਾਲ ਅਮਰੀਕਨ ਵਿਭਾਗ ਵਲੋਂ ਡਿਊਟੀ ਲਾਉਣ ਦੇ ਲਏ ਗਏ ਫੈਸਲੇ ਵਿਚਲੀਆਂ ਘਾਟਾਂ ਦਾ ਰਿਵਿਊ ਕਰਕੇ ਇਸਦਾ ਮਜ਼ਬੂਤੀ ਨਾਲ ਢੁਕਵਾਂ ਵਿਰੋਧ ਕਰਨਗੇ ਤਾਂਕਿ ਲੰਬਰ ਸਨਅੱਤ ਨੂੰ ਤਬਾਹੀ ਤੋਂ ਬਚਾਇਆ ਜਾ ਸਕੇ।

ਜਾਗੀਰ ਸਿੰਘ 'ਗਿਲ'

ਪ੍ਰੀਮੀਅਰ ਦੇ ਦਫਤਰ ਦਾ ਬਜਟ 7 ਗੁਣਾ ਵਧਿਆ

ਜਦੋਂ ਜੂਨ ਵਿਚ ਪ੍ਰੀਮੀਅਰ ਗੋਰਡਨ ਕੈਂਪਬੈਲ ਨੇ ਆਹੁਦੇ ਦੀ ਸੁੰਹ ਚੁਕੀ ਸੀ ਤਾਂ ਉਸਦੇ ਦਫਤਰ ਵਿਚ 40 ਕੁਲਵਕਤੀ ਸਟਾਫ ਮੈਂਬਰ ਸਨ ਅਤੇ $3 ਮਿਲੀਅਨ ਦਾ ਬਜਟ ਖਰਚਾ। ਪਿਛਲੇ ਹਫਤੇ ਖਜ਼ਾਨਾ ਮੰਤ੍ਰੀ ਨੇ ਬਜਟ ਰੀਵਾਈਜ਼ ਕੀਤਾ ਤਾਂ 198 ਮੁਲਾਜ਼ਮ ਪਹਿਲਾਂ ਨਾਲੋਂ ਪੰਜ ਗੁਣਾ ਵਧ ਅਤੇ ਬਜਟ ਖਰਚਾ $21 ਮਿਲੀਅਨ ਯਾਨੀ ਕਿ ਸਤ ਗੁਣਾ। ਦਫਤਰ ਦੇ ਹਰ ਖੇਤਰ ਵਿਚ ਖਰਚਾ ਵਧ ਗਿਆ। ਦਫਤਰੀ ਖਰਚਾ $79,000 ਤੋਂ ਵਧ ਕੇ 1.4 ਮਿਲੀਅਨ ਡਾਲਰ ਹੋ ਗਿਆ। ਸਫਰ ਖਰਚ $27,000 ਤੋਂ ਵਧਕੇ $350,000 ਤਕ ਪੁਜ ਗਿਆ, ਪਹਿਲੇ ਮੁਖ ਮੰਤ੍ਰੀ ਦਾਨਵੇਂ ਦਫਤਰ ਦੇ ਫਰਨੀਚਰ ਲਈ $10,000 ਖਰਚਾ ਸੀ ਜਦੋਂ ਕਿ ਨਵੇਂ ਮੁਖ ਮੰਤ੍ਰੀ ਦਾ $48,000 ਹੈ। ਕੈਂਪਬੈਲ ਨੇ ਬਾਹਰੀ ਸਲਾਹਕਾਰ ਹਾਇਰ ਕਰਨ ਲਈ $3.5 ਮਿਲੀਅਨ ਖਰਚੇ ਜਦੋਂ ਕਿ ਉਜਲ ਦੁਸਾਂਝ ਨੇ ਏਸੇ ਮਦ ਉਤੇ ਕੇਵਲ $56,000 ਖਰਚ ਕੀਤੇ।

ਕੰਪਿਊਟਰਾਂ ਉਤੇ $1/2 ਮਿਲੀਅਨ ਅਤੇ ਇਸ਼ਤਿਹਾਰ ਬਾਜੀ ਉਤੇ 1.07,00 ਮਿਲੀਅਨ ਡਾਲਰ ਖਰਚ ਹੋਏਗਾ ਜਦੋਂ ਕਿ ਇਹ ਆਈਟਮਾਂ ਪਹਿਲੀ ਸਰਕਾਰ ਵੇਲੇ ਨਹੀਂ ਸਨ।

ਪ੍ਰਾਈਮੀਅਰ ਦੇ ਸਟਾਫ ਦੀਆਂ ਤਨਖਾਵਾਂ ਅਤੇ ਸਹੂਲਤਾਂ ਉਤੇ $13.6 ਮਿਲੀਅਨ ਡਾਲਰ ਦਾ ਖਰਚਾ ਹੈ ਜਦੋਂ ਕਿ ਐਨ.ਡੀ.ਪੀ. ਸਰਕਾਰ ਦੇ ਪ੍ਰਾਈਮੀਅਰ ਦੇ ਸਟਾਫ ਦੀਆਂ ਤਨਖਾਵਾਂ ਦਾ ਖਰਚਾ ਕੇਵਲ $2.5 ਮਿਲੀਅਨ ਡਾਲਰ ਸੀ।

ਦੁਸਾਂਝ ਵਜਾਰਤ ਵਿਚ ਕੁਲ 18 ਮੈਂਬਰ ਸਨ ਜਦੋਂ ਕਿ ਕੈਂਪਬੈਲ ਵਜਾਰਤ ਵਿਚ 28 ਮੈਂਬਰ ਹਨ।



Call: Charanjeet Singh
at: 854-5069
pager: 504-8023
2551 Emerson Street
Abbotsford, B.C.
V2T 3J5 Canada

Mortgage Sale On Now!



Residential & Commercial Mortgages
Lender and/or broker fee may apply.

- Efficient Service
- Cash Back
- Best Rate Discounts
- Eight Years Banking Experience
- Choose from Over 38 Banks, Credit Unions and Lenders

Up to 1.25% Off the posted mortgage rates
Please ask for details

NMS
NATIONAL MORTGAGE SERVICES
National Mortgage Services
604-855-2080
Rain or Shine, I'm "on Call"

ਸ਼ਾਬਾਸ਼ - ਜੋਏ ਮੈਕਫੈਲ

ਲਿਬਰਲ ਪਾਰਟੀ ਨੇ ਫੈਸਲਾ ਕੀਤਾ ਹੈ ਕਿ ਕਾਕਸ ਕਮੇਟੀ ਦੇ 6 ਮੈਂਬਰਾਂ ਨੂੰ $6000 ਪ੍ਰਤੀ ਮੈਂਬਰ ਖਰਚ ਦਿਤਾ ਜਾਵੇਗਾ। ਵਿਧਾਨ ਕਾਰਾਂ ਦੇ ਬਜਟ ਵਿਚ $36,000 ਦਾ ਹੋਰ ਵਾਧਾ ਕੀਤਾ ਜਾਣਾ। ਜਦੋਂ ਵਿਰੋਧੀ ਧਿਰ ਦੀ ਮੈਂਬਰ ਜੋਏ ਮੈਕਿਫਿਲ ਦੇ ਮੈਨੇਜਮੈਂਟ ਸਰਵਿਸਜ਼ ਦੀ ਮੰਤ੍ਰੀ ਸੈਂਡੀ ਸੰਤੋਰੀ ਨੂੰ ਪੁਛਿਆ ਕਿ ਪਹਿਲਾਂ ਤਾਂ ਕਦੇ ਅਜੇਹਾ ਨਹੀਂ ਹੋਇਆ। ਕੀ ਲਿਬਰਲ ਸਰਕਾਰ ਆਪਣੇ ਮੈਂਬਰਾਂ ਨੂੰ ਸਰਕਾਰੀ ਖਰਚ ਉਤੇ ਪਾਲਣ ਦੀ ਕੋਸ਼ਿਸ਼ ਕਰ ਰਹੀ ਹੈ ਤਾਂ ਉਸਨੇ ਮੰਨਿਆ ਕਿ ਲਿਬਰਲ ਪਾਰਟੀ ਦੇ ਚੋਣ ਮੈਨੀਫੈਸਟੋ ਵਿਚ ਤਾਂ ਇਸਦੀ ਵਿਆਖਿਆ ਨਹੀਂ ਕੀਤੀ ਗਈ ਕਿ ਇਹ $36,000 ਡਾਲਰ ਲੈਜਿਸਲੇਚਰ ਫੰਡ ਵਿਚੋਂ ਕਿਉਂ ਦਿਤਾ ਜਾ ਰਿਹਾ ਹੈ ਕਾਕਸ ਕਮੇਟੀ ਦੇ ਮੈਂਬਰਾਂ ਨੂੰ ਜਦੋਂ ਕਿ ਕਾਕਸ ਦਾ ਆਪਣਾ ਬਜਟ ਹੀ $4.3 ਮਿਲੀਅਨ ਦਾ ਹੈ। ਇਸ ਲਈ ਮੈਂ ਮੁਆਫੀ ਚਾਹੁੰਦੀ ਹਾਂ।

ਇਸ ਤੇ ਖਜ਼ਾਨਾ ਮੰਤ੍ਰੀ ਗੈਰੀ ਕੋਲੀਨਜ਼ ਨੂੰ ਦਖਲ ਦੇਕੇ ਸੈਂਡੀ ਦਾ ਖਹਿੜਾ ਛੁਡਾਉਣਾ ਪਿਆ ਮੈਕਫਿਲ ਤੋਂ। ਫੇਰ ਵਾਰੀ ਆ ਗਈ ਨਵੇਂ ਰੈਵੀਨਿਓ ਮੰਤ੍ਰੀ ਬਿਲ ਬਾਰੀ ਸੋਫ ਦੀ ਤਾਂ ਜੋਏ ਮੈਕਫੈਲ ਨੇ ਪੁਛਿਆ ਕਿ ਜਦੋਂ ਖਜ਼ਾਨਾ ਮੰਤ੍ਰੀ ਹੀ ਹੈ ਤਾਂ ਇਸਦੇ ਨਾਲ ਰੈਵੀਨਿਉ ਮੰਤ੍ਰੀ ਪਹਿਲਾਂ ਨਹੀਂ ਹੁੰਦਾ ਸੀ ਇਹ ਬੀ.ਸੀ. ਦੇ ਇਤਹਾਸ ਵਿਚ ਨਹੀਂ ਸੀ। ਤੇ ਮੈਕਫੈਲ ਨੇ ਮੰਤ੍ਰੀ ਨੂੰ ਪੁਛਿਆ ਕਿ ਉਹ ਕਿਹੜੀ ਨੀਤੀ ਉਤੇ ਚਲ ਰਿਹਾ ਹੈ ਅਤੇ ਸਰਕਾਰ ਦਾ ਰੈਵੀਨਿਉ ਬਾਰੇ ਕਿਸ ਅਧਾਰ ਉਤੇ ਅਗਾਓਂ ਅੰਦਾਜ਼ਾ ਲਾਏਗੀ ਅਤੇ ਲਿਬਰਲ ਸਰਕਾਰ ਕਿਵੇਂ ਆਸਵੰਦ ਹੈ ਕਿ 3.8 ਪ੍ਰਤੀਸ਼ਿਤ ਆਰਥਕਤਾ ਵਿਚ ਵਾਧਾ ਹੋਏਗਾ ਅਗਲੇ ਸਾਲ।

ਬਾਰੀ ਸੋਫਕੋਲ ਇਨਾਂ ਸਵਾਲਾਂ ਦਾ ਉਤਰ ਨਹੀਂ ਸੀ। ਉਸਨੇ ਕਿਹਾ ਮੈਂ ਨੀਤੀ ਨਹੀਂ ਬਣਾਉਂਦਾ। ਮੈਂ ਭਵਿਖ ਬਾਣੀ ਨਹੀਂ ਕਰਦਾ। ਮੈਂ ਤਾਂ ਕੇਵਲ ਰੈਵੀਨਿਊ ਇਕੱਠਾ ਕਰਨਾ ਹੈ। ਏਨੇ ਨੂੰ ਫੇਰ ਖਜ਼ਾਨਾ ਮੰਤ੍ਰੀ ਉਸਦੀ ਸਹਾਇਤਾ ਲਈ ਆਇਆ। ਇਕੱਲੀ ਵਿਰੋਧੀ ਨੇਤਾ ਨੇ ਕੈਬੀਨਿਟ ਦੇ ਦੋ ਮੰਤ੍ਰੀਆਂ ਨੂੰ ਲਾਜਵਾਬ ਕਰ ਦਿਤਾ। ਜਦੋਂ ਕਿ ਉਸਦੀ ਦੂਜੀ ਸਾਥਣ ਮੈਂਬਰ ਜੈਨੀ ਕਵਾਨ ਹਨੀਮੂਨ ਮਨਾਉਣ ਗਈ ਹੋਈ ਸੀ। ਭਾਵੇਂ ਘਟਗਿਣਤੀ ਹੋਣ ਕਰਕੇ ਵਿਰੋਧੀ ਧਿਰ ਦੇ ਕਹੇ ਸੁਣੇ ਦਾ ਰੂਲਿੰਗ ਧਿਰ ਧਿਆਨ ਨਹੀਂ ਦੇ ਰਹੀ ਆਪਣੀ ਬਹੁਗਿਣਤੀ ਦੇ ਬਲਬੋਤੇ ਪਰ ਜੋ ਪ੍ਰਭਾਵ ਵਿਰੋਧੀ ਮੈਂਬਰ ਦੇ ਰਹੇ ਹਨ ਅਤੇ ਜਿਹੜੇ ਮੁਦੇ ਉਠਾ ਰਹੇ ਹਨ ਜੰਤਾ ਦਾ ਧਿਆਨ ਜਰੂਰ ਖਿਚਣਗੇ। ਜੋਏ ਵਿਰੋਧੀ ਧਿਰ ਦਾ ਰੋਲ ਸ਼ਾਨਦਾਰ ਤਰੀਕੇ ਨਾਲ ਨਿਭਾ ਰਹੀ ਹੈ।

ਜਥੇਦਾਰ ਟੋਹੜਾ 2 ਸਤੰਬਰ ਨੂੰ ਐਬਟਸਫੋਰਡ ਦੇ ਨਗਰ ਕੀਰਤਨ ਵਿਚ ਸ਼ਾਮਲ ਹੋਣਗੇ

ਗੁਰੂਦੁਆਰਾ ਕਲਗੀਧਰ ਐਬਟਸਫੋਰਡ ਵਲੋਂ 2 ਸਤੰਬਰ 2001 ਨੂੰ ਨਗਰਕੀਰਤਨ ਹੋ ਰਿਹਾ ਹੈ। ਜਿਸ ਵਿਚ ਸ਼ਾਮਲ ਹੋਣ ਲਈ ਪੰਜਾਬ ਤੋਂ ਉਘੇ ਅਕਾਲੀ ਆਗੂ ਅਤੇ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਸਾਬਕਾ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੋਹੜਾ ਅਤੇ ਸੰਤ ਸੁਚਾ ਸਿੰਘ ਜਵੱਧੀ ਕਲਾਂ ਵਾਲੇ ਆ ਰਹੇ ਹਨ।

ਹਿੰਦੂ ਸਿਖ ਇਕੱਠੇ ਨਹੀਂ ਰਹਿਣ ਦੇਣੇ, ਆਖਣ; ਅਸੀਂ ਚਾਹੁੰਦੇ ਹੋਣਾ ਵਖ ਮੀਆਂ। ਇਕ ਦੇਸ਼ ਤੋਂ ਗੋਰਿਆਂ ਤਿੰਨ ਕੀਤੇ, ਮਜ਼ਾ ਨਵੀਂ ਤਕਸੀਮ ਦਾ ਚੱਖ ਮੀਆਂ।

ਜੰਗਨਾਮਾ ਪੰਜਾਬ

ਹਰਭਜਨ 'ਹੁੰਦਲ'

ਗਿਆ ਨਾਨਕੇ ਪੁੱਛਿਆ ਮਾਮਿਆਂ ਨੂੰ,
ਕੋਈ ਸਮੇਂ ਦਾ ਹਾਲ ਸੁਣਾਓ ਮੀਆਂ।
ਕਹਿਣ ਦੁਖੀ ਹੋ, "ਇਹਨਾਂ ਬਲਾਈਂ ਕੋਲੋਂ,
ਬਹੁੜੀ ਆਣ ਕੇ ਜਾਨ ਛਡਾਓ ਮੀਆਂ।
ਮਰਦਾ ਇਕ-ਅੱਧਾ, ਉਹ ਵੀ ਚਰਾਂ ਪਿੱਛੋਂ,
ਸਾਨੂੰ ਦਸਿਓ ਕੋਈ ਉਪਾਓ ਮੀਆਂ।"
ਸ਼ਾਹ ਮੁਹੰਮਦਾ ਆਖਿਆ ਮਾਮਿਆਂ ਨੇ,
ਸਾਡੀ ਬੰਦ-ਖਲਾਸ ਕਰਾਓ ਮੀਆਂ।

ਜਥੇਦਾਰ ਜਗੀਰ ਸਿੰਘ ਕੌਲ-ਸੇੜ੍ਹੀ,
ਅੱਧੀ ਸਦੀ ਕੁਰਬਾਨੀਆਂ ਕਰਨ ਵਾਲਾ।
ਲੜੇ ਸਦਾ ਨਿਤਾਣਿਆਂ ਵੱਲ ਹੋ ਕੇ,
ਦੁੱਖ ਦੂਸਰੇ ਦੇ, ਖੁਦ ਜਰਨ ਵਾਲਾ।
ਪੂੰਝੇ ਅੱਥਰੂ, ਬੈਠ ਦੁਖਿਆਰਿਆਂ ਦੇ,
ਬੋਲ ਤਲੀ ਤੇ ਨਿੱਘ ਦੇ ਧਰਨ ਵਾਲਾ।
ਬੜਾ ਰੜਕਦਾ, 'ਕੌਮ ਦੇ ਰਾਖਿਆਂ' ਨੂੰ,
ਖਰੀ ਗੱਲ ਸੀ ਪਰ੍ਹੇ ਦੀ ਕਰਨ ਵਾਲਾ।

ਅੱਧੀ ਰਾਤ ਤੁਰਿਆ ਟੋਲਾ ਕਾਤਲਾਂ ਦਾ,
ਵਾਜਾਂ ਆਣ ਕੇ ਬੂਹੇ ਤੇ ਮਾਰੀਆਂ ਈਂ।
ਜਥੇਦਾਰ ਨੇ ਪੁੱਛਿਆ, 'ਕੰਮ ਦੱਸ',
ਨੀਤਾਂ ਮਾੜੀਆਂ ਕਾਤਲਾਂ ਧਾਰੀਆਂ ਈਂ।
'ਕਹਿਣ, ਬਾਹਰ ਚੱਲੋ ਸਾਡੇ ਨਾਲ ਘਰ ਤੋਂ,
ਨਹੀਂ ਆਉਣ ਮੁਸੀਬਤਾਂ ਭਾਰੀਆਂ ਈਂ।'
ਜਥੇਦਾਰ ਨੇ ਕਿਹਾ, 'ਨਹੀਂ ਕਿਤੇ ਜਾਣਾ',
ਕੰਧਾਂ ਟੱਪ ਕੇ ਗੋਲੀਆਂ ਮਾਰੀਆਂ ਈਂ।

ਅੱਧੀ ਰਾਤ ਗੁਰੀਲਿਆਂ ਕੂਚ ਕੀਤਾ,
ਘਰ ਇਕ ਕਿਰਸਾਨ ਦੇ ਵੜੇ ਮੀਆਂ।
ਉਠੋ ਕਰੋ ਤਿਆਰ ਪ੍ਰਸ਼ਾਦ-ਪਾਣੀ,
ਹੁਕਮ, ਸੱਪ ਉਡਣਾ ਜਿਵੇਂ ਲੜੇ ਮੀਆਂ।
ਰੱਜ ਖਾਧੀਆਂ ਰੋਟੀਆਂ, ਦੁੱਧ ਪੀਤਾ,
ਪਿਓ ਪੁੱਤ ਦੋਵੇਂ ਬੰਨੇ, ਫੜੇ ਮੀਆਂ।
ਦੋਸ਼ ਦੱਸਿਆ ਨਹੀਂ ਤੇ ਮਾਰ ਸੁੱਟੇ,
ਬਾਹਰ ਪਿੰਡ 'ਤੋਂ ਕੱਢ ਕੇ ਖੜੇ ਮੀਆਂ।

ਬਾਬੇ ਅਟਕਦੇ ਆਣ ਕੇ ਡੇਰਿਆਂ 'ਤੇ,
ਬੰਬੀ ਛੱਡ ਕੇ ਕਰਨ ਇਸ਼ਨਾਨ ਮੀਆਂ।
ਦੂਰ ਤੀਕ ਹੈ ਪੁਲਸ ਤੇ ਅੱਖ ਰਹਿੰਦੀ,
ਬਹਿੰਦੇ ਉਠਦੇ ਰਹੇ ਧਿਆਨ ਮੀਆਂ।
ਡੇਰਾ ਛੱਡ ਕਿਰਸਾਨ ਨੇ ਸ਼ੁਕਰ ਕੀਤਾ,
ਇਕ ਦਿਨ ਬਣੇਗਾ ਜੰਗ-ਮੈਦਾਨ ਮੀਆ।
ਸ਼ਾਹ ਮੁਹੰਮਦਾ ਸੱਦਿਆ ਫੇਰ ਉਹ ਨੂੰ,
ਡਰਦਾ ਲੱਭਦਾ ਨਹੀਂ ਕਿਰਸਾਨ ਮੀਆਂ।
"ਹਿੰਦੂ ਸਿੱਖ ਇਕੱਠੇ ਨਹੀਂ ਰਹਿਣ ਦੇਣੇ,
ਆਖਣ; ਅਸੀਂ ਚਾਹੁੰਦੇ ਹੋਣਾ ਵੱਖ ਮੀਆਂ।
ਇੱਕ ਦੇਸ਼ ਤੋਂ ਗੋਰਿਆਂ ਤਿੰਨ ਕੀਤੇ,
ਉੱਡੇ ਝੁੱਗੀਆਂ ਦੇ ਵੇਖੇ ਕੱਖ ਮੀਆਂ।
ਅਜੇ ਤੀਕ ਵੀ ਰੌਣਕਾਂ ਪਰਤੀਆਂ ਨਾ,
ਚਿਹਰੇ ਨਹੀਂ ਦਿੰਦੇ ਸੁਹਣੀ ਦੱਖ ਮੀਆਂ।
ਸ਼ਾਹ ਮੁਹੰਮਦਾ, ਰੁਲਣਗੇ ਫੇਰ ਮੁਰਦੇ,
ਮਜ਼ਾ ਨਵੀਂ ਤਕਸੀਮ ਦਾ ਚੱਖ ਮੀਆਂ।

ਚਾਚੇ ਹੋਰਾਂ ਨੂੰ ਆਖਿਆ ਬਹੁਤ ਵਾਰੀ,
ਲੁੱਟਾਂ ਲੁੱਟਦੇ ਕਦੇ ਨਾ ਯਾਰ ਹੁੰਦੇ।
ਲਹਿਰਾਂ ਉਠਦੀਆਂ, ਢਹਿੰਦੀਆਂ ਕਈ ਵਾਰੀ,
ਗੱਲ ਆਖਰੀ ਨਹੀਂ ਹਥਿਆਰ ਹੁੰਦੇ।
ਕੱਲਾ ਸੂਰਮਾ ਨਹੀਂ ਬਲਵਾਨ ਹੁੰਦਾ,
ਕੱਖਾਂ ਨਾਲ ਦਰਿਆ ਨਹੀਂ ਪਾਰ ਹੁੰਦੇ।
ਸ਼ਾਹ ਮੁਹੰਮਦਾ ਅੰਤ ਨੂੰ ਵੇਖ ਲੈਣਾ,
ਸਾਡੇ ਕਹੇ ਜੇ ਨਹੀਂ ਇਤਬਾਰ ਹੁੰਦੇ।

ਚਾਚੇ ਆਖਿਆ, "ਤੁਸੀਂ ਨਾ ਜਾਣਦੇ ਹੋ,
ਵੇਲੇ ਆਏ ਨੇ ਅੱਜ ਕੁਰਬਾਨੀਆਂ ਦੇ।
ਇਹ ਤੇ ਜੰਗ ਹੈ ਮਰਨ ਮਰਾਉਣ ਵਾਲੀ,
ਹੁੰਦੇ ਕੰਮ ਇਹ ਨਹੀਂ ਜ਼ਨਾਨੀਆਂ ਦੇ।
ਸਾਡੇ ਦੁੱਖ ਅਮਰੀਕਾ ਹੀ ਜਾਣਦਾ ਹੈ,
ਅਸੀਂ ਲੱਗਦੇ ਕੀ ਹਿੰਦੁਸਤਾਨੀਆਂ ਦੇ।
ਸ਼ਾਹ ਮੁਹੰਮਦਾ, ਗੁਰਾਂ ਦੀ ਥਾਪਣਾ ਹੈ,
ਪੁੱਤ ਲਾਡਲੇ ਧਰਮ ਦੇ ਬਾਨੀਆਂ ਦੇ।"

ਚਾਰ ਲੱਖ ਦੀ ਸੰਗਤੇ ਕਰੋ ਸੇਵਾ,
ਟੈਲੀਫੂਨ ਵਿਚੋਲੇ ਖੜਕਾਂਵਦੇ ਜੀ।
ਚਾਚੇ ਹੋਰਾਂ ਨੂੰ ਸੁਝਦੀ ਨਹੀਂ ਕੋਈ,
ਸੁਪਨੇ ਰਾਤ ਨੂੰ ਚੰਦਰੇ ਆਂਵਦੇ ਜੀ।
'ਸਾਡੀ ਸੇਵਾ ਦਾ ਮੁੱਲ ਨਾ ਕੋਈ ਪਾਇਆ,'
ਬੈਠੇ ਸੁੱਤਿਆਂ ਖੂਨ ਸੁਕਾਂਵਦੇ ਜੀ।
ਸ਼ਾਹ ਮੁਹੰਮਦਾ ਅੰਤ ਨੂੰ ਭਰਮ ਟੁੱਟਾ,
ਚਾਚੇ ਹੋਰੀਂ ਵੀ ਗਾਰਦਾਂ ਲਾਂਵਦੇ ਜੀ।

ਐਸਾ ਚੱਲਿਆ ਦੌਰ ਸੰਤਾਪ ਵਾਲਾ,
ਲੱਗੇ ਕਰਫੀਊ ਤੇ ਸ਼ਹਿਰ ਬੰਦ ਮੀਆਂ।
ਗੋਲੀ ਚੱਲਦੀ, ਸ਼ਾਮ ਤੇ ਸੁਬਾਹ ਰਹਿੰਦੀ,
ਚੱਕੇ ਜਾਮ, ਜੰਗਾਲੇ ਗਏ ਸੰਦ ਮੀਆਂ।
ਛਿੱਟ ਦੁੱਧ ਲਈ ਤਰਸਦੇ ਰਹਿਣ ਬੱਚੇ,
ਦੋਧੀ ਹੋਏ ਨੇ ਈਦ ਦੇ ਚੰਦ ਮੀਆਂ।
ਲੋਕੀਂ ਛੱਡ ਪੰਜਾਬ ਨੂੰ ਜਾਣ ਲੱਗੇ,
ਖੱਟੇ ਕਰਫੀਓ ਨੇ ਕੀਤੇ ਦੰਦ ਮੀਆਂ।
ਰੋਜ਼ ਰੋਜ਼ ਧਮਾਕਿਆਂ ਲਹੂ ਪੀਤਾ,
ਏਸ ਕਰਫੀਊ ਜ਼ਿੰਦਗੀ ਤੰਗ ਕੀਤੀ।
ਲੋਕੀ ਆਪਣੇ ਘਰਾਂ ਦੇ ਬਣੇ ਕੈਦੀ,
ਸੁਪਨੇ ਲੈਣ ਦੀ ਤਾਂਘ ਵੀ ਭੰਗ ਕੀਤੀ।
ਪੈਸੇ ਵਾਲਿਆਂ, ਪਿਆ ਨਾ ਫਰਕ ਬਹੁਤਾ,
ਝੁੱਗੀ, ਝੌਂਪੜੀ ਵੱਸਦੀ ਨੰਗ ਕੀਤੀ।
ਸ਼ਾਹ ਮੁਹੰਮਦਾ ਅੱਕ ਕੇ ਸ਼ਹਿਰੀਆਂ ਨੇ,
ਜੀਊਂਦੇ ਰਹਿਣ ਦੀ ਸੰਗਤੇ, ਮੰਗ ਕੀਤੀ।

ਚੱਲੀ ਬੱਸ ਸਵੇਰ ਨੂੰ ਰਾਜਧਾਨੀ,
ਲੋਕੀਂ ਮਸਤ ਹੋਏ ਗੱਪਾਂ ਮਾਰਦੇ ਸੀ।
ਪੌਣ ਰੁਮਕਦੀ, ਨੀਂਦ ਦੇ ਆਉਣ ਝੂਟੇ,
ਵਰਕੇ ਖੜਕਦੇ ਨਵੀਂ ਅਖ਼ਬਾਰ ਦੇ ਸੀ।
ਰੋਕੀ ਬੱਸ ਉਜਾੜ ਦੇ ਵਿਚ ਉਹਨਾਂ,
ਹਿੰਦੂ ਕੱਢ ਇਕਵੱਲੇ ਖਲ੍ਹਾਰਦੇ ਸੀ।
ਸ਼ਾਹ ਮੁਹੰਮਦਾ ਜਿਨ੍ਹਾਂ ਨੇ ਕਹਿਰ ਕੀਤਾ,
ਕਹਿਣ; "ਸਿੰਘ ਸੱਚੀ ਸਰਕਾਰ ਦੇ ਸੀ।"

ਬੂਹਾ ਖੜਕਦਾ ਕਦੇ ਜੇ ਰਾਤ ਅੱਧੀ,
ਪਤਨੀ ਉਠ ਕੇ ਦਰਾਂ ਨੂੰ ਖੋਲ੍ਹਦੀ ਹੈ।
ਕਹੇ ਮਰਦ ਨੂੰ, 'ਗੱਲ ਮੈਂ ਆਪ ਕਰਸਾਂ',
ਤੀਵੀਂ ਕਾਤਲਾਂ ਦੇ ਨਾਲ ਬੋਲਦੀ ਹੈ।
ਖਤਰੇ ਜਾਨ ਘਰਵਾਲੀ ਨੇ ਪਾਈ ਹੋਈ,
ਬੋਲ, ਸੈਨਤਾਂ, ਹਰਕਤਾਂ ਤੋਲਦੀ ਹੈ।
ਸ਼ਾਹ ਮੁਹੰਮਦਾ ਜ਼ਿੰਦਗੀ ਵਾਂਗ ਪੋਥੀ,
ਮੌਤ ਆਣ ਚੋਰੀ ਵਰਕੇ ਫੋਲਦੀ ਹੈ।

ਇਕ ਵਾਰ ਮੈਂ ਪੁੱਛਿਆ, "ਖਾਲਸਾ ਜੀ,
ਬੰਦੇ ਰੋਜ਼ ਕਿੰਨੇ ਕੁ ਮਾਰਦੇ ਓ?
ਕਿਵੇਂ ਦੋਸ਼ੀ, ਨਿਰਦੋਸ਼ ਦਾ ਪਤਾ ਚੱਲੇ,
ਪਾਣੀ ਦੁੱਧ ਤੋਂ ਕਿਵੇਂ ਨਿਤਾਰਦੇ ਓ?
ਮਾਰ ਮਾਰ ਕੇ ਰੋਜ਼ ਨਿਰਦੋਸ਼ੀਆਂ ਨੂੰ,
ਕਿਹੜੀ ਕੌਮ ਦਾ ਕਰਜ਼ ਉਤਾਰਦੇ ਓ?

Continued on Page 10

GLADWIN OPTICAL INC.
Eye Glasses • Contact Lens • Sunglasses



Ph: 864-8803
#103-2955 Gladwin Rd.
Abbotsford, BC V2S 6W8


Bhupinder Oberoi
"Optician & Certified Contact Lens Fitter"

We Now Offer
FREE Sight Test!
ਜਰੂਰੀ ਸੂਚਨਾ:- ਹੁਣ ਅਸੀਂ ਤੁਹਾਡੀ ਸਹੂਲਤ ਨੂੰ ਮੁੱਖ ਰਖਦੇ ਹੋਏ ਨਜ਼ਰ ਮੁਫਤ ਚੈਕ ਕਰਦੇ ਹਾਂ ਜੀ।
ਹੋਰ ਜਾਣਕਾਰੀ ਲਈ ਫੋਨ ਕਰੋ 864-8803

ਬਚਿਆਂ ਦਾ ਭਵਿੱਖ- ਤੁਹਾਡੇ ਹਥ ਵਿਚ ਹੈ
ਗੋਰਮਿਟ ਗ੍ਰਾਂਟ $400/year ਲਵੋ!!


ਅਜੀਤ ਅਨੰਦ

* ਆਪਣੇ ਬੱਚੇ ਲਈ ਹੈਰੀਟੇਜ ਸਕਾਲਰਸ਼ਿਪ ਪਲਾਨ (H.S.T.P) ਵਿੱਚ $2000 ਸਲਾਨਾ ਜਾਂ $166.66 ਪ੍ਰਤਿ ਮਹੀਨਾ ਰੱਖੋ ਅਤੇ $400.00 ਸਲਾਨਾ ਗੋਰਮਿੰਟ ਗ੍ਰਾਂਟ ਲਵੋ।
* 17 ਸਾਲਾਂ ਵਿਚ - ਤੁਹਾਡੀ ਜਮਾ ਕੀਤੀ ਰਕਮ $39,000 ਲਗ ਭਗ $65,000 $70,000 ਤਕ ਸਕਾਲਸ਼ਿਪ ਲੈ ਸਕਦੇ ਅਤੇ $7,200 ਗੋਰਮਿੰਟ ਗਰਾਂਟ ਤੇ ਲਗ ਭਗ $9,000 ਚਿਆਜ ਲੈ ਸਕਦੇ ਹੋ।
* ਜੇ ਬੱਚਾ ਉੱਚ ਵਿੱਦਿਆ ਲਈ ਨਾ ਵੀ ਜਾਵੇ ਤਾਂ ਆਪਣੀ ਜਮ੍ਹਾਂ ਹੋਈ ਰਕਮ, ਮਾਤਾ ਪਿਤਾ ਗੁੰਜਾਇਸ਼ ਅਨੁਸਾਰ ਆਪਣੀ ਆਰ.ਆਰ. ਐਸ.ਪੀ (R.R.S.P)ਵਿਚ ਬਦਲ ਸਕਦੇ ਹਨ।
* ਹੈਰੀਟੇਜ ਸਕਾਲਰਸ਼ਿਪ ਪਲਾਨ, ਲਾਭ ਰਹਿਤ ਸੰਸਥਾ ਹੈ (Non Profit Foundation) ਅਤੇ ਅੰਤਰ ਰਾਸ਼ਟਰੀ ਪੱਧਰ ਤੇ ਕੰਮ ਕਰਦੀ ਹੈ।
* ਤੁਸੀਂ ਪਲਾਨ ਇੱਕ ਸਾਲ ਤੋਂ ਘੱਟ ਉਮਰ ਦੇ ਬੱਚੇ ਲਈ ਘੱਟੋ ਘੱਟ $9.00 ਪ੍ਰਤਿ ਮਹੀਨਾ ਨਾਲ ਸ਼ੁਰੂ ਕਰ ਸਕਦੇ ਹੋ।

H.S.T.P ਅਤੇ R.E.S.P ਬਾਰੇ ਹੋਰ ਜਾਣਕਾਰੀ ਲਈ ਫੋਨ ਕਰੋ ਜਾਂ ਮਿਲੋ:
ਅਜੀਤ ਸਿੰਘ ਅਨੰਦ, ਐਬਟਸਫੋਰਡ
Associate Enrolment Director, Heritage Scholarship Trust Plan
Tel: 855-6537 Off: 853-6638
Cell: 807-4978 Fax: 853-6692

ਆਪਣੀ ਮੌਰਟਗੇਜ਼ ਤੇ ਘੱਟ ਵਿਆਜ ਦਿਓ

1.90%* & 5.65%*

For 1st 90 days 1.90% after 3 months prime minus 0.35% i.e. 5.65%.

up to **1.25% OFF** the Posted Bank Mortgage Rates (for mortgage renewals and new purchases)

My Service is FREE (Fees are paid by Banks)

Sharnjit Singh Gill

Office (604) 953-1515
Toll Free: 1-866-885-0966
Cell: (604) 619-5566

Approved Mortgages
YOUR Mortgage Specialists

** Rates subject to change*
Fees payable to the broker/lender may apply

Our Lenders: Bank of Montreal (BMO), TD-Canada Trust, Scotia Bank, CIBC, HSBC, National Bank of Canada, Surrey Metro Savings & Many More ...

Evergro™ the professional's choice

NEW Quadris For Your Ultimate Control Against Anthracnose In Blueberries

Ignite DESICCANT Primocane Control in Raspberries

Everything for Berry Growers, Nurseries, Landscapers, Greenhouses and Farms.

ਬੇਰੀ ਦੇ ਕਾਸ਼ਤਕਾਰਾਂ, ਨਰਸਰੀਆਂ, ਲੈਂਡਸਕੇਪ ਬਾਗਬਾਨਾਂ, ਗ੍ਰੀਨ ਹਾਊਸਾਂ ਅਤੇ ਆਮ ਕਿਸਾਨਾਂ ਦੀ ਹਰ ਲੋੜ ਦੀ ਪੂਰਤੀ ਲਈ ਸਾਡੀਆਂ ਸੇਵਾਵਾਂ ਹਾਜ਼ਰ ਹਨ।

Abbotsford Office and Warehouse
1338 Riverside Road, Abbotsford, B.C. V2S 8J2 (Close to Fountain Tire)
Ph: (604) 850-9500 Fax: (604) 850-7800
Hours: Monday to Friday 7 am to 6 pm Saturday 9 am to 5 pm

Great Service • Excellent Selection • Top Quality • Competitive Prices

ਮਿਲ ਵਰਕਰਾਂ ਦੀ ਲੋੜ

ਸ਼ੈਕ ਐਂਡ ਸ਼ਿੰਗਲ ਮਿਲ ਲਈ ਤਜ਼ਰਬੇਕਾਰ ਵਰਕਰਾਂ ਦੀ ਲੋੜ ਹੈ। ਯੋਗ ਵਰਕਰਾਂ ਨੂੰ ਟ੍ਰੇਨਿੰਗ ਵੀ ਦਿਤੀ ਜਾਵੇਗੀ। ਕਿਊਬਰਮੈਨ, ਸ਼ੇਕ ਪੈਕਰ ਤੇ ਸ਼ਿੰਗਲ ਸਾਅਇਰ ਦੀ ਲੋੜ।
ਫੋਨ ਕਰੋ: 604-826-5971
ਇਕਬਾਲ ਬਰਾੜ: 604-302-4898
ਦਵਿੰਦਰ ਬਰਾੜ: 604-556-4333

Mill Workers Needed

Experienced workers needed for the Shake and Shingle mill. Training will be provided. Cuberman, Shake Packer and Shingle Sawyer also needed.
Phone: 604-826-5971
Iqbal Brar: 604-302-4898
Davinder Brar: 604-556-4333

Rediscover community, interesting people

As a few friends an I took a break from watching baseball games on television, we began to talk about some of our personal commitments. While everyone stated their plans, and I started to panic because I didn't really have one at hand. Some my of friends came up with the same old promises which some of them haven't kept. One wanted to lose weight, one wanted to spend more time with his family and one-believe it or not-wanted to get divorced sometime soon. Now it was my turn to speak.

I told the guy I didn't have one and I wanted to be different and unique. They laughed for a while, but I could see they also respected my honest answer so they all joined in an helped me make a commitment that they expect to see throughout the years. My plan is to spend more time volunteering and to be helpful to people in general. It sounds good doesn't it? It may be vague, but it can be done.

To many times I find that our plans focus on ourselves, leaving us naïve about the world around us. As that saying goes in life you have to give a little to receive a little. I believe many of us care about our local communities, but often get so caught up in our personal lives we forget to reach out to our communities who often need our help. Over the years, I have been involved with my local community in Mission extensively and have enjoyed my involvement meeting many interesting community minded citizens.

Belonging to a small community and getting involved was an easy thing to do, but making a difference was even harder! But in the last few years, I pulled myself away from many community events and focused on my personal life. At the time, I felt I needed to separate myself from many activities due to that time commitments involved and have missed it enormously. Since then, I have been asked on many occasions to participate in many community functions, but I didn't feel up to it or otherwise came up with excuses like some of my friends, sorry guys.

Today, with the encouragement of these same friends and for the remainder of the year and the years ahead, I feel I am ready to get involved again with pride in my local community trying to bring that positive change by volunteering my time and fulfilling my commitment and promises. When I withdrew myself from community service. I felt at that time I needed the break to rediscover myself, but missed that part of giving back to our community. Community service can bring many satisfactions to your life; rediscovering your community you live in, meeting interesting people from all walks of life and obtaining that inner satisfaction you get by helping someone. I believe I have taken enormous steps this year be reentering community life, and look forward to the different challenges that await me in the months ahead.

I would encourage you to get involved in your local community and assist the people who need are help in making that positive change in life. By all working together we can make our community a prosperous place to live in. As JFK once said, "Ask not what your country can do for you, but what you can do for your country." Just do it!

Canadian Western Airlines Ends Long Ferry Waits

Starting September 1st CWA is introducing service to Abbotsford. Company spokesperson Patrick Fowler says, Our 20 minute flight is the death knell for long ferry line ups.

"The drive between Abbotsford and Nanaimo takes over four hours and in this day and age people just don't have the time any more."

He says, "CWA ends missed sailings and our flights don't include the infamous sunshine breakfast."

"People have been asking for this service even before we launched our Nanaimo-Vancouver service in July and now we are ready to deliver even more."

The company is also increasing the number of flights between the Island and Vancouver.

He says, "People have been looking for an alternative community-based airline and we have delivered."

Canadian Western Airlines is independently and locally owned company, striving to meet the needs of the traveling public. Canadian Wester Airlines continues to grow, adding more planes and new routes.

Direct Cell: 604-864-7656
Call for all your Real Estate needs!
RESIDENTIAL ☑ FARMS ☑
LOTS ☑ BUSINESS ☑
INDUSTRIAL ☑ COMMERCIAL ☑

5% ਡਾਊਨ ਦੇਣ ਨਾਲ ਤੁਸੀਂ ਘਰ ਖ੍ਰੀਦ ਸਕਦੇ ਹੋ

Lighthouse Realty Abbotsford

PARM JUDGE
ਪਰਮ ਜੱਜ
855-7393

NEAR NEW HOSPITAL $189,800

Assume approx. $142,000 @ 6.75% until 2004. Close to school & park. 2 bedroom basement registered suite, Owner accupied. Quick possession possible. Will be vacant July 30/01.

NEW LISTING $169,900

Adair Street
5 Bedroom House - Finished 2 Bedroom Down. 4 year new roof. Close to Mouat School. Won't last at this price. Call Direct Parm Judge's Cell 604-864-7656

NEW LISTING

30768 Sandiper Drive
Bright Spic & Span house with lots of view from backyard - Convenient location - To view Call Direct - Cell 604-864-7656

Homes Under $125,000
1.) 2 Bedroom Apartment $62,900
2.) 2 Bedroom Home $114,900
3.) Mobile Home on Land $125,000
4.) ਲਾਟਾਂ ਵਿਕਾਊ ਫੋਨ ਪਰਮ ਜੱਜ

BLUEJAY AREA $239,800

SPACIOUS HOME OFFERED AT EXCELLENT PRICE!
1790 sq ft main. c/w 3 big bedrooms - solid oak kitchen - island - spiral stairs - tiled entry. Crown molding + acrylic stucco. 2 bdr legal suite + 1 bdrm for owner use. 3 fridges + 3 stoves to negotiate. Newly listed.

UNIQUE HOUSE

31295 Ridgeview Dr.
Gorgeous view of mts. 3 mbdrms, 2 Jacuzzi's, Y shaped stairs, wide tiled foyer, entertains/relaxing mbdrm on roof top, B/I vac., 2 Yp. total 6 baths, fancy crystal chandelier, oak & brass rails, corner lot, legal ste, 4BR fin. bsmt.

3 BDRM LEGAL SUITE $209,800

FAIRFIELD AREA

1 YEAR NEW $232,800

2 Bdrm Legal Suite

NEW LISTING QUALITY

3409 Ponderosa St.
Immaculate family home in prestigios area of Ponderosa c/w view. Quality maple kit. c/w island, F/P & luxurious Spce ensite. 2/st c/w W/O bsmt. 2BR legal ste+ huge office rm in bsmt. Friendly neighb. Nothing but the best product used. For quality service call direct - Parm Judge.

3 Years New $248,800

2827 Blackham Dr. POPULAR MCMILLAN AREA
East Abbotsford - 2 bdrm legal suite alarmed - please show by appointment only. Cose to school & shopping center

NEW LISTING $191,900

By Rotary Stadium

Potential Subdivision $479,000

Mt. Lehman Rd & Automall

NEW HOUSE

10 year warranty, 4 bdrm on main, 2 mbdrm. Corner lot, all liv'grms facing to the front suite, legal suite + more. Close to both lvls of schls. bright house. Meas. from plan, must ver. Bright house w/ lots of round wndws. Quick possession.

MEGA HOUSE - SURREY $289,900

12290 60th Avenue - Surrey
Family room with 3 bdrooms up. 2 unauthorized suites - Separate entry - Back Lance Access. Lots of Parking. 4 Full Bathrooms. 20x20 Sundeck. Hot Water Heat. 3 skylites. Tile Roof. Fibre Glass Fireplace. Handy for Vancouver/ Richmond commuters. Trade for small farm in Abbotsford/Langley welcome. To See Call Now!

Shipping Special $460,000



Car Lot or Bodyshop
Several new developments in rapidly changing area. 4200sf incl. 670sf covered dock loading area. Excel. exp. back to S. Fraser Way & front to Railway. Trade for farm in Kamloops, Merrit, Princeton O.K. Seller may carry $350,000 @ prime + 1%.

CORNER LOT $193,900

Fairfield - Price Reduced
Drive By - 32179 Rogers Ave.
Hot Hot Deal!!

ਨਵਾਂ ਘਰ

ਹੈਰੀ ਜੈਅਰ ਸਕੂਲ ਲਾਗੇ
10 year warranty - legal suite - close to both levels of schools. Measurements from plan, to verify. 24' X 10' covered deck.
ਅਜ ਹੀ ਮੁਖ ਹੋ ਸਕਦੇ ਹੋ - ਫੋਨ ਪਰਮ ਜੱਜ

4 YEARS NEW $243,900

Townline Area
Spacious 1700 sq. ft. on main, large 4 bdrms up. Solid maple kitch, w/nook. Jac. & sep. shwr in mbdrm & W/I closet. Shake roof, acrylic stucco, aggregate exp. D/way. 3BR fin. down w/2 lvgrms. Shake roof. Triple garage. Poss. end June/01.

5 Bay Industrial Shop
$399,000
Approx. 1/2 Acre Lot - Presently very busy Mechanic Shop. 16' Ceiling +760 sq ft office + above over 700 sq ft mezanine - 3 washrooms - 2 road frontages - all fenced - close to town - CALL NOW!

TOWNHOUSE $109,900

CLEARBROOK
3 Bedrooms - Very Clean - Fridge, Stove, Dishwasher. All blinds are in Price. Why Rent? Call Parm Now

.34 Acre Lot $109,000

Mission
Beautiful Building Locat on 64x235 (.34 Acre Lot) - Ready to Build - City Water, Natural Gas on Lot - School Close by - Area of Exclusive New Home - Price Includes GST. Drive By 35194 McEvan Ave, Then call Parm.

NEW LISTING $162,800

Close to MSA Hospital
Great Starter - Does not back onto freeway! Clean family home, lots of upgrades, wndws, carpet. Covered S/D, great B/Y for kids, fully fenc. Steps to local park, Close to MSA Hospital. Seller bought for $167,000 selling for loss

Farms & Commercial

1. 10 ACRE Blueberry Farm with house + cabin - exclusive listing.
2. 5 ACRE Holding Property Near Town $479,000
3. 30 ਏਕੜ ਤੇ ਦੋ ਘਰ ਜੋ 2050 ਡਾਲਰ ਕਿਰਾਏਤੇ ਚੜ੍ਹੇ+ਬਲੈਕਬੇਰੀ, ਸਟਰਾਵਰੀ + ਰਸਬੇਰੀ ਸਿਰਫ $465,900
4. **REDUCED** 29 ਏਕੜ+ਘਰ-11 ਏਕੜ ਬਲੂਬੇਰੀ ਲਗੀ - ਕੀਮਤ ਸਿਰਫ $569,000
5. 15 ACREਖਾਲੀ ਜ਼ਮੀਨ $295,000 48 ACREਏਕੜ ਖਾਲੀ ਜ਼ਮੀਨ $625,000
6. 14 ACRE+ਘਰ+ਸਟਰਾਬੇਰੀ ਕੀਮਤ ਸਿਰਫ $398,000 TRADE WELCOME
7. **20 ACRE Blueberry Farm & some Raspberry** - New Listing. Expected gross income $120,000 - Mostly Irrigated - Machinery Negotiable. Near Airport. House Rented $1700 Monthly. Best Deal - Trade Welcome. Asking $750,000
8. COMMERCIAL - LANGLEY -ਹੇਠ ਤਿੰਨ ਦੁਕਾਨਾਂ-ਉਪਰ 4-2 ਬੈਡਰੂਮ ਰਿਹਾਇਸ਼+ Asking $666,000
9. 27 ਏਕੜ, ਤੇ ਬਾਰਨ - ਸਾਰੀ FLAT LANDਸਬਜ਼ੀਆਂ ਤੇ ਬਲੂਬੇਰੀ ਏਰੀਆ ਦੁਆਲੇ-ਘਰ ਵੀ ਟਰੇਡ ਲੈ ਸਕਦੇ ਨੇ ਕੀਮਤ ਸਿਰਫ $434,900
10. Convenient Store & Gas Station + Buildings starting from $109,000 to 1.4 Million
11. 10 Acre Blueberry - Matsqui with house - exclusive
12. 19 Acre Langley close to subdivision bareland - Best Price $479,00

Call Parm Judge 855-7393

Community Skills Centre
SKILLS TRAINING - CAREER TRAINING - CAREER PLANNING

Looking for Work?

Free self-serve, drop in Resource Centres in
MISSION and **ABBOTSFORD**

Services available for your job search:
- Job Postings Board
- Resumes and Cover Letters
- Internet Access w/Email
- Faxing and Photocopying
- Employer Database
- Labour Market Information
- Employment Advisors for Assistance

O-Zone
7337 Welton St.
Mission
826-0626 Ext. 218

Job Zone
#100-32560 Simon Ave.
Abbotsford
859-0364

For hours of operation call the Zone of your choice.
O-Zone is now also open on Saturdays 10 - 3

Funded by Human Resources Development Canada

Lighthouse REALTY



"20 Years of Farming Experience has made me knowledgeable enough to assist you in finding the right type of land for farming."
For any type of property inquiries call me anytime!
Phone: 855-7393 Vanline: 604-649-4871

Pargat Sidhu
604-855-7393

DESIGNATED COMMERCIAL

$239,000
Two bedrooms with den & extra office space. Fully finished basement hs two bedrooms. In front of City Hall. Designated commercial. Walk to shopping. Property has lasting value. Won't last long.
To view call PARGAT SIDHU 855-7393

CUSTOM BUILT

$185,000
Easy access to freeway. Spiral stair case. Oak cabinets. 3 bedroom & rec room for owner's use. Big lot. Won't last long, bring offers.
To view call PARGAT SIDHU 855-7393

CENTRAL LOCATION



$239,000
3 bedroom with 2 bedroom fully finished basement. Covered sundeck. Great for children to hop & skip & jump in fenced yard. Walking distance to bakeview school. Family oriented neighborhood.
To view call PARGAT SIDHU 855-7393

Commercial Building $1,899,000
In Downtown Abbotsoford on Gladys Ave. at present leased to Pizza & Pasta. Business can be bought separately. Won't Last Long. Bring Offers
To view call PARGAT SIDHU 855-7393

22 Acres Blueberry
Palace type brand new house - few months old. In the heart of Matsqui. Out buildings are rented for steady income.
To view call PARGAT SIDHU 855-7393

Foreclosure
On Ross Road. High, Dry Land 10 Acres + Luxury house. 8000 sq. ft. Excellent Land for Blueberries. House is custom built with Security Cameras and many many extras. Will go below assesed value. Bring Offers.
To view call PARGAT SIDHU 855-7393

For Farms, Homes, Industrial and Commercial
Call Pargat at 855-7393 or Van Line: 604-649-4871

"ਕਿਉਂ ਬਈ ਨਿਹਾਲਿਆ, ਆਜ਼ਾਦੀ ਨਹੀਂ ਵੇਖੀ?"

ਪ੍ਰੋ. ਗੁਰਵਿੰਦਰ ਸਿੰਘ 'ਧਾਲੀਵਾਲ'

'ਆਜ਼ਾਦੀ' ਅਜਿਹਾ ਮਹਾਨ ਸ਼ਬਦ ਹੈ, ਜੋ ਆਪਣੇ ਵਿਸ਼ਾਲ ਕਲਾਵੇ ਵਿਚ ਅਨੇਕਾ ਮਹੱਤਵਪੂਰਨ ਸੰਕਲਪਾਂ ਨੂੰ ਸਮੋਈ ਬੈਠਾ ਹੈ। ਬਹੁ-ਪੱਖੀ ਤੇ ਬਹੁ-ਪਸਾਰੀ ਸ਼ਬਦ ਆਜ਼ਾਦੀ ਦਾ ਲਫਜ਼ੀ ਅਰਥ ਹੈ - ਸਰੀਰਕ, ਮਾਨਸਿਕ, ਸਮਾਜਿਕ, ਆਰਥਿਕ, ਰਾਜਨੀਤਕ ਅਤੇ ਸਭਿਆਚਾਰਕ ਪੱਖੋਂ ਕਿਸੇ ਵਿਅਕਤੀ, ਸਮਾਜ ਅਤੇ ਦੇਸ਼ ਦੀ ਪੂਰਨ ਸੁਤੰਤਰਤਾ। ਸਵੈਧੀਨਤਾ ਸੰਸਾਰ ਦੇ ਹਰ ਪ੍ਰਾਣੀ ਦਾ ਜਮਾਂਦਰੂ ਹੱਕ ਹੈ। ਜ਼ਿੰਦਗੀ ਵਾਸਤੇ ਆਜ਼ਾਦੀ ਓਨੀ ਹੀ ਲਾਜ਼ਮੀ ਹੈ, ਜਿੰਨੀ ਸਰੀਰ ਲਈ ਅੰਨ-ਪਾਣੀ ਅਤੇ ਹਵਾ ਆਦਿ। ਜਿਥੇ ਅਧਿਆਤਮਕ ਸ਼ੈਲੀ ਵਿਚ ਬਾਬਾ ਫਰੀਦ 'ਬਾਰਿ ਪਰਾਇਐ ਬੈਸਣਾ' ਵਿਚ ਆਤਮਿਕ ਪਰਾਧੀਨਤਾ ਦੀ ਸਥਿਤੀ ਨਾਲੋਂ ਮੌਤ ਨੂੰ ਪਹਿਲ ਦਿੰਦੇ ਹਨ, ਉਥੇ ਵਿਸ਼ਵ ਦੇ ਪ੍ਰਸਿੱਧ ਫਿਲਾਸਫਰ 'ਪੈਟਰਿਕ ਹੈਨਰੀ' ਦੇ ਸ਼ਬਦ ਹਨ, "ਜੇ ਤੁਸੀਂ ਮੈਨੂੰ ਆਜ਼ਾਦੀ ਨਹੀਂ ਦੇ ਸਕਦੇ, ਤਾਂ ਇਸ ਨਾਲੋਂ ਬਿਹਤਰ ਹੈ, ਕਿ ਤੁਸੀਂ ਮੈਨੂੰ ਮੌਤ ਦੇ ਦਿਓ।" ਦੁਨੀਆਂ ਦੇ ਹਰ ਮੁਲਕ ਵਿਚ ਹਰ ਕੌਮ ਵਲੋਂ ਆਜ਼ਾਦੀ ਪ੍ਰਾਪਤੀ ਲਈ ਨਿਰੰਤਰ ਜਦੋ-ਜਹਿਦ ਹੁੰਦੀ ਰਹੀ ਹੈ ਅਤੇ ਇਹ ਤਦ ਤੱਕ ਜਾਰੀ ਰਹੀ ਹੈ, ਜਦ ਪੂਰਨ ਕੌਮੀ ਸੁਤੰਤਰਤਾ ਪ੍ਰਾਪਤ ਨਹੀਂ ਹੋਈ।

ਭਾਰਤ ਨੂੰ ਗੁਲਾਮੀ ਦੇ ਸ਼ਿਕੰਜੇ ਤੋਂ ਖਲਾਸੀ ਦਿਵਾਉਣ ਦੀ ਗੌਰਵਮਈ ਇਤਿਹਾਸਕ ਗਾਥਾ ਦੀ ਪਿੱਠ-ਭੂਮੀ ਵਿਚ ਵੀ ਪੰਜਾਬੀਆਂ ਵਲੋਂ ਸਭ ਤੋਂ ਵਧ ਦਿੱਤੀਆਂ ਗਈਆਂ ਕੁਰਬਾਨੀਆਂ ਦੀ ਦਾਸਤਾਨ ਮੌਜੂਦ ਹੈ, ਜਿਨ੍ਹਾਂ ਸਦਕਾ ਸਾਰਾ ਹਿੰਦੁਸਤਾਨ ਆਜ਼ਾਦ ਫਿਜ਼ਾ ਵਿਚ ਸਾਹ ਲੈਣ ਦੇ ਕਾਬਿਲ ਹੋ ਸਕਿਆ ਹੈ। ਇਨ੍ਹਾਂ ਮਹਾਨ ਸੂਰਵੀਰਾਂ ਦੀਆਂ ਸ਼ਹੀਦੀਆਂ ਦੇ ਸਿੱਟੇ ਵਜੋਂ ਹੀ ਕਦੇ ਨਾ ਅਸਤ ਹੋਣ ਵਾਲਾ ਬ੍ਰਿਟਿਸ਼ ਸਾਮਰਾਜ ਦਾ ਸੂਰਜ ਸਦਾ ਲਈ ਛਿਪ ਗਿਆ ਤੇ ਸੰਸਾਰ ਦੇ ਨਕਸ਼ੇ 'ਚ ਏਸ਼ੀਆ ਮਹਾਂਦੀਪ ਵਿਚ 'ਆਜ਼ਾਦ ਭਾਰਤ' ਹੋਂਦ ਵਿਚ ਆਇਆ। ਵਰਤਮਾਨ ਸਮੇਂ ਆਖਣ ਨੂੰ ਤਾਂ ਭਾਰਤ ਨੂੰ ਸੁਤੰਤਰ ਹੋਇਆਂ ਅੱਧੀ ਸਦੀ ਬੀਤ ਚੁੱਕੀਹੈ, ਪਰ ਵਿਚਾਰਨਯੋਗ ਗੱਲ ਇਹ ਹੈ ਕਿ ਇਸ ਸਮੇਂ ਦੌਰਾਨ ਦੇਸਵਾਸੀਆਂ ਨੇ ਸਮੁੱਚੇ ਰੂਪ ਵਿਚ ਆਜ਼ਾਦੀ ਦਾ ਨਿੱਘ ਮਾਣਿਆ ਵੀ ਹੈ ਕਿ ਨਹੀਂ? ਕੀ ਇਹ ਆਜ਼ਾਦੀ ਵਿਸ਼ੇਸ਼ ਫਿਰਕੇ ਤੇ ਵਿਸ਼ੇਸ਼ ਵਰਗ ਤੱਕ ਹੀ ਸੀਮਿਤ ਤਾਂ ਨਹੀਂ ਰਹਿ ਗਈ? ਜੇਕਰ ਆਲੋਚਨਾਤਮਕ ਦ੍ਰਿਸ਼ਟੀਕੋਣ ਤੋਂ ਵਾਚਿਆ ਜਾਵੇ, ਤਾਂ ਉਪਰੋਕਤ ਕੌੜਾ ਸੱਚ ਹੀ ਪ੍ਰਤੱਖ ਨਜ਼ਰ ਆਉਂਦਾ ਹੈ। ਅਜੋਕੇ ਸਮੇਂ ਭਾਰਤ ਵਿਚ ਕਹਿਣ ਨੂੰ ਤਾਂ ਪੂਰਨ ਆਜ਼ਾਦੀ ਹੈ; ਪਰ ਭਾਰਤੀਆਂ ਦੀ ਹਾਲਤ, 'ਆਜ਼ਾਦ ਦੇਸ਼ ਦੇ ਗੁਲਾਮ ਲੋਕਾਂ' ਵਾਲੀ ਹੈ। ਅਖੌਤੀ ਧਰਮ ਨਿਰਪੱਖ ਭਾਰਤ ਵਿਚ ਉਠਾਏ ਜਾਂਦੇ ਫਿਰਕੂ ਨਾਅਰਿਆਂ 'ਹਿੰਦੀ, ਹਿੰਦੂ, ਹਿੰਦੁਸਤਾਨ' ਤੋਂ ਜ਼ਾਹਿਰ ਹੁੰਦਾ ਹੈ ਕਿ ਹੋਰਨਾਂ ਘੱਟ ਗਿਣਤੀਆਂ ਦੀ ਦਿਸ਼ਾ ਤੇ ਦਸ਼ਾ ਗੁਲਾਮਾਂ ਵਾਲੀ ਹੀ ਹੈ। ਜਿਥੇ ਕੁਰਬਾਨੀਆਂ ਦੇ ਇਤਿਹਾਸ ਪੱਖੋਂ ਰਾਸ਼ਟਰ ਲਈ 95 ਫੀਸਦੀ ਸ਼ਹਾਦਤਾਂ ਦੇਣ ਵਾਲੀ ਸਿੱਖ ਕੌਮ ਨੂੰ 5 ਫੀਸਦੀ ਆਜ਼ਾਦ ਵਾਯੂਮੰਡਲ ਵੀ ਨਸੀਬ ਨਹੀਂ ਹੋਇਆ, ਉਥੇ ਪੰਜ ਫੀਸਦੀ ਸੰਘਰਸ਼ ਕਰਨ ਵਾਲੀ ਬ੍ਰਾਹਮਣਵਾਦੀ ਸਮੁਦਾਇ ਪੰਚਾਨਵੇਂ ਫੀਸਦੀ ਸਹੂਲਤਾਂ ਮਾਣ ਰਹੀ ਹੈ। ਇਸੇ ਤਰ੍ਹਾਂ ਹੀ ਆਰਥਿਕ ਪੱਖੋਂ ਦੇਸ਼ ਦਾ 5% ਵਸ਼ਿਸ਼ਟ ਤੇ ਅਮੀਰ ਵਰਗ 95% ਧਨ 'ਤੇ ਕਾਬਿਜ਼ ਹੋਇਆ ਬੈਠਾ ਹੈ, ਜਦ ਕਿ ਮੁਲਕ ਦੀ ਪਚਾਨਵੇਂ ਪ੍ਰਤੀਸ਼ਤ ਅਬਾਦੀ ਪੰਜ ਪ੍ਰਤੀਸ਼ਤ ਸਹੂਲਤਾਂ 'ਤੇ ਜ਼ਿੰਦਗੀ ਬਸਰ ਕਰ ਰਹੀ ਹੈ। ਕੁੱਲੀ, ਗੁੱਲੀ ਤੇ ਜੁੱਲੀ ਲਈ ਤਰਸਦੇ ਗਰੀਬੀ ਦਾ ਸ਼ਿਕਾਰ ਜਿਨ੍ਹਾ ਲੋਕਾਂ ਨੂੰ ਦੋ ਵਕਤ ਦੀ ਰੋਟੀ ਨਸੀਬ ਨਹੀਂ ਹੁੰਦੀ ਤੇ ਜਿਨ੍ਹਾਂ ਦੇ ਮਾਸੂਮ ਬੱਚੇ ਭੁੱਖੇ ਪੇਟ ਢਿੱਡ ਇਕੱਠਾ ਕਰਕੇ ਰੋਂਦਿਆਂ ਸੌਂ ਜਾਂਦੇ ਹਨ, ਉਹਨਾਂ ਦੁਖਿਆਰਿਆਂ ਲਈ ਦੇਸ਼ ਦੀ ਆਜ਼ਾਦੀ ਕੋਈ ਅਰਥ ਨਹੀਂ ਰੱਖਦੀ। ਸੱਚ ਤਾਂ ਇਹ ਹੈ ਕਿ ਬਹੁਤੇ ਦੇਸ਼ ਵਾਸੀਆਂ ਨੂੰ ਤਾਂ ਇਲਮ ਹੀ ਨਹੀਂ ਕਿ ਆਜ਼ਾਦੀ ਕਿਸ ਸ਼ੈਅ ਦਾ ਨਾਂ ਹੈ, ਬਲਕਿ ਹੈਰਾਨੀ ਭਰੇ ਲਹਿਜ਼ੇ 'ਚ ਉਹ ਇਉਂ ਸੁਆਲ-ਜੁਆਬ ਕਰਦੇ ਹਨ:

"ਕਿਉਂ ਬਈ ਨਿਹਾਲਿਆ! ਆਜ਼ਾਦੀ ਨਹੀਂ ਵੇਖੀ?
ਨਾ ਬਈ ਭਰਾਵਾ, ਨਾ ਖਾਧੀ ਨਾ ਵੇਖੀ।
ਆਈ ਨੂੰ ਭਾਵੇਂ ਕਈ ਸਾਲ ਬੀਤੇ,
ਪਰ ਅਸੀਂ ਤਾਂ ਅਜੇ ਤੱਕ ਦਰਸ਼ਨ ਨਹੀਂ ਕੀਤੇ।
ਅਖ਼ਬਾਰਾਂ 'ਚੋਂ ਪੜ੍ਹਿਆ ਜਰਵਾਣੀ ਜਿਹੀ ਏ,
ਕੋਈ ਸੋਹਣੀ ਨਹੀਂ, ਐਵੇਂ 'ਕਾਣੀ' ਜਿਹੀ ਏ।"

15 ਅਗਸਤ 1947 ਦੀ ਆਜ਼ਾਦੀ ਦੀ ਪੂਰਬਲੀ ਸ਼ਾਮ ਨੂੰ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਨਹਿਰੂ ਨੇ ਸੰਵਿਧਾਨ ਅਸੈਂਬਲੀ ਦੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ, "ਅੱਧੀ ਰਾਤ ਦੀ ਘੰਟੀ ਵੱਜਣ 'ਤੇ ਜਦੋਂ ਵਿਸ਼ਵ ਸੁੱਤਾ ਹੋਏਗਾ, ਓਦੋਂ ਭਾਰਤ ਜ਼ਿੰਦਗੀ ਤੇ ਆਜ਼ਾਦੀ ਲਈ ਜਾਗੇਗਾ।...ਸਾਡੀ ਪੀੜ੍ਹੀ ਦੇ ਮਹਾਨ ਆਦਮੀ ਦੀ ਇਹੀ ਅਭਿਲਾਸ਼ਾ ਹੈ ਕਿ ਹਰ ਅੱਖ ਦਾ ਹਰ ਅੱਥਰੂ ਪੂੰਝਿਆ ਜਾਵੇ।" ਅੱਜ ਸੋਚਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਪੰਜਾਹ ਵਰ੍ਹਿਆਂ ਵਿਚ ਹਰ ਨਾਗਰਿਕ ਦੀਆਂ ਅੱਖਾਂ ਦੇ ਹੰਝੂਆਂ ਦਾ ਖਾਤਮਾ ਨਹੀਂ ਹੋਇਆ, ਸਗੋਂ ਨਿਰੰਤਰ ਵਾਧਾ ਹੋਇਆ ਹੈ। ਇਸ ਕਾਲ ਦੌਰਾਨ ਪੂਰਾ ਵਿਸ਼ਵ ਤਾਂ ਆਜ਼ਾਦੀ ਦੇ ਸੰਕਲਪ ਪੱਖੋਂ ਜਾਗਰੂਕ ਹੋ ਗਿਆ ਹੈ, ਪਰ ਭਾਰਤੀ ਮਾਨਵੀ ਹੱਕਾਂ ਪੱਖੋਂ ਸੌਂ ਚੁੱਕਿਆ ਹੈ। ਅੰਗਰੇਜ਼ੀ ਸਾਮਰਾਜ ਦੀ ਗੁਲਾਮੀ ਦੌਰਾਨ ਤਾਂ ਭਾਰਤ ਨੂੰ 'ਪਾੜੋ ਤੇ ਰਾਜ ਕਰੋ' ਦੀ ਸਿਆਸਤ ਦਾ ਸ਼ਿਕਾਰ ਹੋਣਾ ਪਿਆ ਸੀ, ਪਰ ਪਿਛਲੇ ਪੰਜ ਦਹਾਕਿਆਂ ਦੌਰਾਨ ਮੁਲਕ ਦੀ ਸਿਆਸਤ ਚਾਣਕਿਆ ਨੀਤੀ ਦੀ ਚਾਰੇ ਥੰਮਾਂ; ਸਾਮ ਨੀਤੀ, ਦਾਮ ਨੀਤੀ, ਦੰਡ ਨੀਤੀ ਤੇ ਭੇਦ ਨੀਤੀ 'ਤੇ ਆ ਟਿਕੀ ਹੈ। ਪਹਿਲਾਂ ਹਰ ਪੰਜ ਸਾਲਾਂ ਬਾਅਦ, ਸ਼ਿਕਾਰੀ ਦੀ ਤਰ੍ਹਾਂ ਲੋਕਾਂ ਅੱਗੇ ਝੁਕ ਕੇ ਪ੍ਰਭਾਵ ਜਮਾਉਣਾ, ਦੂਜੀ ਸਥਿਤੀ ਵਿਚ ਪੈਸੇ ਦਾ ਲਾਲਚ ਦੇ ਕੇ ਈਮਾਨ ਖਰੀਦਣਾ, ਤੀਜੀ ਸਥਿਤੀ ਵਿਚ ਸਖ਼ਤ ਦੰਡ ਦੇਕੇ ਸੱਚ ਦੀ ਆਵਾਜ਼ ਨੂੰ ਦਬਾਉਣਾ ਤੇ ਅੰਤਿਮ ਰੂਪ ਵਿਚ ਪਾੜੋ ਤੇ ਰਾਜ ਕਰੋ ਦੀ ਭੇਦ ਨੀਤੀ ਦਾ ਸਹਾਰਾ ਲੈਕੇ ਮਾਨਵਤਾ ਦਾ ਵਿਨਾਸ਼ ਕਰਨਾ। ਇਹਨਾਂ ਚਾਰ ਆਧਾਰਾਂ 'ਤੇ ਭਾਰਤੀ ਰਾਜਨੀਤੀ ਦੀ ਸਥਾਪਤੀ ਹੋਣ ਕਾਰਨ ਅਖੌਤੀ ਸੁਤੰਤਰ ਜੀਵਨ ਦਾ ਸੰਕਟ, ਸੰਤਾਪ ਤੇ ਸਮੱਸਿਆਵਾਂ ਫਰੰਗੀ ਹਕੂਮਤ ਦੇ ਦੁਖਾਂਤ ਤੋਂ ਵੀ ਚਾਰ ਗੁਣਾਂ ਵਧ ਚੁੱਕੇ ਹਨ। ਫੁੱਟ ਪਾਓ ਤੇ ਰਾਜ ਕਰੋ ਦੀ ਕੁਨੀਤੀ ਤੋਂ ਬਿਨਾਂ ਬਾਕੀ ਤਿੰਨ ਕੁਟੱਲਿਆ ਨੀਤੀਆਂ ਦਾ ਵੀ ਸਾਡੇ ਸਿਆਸਤਦਾਨਾਂ ਨੇ ਪੂਰਾ ਫਾਇਦਾ ਉਠਾਇਆ ਹੈ ਤੇ ਨਾਗਰਿਕਾਂ ਨੂੰ 'ਸੱਪ ਦੇ ਮੂੰਹ ਵਿਚ ਕੋਹੜ ਕਿਰਲੀ' ਵਰਗੀ ਆਜ਼ਾਦੀ ਦ ਸੁਆਦ ਚਖਾਇਆ ਹੈ, ਜਿਸ ਨੂੰ ਲੰਘਾਉਂਦਿਆਂ ਵੀ ਦੇਸ਼ਵਾਸੀ ਮਰਦੇ ਹਨ ਤੇ ਛਡਦਿਆਂ ਵੀ।

ਭਾਰਤ ਨੂੰ ਚਾਹੇ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਮੰਨਿਆ ਜਾਂਦਾ ਹੈ। ਪਰ ਚਿੰਤਕ ਇਬਰਾਹੀਮ ਲਿੰਕਨ ਦੀ ਲੋਕਤੰਤਰ ਬਾਰੇ ਦਿੱਤੀ ਸਰਬ - ਪ੍ਰਮਾਣਿਤ ਪਰਿਭਾਸ਼ਾ 'ਲੋਕਾਂ ਦੀ ਲੋਕਾਂ ਦੁਆਰਾ, ਲੋਕਾਂ ਲਈ, ਚੁਣੀ ਗਈ ਸਰਕਾਰ' ਭਾਰਤ ਦੇ ਸੰਦਰਭ ਵਿਚ ਪੂਰੀ ਤਰ੍ਹਾਂ ਬਦਲ ਚੁੱਕੀ ਹੈ। ਲੋਕਾਂ ਦੁਆਰਾ ਸਵੈ-ਇੱਛਾ ਮੁਤਾਬਿਕ ਸਰਕਾਰ ਬਣਾਉਣ ਲਈ ਦੇਸ਼ ਦੀ ਬੁਨਿਆਦ ਅਖੌਤੀ 'ਸੁਤੰਤਰ ਤੇ ਨਿਰਪੱਖ ਚੋਣਾਂ' ਦੌਰਾਨ ਰੱਜ ਕੇ ਬੇਈਮਾਨੀ ਕੀਤੀ ਜਾਂਦੀ ਹੈ। ਦਾਮ ਨੀਤੀ ਦੁਆਰਾ ਨੋਟ ਲਓ ਤੇ ਵੋਟ ਦਿਓ ਦੇ ਨਾਅਰੇ ਗਲੀ ਮੁਹੱਲਿਆਂ 'ਚ ਗੂੰਜਦੇ ਹਨ। ਵੋਟਾਂ ਵੇਲੇ ਕੁੱਟਮਾਰ ਹੁੰਦੀ ਹੈ, ਬੈਲਟ ਪੇਪਰ ਗਾਇਬ ਹੋ ਜਾਂਦੇ ਹਨ। ਗੱਲ ਇਥੇ ਹੀ ਨਹੀਂ ਮੁੱਕਦੀ, ਖਰੀਦੇ ਵੋਟਰਾਂ ਦੁਆਰਾ ਚੁਣਕੇ ਭੇਜੇ ਉਮੀਦਵਾਰਾਂ ਨੂੰ ਅੱਗੇ ਸਾਂਸਦ ਵਿਚ ਆਪਣਾ ਬਹੁਮਤ ਸਾਬਤ ਕਰਨ ਲਈ ਨੋਟਾਂ ਦੇ ਥੱਬੇ ਸੁੱਟ ਕੇ ਖਰੀਦਿਆ ਜਾਂਦਾ ਹੈ। ਇਹਨਾਂ ਸ਼ਰਮਨਾਕ ਕਾਰਵਾਈਆਂ ਬਾਅਦ ਬਣਦੀ ਹੈ ਸਭ ਤੋਂ ਵੱਡੇ ਲੋਕਤੰਤਰ ਦੀ ਨਿਰਪੱਖ ਸਰਕਾਰ। ਮੇਰੇ ਖਿਆਲ ਮੁਤਾਬਿਕ ਭਾਰਤ ਵਿਚ ਲੋਕਤੰਤਰ ਦੀ ਪਰਿਭਾਸ਼ਾ ਇਸ ਰੂਪ ਵਿਚ ਨਜ਼ਰ ਆਉਂਦੀ ਹੈ "ਨੋਟਾਂ ਦੀ ਨੋਟਾਂ ਦੁਆਰਾ ਨੋਟਾਂ ਲਈ ਚੁਣੀ ਗਈ ਸਰਕਾਰ ਭਾਰਤ ਦੀ ਨੋਟਤੰਤਰੀ ਸਰਕਾਰ।"

Continued on Next Page

ਆਜ਼ਾਦ ਭਾਰਤ ਦੀ ਸਿਆਸਤ ਦੇ ਮੰਤਵ ਵੀ ਅਪਰਾਧੀ ਕਰਨ, ਭ੍ਰਿਸ਼ਟਾਚਾਰ, ਸੱਤਾਂ ਦੀ ਅੰਨੀ ਲਾਲਸਾ ਤੇ ਭਾਈ-ਭਤੀਜਾਵਾਦ ਬਣ ਚੁੱਕੇ ਹਨ। ਪਿਤਾ ਪੁੱਤਰ ਨੂੰ, ਪਤੀ ਪਤਨੀ ਨੂੰ, ਸੱਸ ਨੂੰਹ ਨੂੰ ਤੇ ਸੁਹਰਾ ਜੁਆਈ ਨੂੰ ਗੱਦੀਆਂ ਸੰਭਾਲਣ ਤੇ ਲੱਗੇ ਹੋਏ ਹਨ ਤੇ ਰਾਜਨੀਤੀ ਖਾਨਦਾਨੀ ਪੇਸ਼ਾ ਬਣ ਚੁੱਕਿਆ ਹੈ। ਭ੍ਰਿਸ਼ਟ ਲੀਡਰਾਂ ਨੇ ਸੋਨੇ ਦੀ ਚਿੜੀ ਦੇ ਖੰਭ ਪੂਰੀ ਤਰ੍ਹਾਂ ਕੁਤਰ ਲਏ ਹਨ। ਮਾਮਲਾ ਚਾਹੇ ਬੋਫਰਸ ਤੋਪ ਦਾ ਹੋਵੇ ਤੇ ਚਾਹੇ ਹਵਾਲਾ ਦਾ, ਚਾਹੇ ਸੇਂਟ ਕਿਟਸ ਦਾ ਹੋਵੇ ਤੇ ਚਾਹੇ ਯੂਰੀਆ ਦਾ, ਚਾਹੇ ਚੰਦਰੇ ਸੁਆਮੀ ਦਾ ਹੋਵੇ ਤੇ ਚਾਹੇ ਲਲੂ ਯਾਦਵ ਦਾ, ਚਾਹੇ ਬਾਦਲ ਦਾ ਹੋਵੇ ਤੇ ਚਾਹੇ ਵਾਜਪਾਈ ਦਾ, ਚਾਹੇ ਜੈ ਲਲਿਤਾ ਦਾ ਹੋਵੇ ਤੇ ਚਾਹੇ ਸ਼ੀਲਾ ਕੌਲ ਦਾ, ਚਾਹੇ ਹਰਸ਼ਦ ਮਹਿਤਾ ਦਾ ਹੋਵੇ ਤੇ ਚਾਹੇ ਸੂਰਜ ਮੰਡਲ ਦਾ, ਚਾਹੇ ਭਜਨ ਲਾਲ ਦਾ ਹੋਵੇ ਤੇ ਚਾਹੇ ਸੁੱਖ ਰਾਮ ਦਾ, ਬੱਸ ਸਾਰਿਆਂ ਦੇ ਹੀ ਕੋਲਿਆਂ ਦੀ ਦਲਾਲੀ ਵਿਚ ਮੂੰਹ ਕਾਲੇ ਹੋਏ ਹਨ। ਸਾਰੇ ਹੀ ਦੇਸ਼ ਨੂੰ 'ਸਾਰੇ ਜਹਾਂ ਸੇ ਭ੍ਰਿਸ਼ਟ ਹਿੰਦੁਸਤਾਨ ਹਮਾਰਾ' ਬਣਾਉਣ ਲਈ ਉਤਾਵਲੇ ਹਨ। ਸੱਚ ਜਾਣਿਓਂ, ਇਹ ਤਾਂ ਦਾਲ ਦੇ ਸਿਰਫ ਕੁਝ ਕੁ ਕੋਕੜੂ ਹਨ, ਬਾਕੀ ਭਾਰਤੀ ਸਿਆਸਤ ਵਿਚ ਤਾਂ ਦਾਲ ਹੀ ਕੋਕੜੂਆਂ ਦੀ ਬਣਦੀ ਹੈ। ਇਹ ਸਭ ਕੁਝ ਵੇਖਦਿਆਂ ਮਨ ਵਿਚ ਸਵਾਲ ਕਰਵਟਾਂ ਲੈਂਦਾ ਹੈ,

"ਏਕ ਹੀ ਉਲੂ ਕਾਫੀ ਥਾ, ਬਰਬਾਦ ਗੁਲਿਸਤਾਂ ਕਰਨੇ ਕੋ, ਹਰ ਸ਼ਾਖ ਪੇ ਉਲੂ ਬੈਠਾ ਹੈ, ਅੰਜਾਮਿ ਗੁਲਿਸਤਾਂ ਕਿਆ ਹੋਗਾ?"

ਸੁਤੰਤਰ ਭਾਰਤ ਦੀ ਅਜੋਕੀ ਸਥਿਤੀ ਪੂਰੀ ਤਰ੍ਹਾਂ ਡਾਵਾਂ ਡੋਲ ਹੈ। ਨਾਂ ਕੇਂਦਰੀ ਸਰਕਾਰ ਸਥਿਰ ਹੈ ਤੇ ਨਾ ਹੀ ਪ੍ਰਾਂਤਿਕ ਸਰਕਾਰਾਂ। ਹਰ ਸਾਲ ਬਾਅਦ ਸਰਕਾਰ ਬਣਦੀ ਹੈ ਤੇ ਟੁਟਦੀ ਹੈ। ਲੋਕਾਂ 'ਤੇ ਵੋਟਾਂ ਦਾ ਅਰਬਾਂ ਰੁਪਏ ਦਾ ਬੋਝ ਪੈਂਦਾ ਹੈ। ਦਰਅਸਲ ਅਜੋਕੀ ਭਾਰਤੀ ਸਰਕਾਰ ਦੀ ਸਥਿਤੀ ਤਾਂ ਬਿਲਕੁਲ ਮਨੁੱਖੀ ਜ਼ਿੰਦਗੀ ਵਰਗੀ ਹੈ। ਜਿਵੇਂ ਮਨੁੱਖ ਨੂੰ ਇਸ ਗੱਲ ਦੀ ਕੋਈ ਗਰੰਟੀ ਨਹੀਂ ਕਿ ਅਗਲਾ ਸਾਹ ਆਵੇ ਕਿ ਨਾ ਆਵੇ, ਇਸੇ ਤਰ੍ਹਾਂ ਇਸ ਗੱਲ ਦਾ ਜਰਾ ਵੀ ਯਕੀਨ ਨਹੀਂ ਕਿ ਭਾਰਤੀ ਸਰਕਾਰ ਅਗਲੇ ਪਲ ਤੱਕ ਰਹੇਗੀ ਕਿ ਨਹੀਂ।

1947 ਤੋਂ ਮਗਰੋਂ ਭਾਰਤ ਵਿਚ ਪਾਕਿਸਤਾਨ ਤੇ ਹਿੰਦੁਸਤਾਨ ਦੇ ਫਿਰਕੂ ਵੰਡ ਦੇ ਦੋ ਮੁਲਕ ਨਜ਼ਰ ਆਏ। ਦੇਸ਼ ਵਿਚ ਵੰਡ ਵੇਲੇ ਅਨੇਕਾਂ ਫਸਾਦ ਹੋਏ ਤੇ ਹਜ਼ਾਰਾਂ ਜਾਨਾਂ ਬਰਬਾਦ ਹੋਈਆਂ। ਪਰ ਆਜ਼ਾਦੀ ਮਗਰੋਂ ਦੇਸ਼ ਦੀ ਫਿਰਕੂ ਰਾਜਨੀਤੀ ਦੇ ਸਿੱਟੇ ਵਜੋਂ ਇਹ ਦੰਗੇ ਤੇ ਫਸਾਦ ਘਟੇ ਨਹੀਂ, ਲਗਾਤਾਰ ਵਧਦੇ ਰਹੇ। ਦੇਸ਼ ਵਿਚ ਜੂਨ 1984 ਵਿਚ ਅਪਰੇਸ਼ਨ ਬਲਿਊਸਟਾਰ ਦੁਖਾਂਤ ਤੇ ਮਗਰੋਂ ਬਾਬਰੀ ਮਸਜਿਦ ਦੁਖਾਂਤ ਅਜਿਹੀਆਂ ਘਿਣਾਉਣੀਆਂ, ਫਿਕਰਾਪ੍ਰਸਤ, ਅਤੇ ਦਰਦਨਾਕ ਘਟਨਾਵਾਂ ਹਨ, ਜੋ ਭਾਰਤ ਦੇ ਇਤਿਹਾਸ ਵਿਚ ਵੀਹਵੀਂ ਸਦੀ ਦੇ ਸਭ ਤੋਂ ਵੱਡੇ ਦੁਖਾਂਤ ਵਜੋਂ ਜਾਣੀਆਂ ਜਾਂਦੀਆਂ ਰਹਿਣਗੀਆਂ।

ਭਾਰਤ ਦੀ ਆਜ਼ਾਦੀ ਸਬੰਧੀ ਇਸ ਸਮੀਖਿਆ ਵੀ ਵਿਦਿਅਕ ਢਾਂਚੇ ਦੀ ਤ੍ਰਾਸਦਿਕ ਸਥਿਤੀ, ਕਿਰਸਾਨੀ ਜ਼ਿੰਦਗੀ ਦਾ ਦੁਖਾਂਤ ਤੇ ਆਤਮ ਹੱਤਿਆਵਾਂ, ਮਾਨਵੀ ਅਧਿਕਾਰਾਂ ਦੇ ਖੇਤਰ ਵਿਚ ਹਜ਼ਾਰਾਂ ਲਾਸ਼ਾਂ ਨੂੰ ਲਾਵਾਰਿਸ ਆਖਕੇ ਜਲਾਉਣਾ, ਖਾਲੜਾ ਕਾਂਡ ਆਦਿਕ ਘਟਨਾਵਾਂ 'ਭਾਰਤ ਮਹਾਨ' ਸ਼ਬਦ ਨੂੰ ਸਵਾਲੀਆ ਚਿੰਨ ਵਿਚ ਅੰਕਿਤ ਕਰਦੀਆਂ ਹਨ। ਸਾਡਾ ਇਹ ਇਤਿਹਾਸ ਉਸ ਸ਼ੀਸ਼ੇ ਦੀ ਨਿਆਈਂ ਹੈ ਜਿਸ ਰਾਹੀਂ ਅਸੀਂ ਭਾਰਤ ਦੇ ਬੀਤੇ ਪੰਜਾਹ ਵਰ੍ਹਿਆਂ ਦੀ ਕਰੂਪ ਤਸਵੀਰ ਪ੍ਰਤੱਖ ਵੇਖ ਰਹੇ ਹਾਂ। ਪੰਦਰਾਂ ਅਗਸਤ ਨੂੰ ਲਾਲ ਕਿਲੇ 'ਤੇ ਲਹਿਰਾਇਆ ਜਾ ਰਿਹਾ ਭਾਰਤੀ ਤਿਰੰਗਾ ਅਸਲ ਵਿਚ ਹਰ ਭਾਰਤ ਦੀ ਛਾਤੀ 'ਤੇ ਗੱਡਿਆ ਨਜ਼ਰ ਆਉਂਦਾ ਹੈ, ਜੋ ਇਹ ਸਵਾਲ ਕਰਦਾ ਹੈ ਕਿ ਸੈਂਕੜੇ ਸ਼ਹੀਦੀਆਂ ਮਗਰੋਂ ਭਾਰਤ ਨੂੰ ਆਜ਼ਾਦ ਕਰਵਾ ਕੇ ਜੇਕਰ ਅਜਿਹੇ ਮੌਕਾ ਪ੍ਰਸਤ ਮਤਲਬ ਪ੍ਰਸਤ ਸਰਪ੍ਰਸਤਾਂ ਹਵਾਲੇ ਹੀ ਕਰਨਾ ਸੀ, ਤਾਂ ਕੀ ਲੋੜ ਸੀ ਏਨੀਆਂ ਕੁਰਬਾਨੀਆਂ ਦੀ। ਇਸ ਨਾਮਾਤਰ ਆਜ਼ਾਦੀ ਨੂੰ ਦੇਸ਼ ਵਾਸੀਆਂ ਦੇ ਦਿਲਾਂ ਨੂੰ ਜਿਸ ਕਦਰ ਉਦਾਸੀ ਦਿੱਤੀ ਹੈ, ਉਸ ਨੂੰ ਬਿਆਨ ਕਰਦਿਆਂ ਸੁਰਜੀਤ ਪਾਤਰ ਦੀ ਕਲਮ ਇਹਦੇ ਅਲਫਾਜ਼ ਹੀ ਕਾਫੀ ਹਨ:

ਕਿੰਨਾ ਹੈ ਮਹਾਨ ਦੇਸ਼, ਓਦੋਂ ਪਤਾ ਲੱਗਿਆ।
ਡੂੰਘਾ ਮੇਰੀ ਹਿੱਕ 'ਤੇ ਤਿਰੰਗਾ ਗਿਆ ਗੱਡਿਆ।
ਝੂਲ ਓ ਤਿਰੰਗਿਆ, ਤੂੰ ਝੂਲ ਸਾਡੀ ਖ਼ੈਰ ਏ।
ਦਿਲ ਹੀ ਉਦਾਸ ਹੈ ਜੀ ਬਾਕੀ ਸਭ ਖ਼ੈਰ ਏ।

EVERCLEAN
FREE ESTIMATES Carpet Cleaning FREE ESTIMATES



SPECIAL
Dining Room, Living Room, Hallway
$39.95

• CARPET CLEANING • CAR SHAMPOO •
• FURNITURE SHAMPOO•
CALL NICK: 604-309-5723
WE ALSO MAKE & REPAIR

BLINDS 50% OFF

BUG SCREENS & WINDOW BLINDS
ਜਾਲੀਆਂ ਅਤੇ ਖਿੜਕੀਆਂ ਦੇ ਪਰਦੇ
ਬਣਾਉਣ ਲਈ ਹਮੇਸ਼ਾਂ ਯਾਦ ਰੱਖੋ

CALL RAMESH: 604-556-9419

SAXBEE INSURANCE AGENCIES LTD.
201 - 32641 South Fraser Way, Abbotsford, B.C. V2T 1X9

- Pro-rate & Cargo *(Pam)*
- Quality Coverage
- Monthly Payment Plans
- New Home Discount
- Farms
- Home Owners
- Tenants
- Mature Discounts Available

Gurpair S. Romana
Pgr: 607-8300
Res: 854-1628

Autoplan 12
Autoplan
Auto Insurance
Construction Ins.
Business Ins.

Call Us For All Your Insurance Needs!
ਆਪਣੀਆਂ ਬੀਮੇ ਸਬੰਧੀ ਸਭ ਲੋੜਾਂ ਲਈ ਸਾਨੂੰ ਫੋਨ ਕਰੋ:-
Toll Free: 857-1373
Abbotsford: 853-5951
Monday to Saturday

Dana Trucking Ltd.

Class 1 Driver to Run Single/Team 48 states and BC - Ontario. Also owner operators. Wages negotiable. Must Pass U.S. Drug Test

ਕਲਾਸ 1 ਡਰਾਈਵਰ ਜਾਂ ਮਾਲਕ ਉਪਰੇਟਰ ਦੀ ਲੋੜ ਹੈ ਬੀ.ਸੀ ਤੋਂ ਉਅਨਟੋਰੀਓ ਅਤੇ ਅਮਰੀਕਾ ਦੀਆਂ 48 ਸਟੇਟਾਂ ਲਈ ਸਿੰਗਲ ਜਾਂ ਟੀਮ ਤੇ ਜਾ ਸਕਦੇ ਹੋ। ਯੋਗ ਤਨਖਾ ਗਲਬਾਤ ਰਾਹੀਂ। USA ਡਰੱਗ ਟੈਸਟ ਪਾਸ ਹੋਣਾ ਜਰੂਰੀ ਹੈ।

Call: (604) 504-2870
Cell: (604) 556-9464
Fax: (604) 504-2874

ਕੀ ਤੁਸੀਂ ਘਰ ਖਰੀਦ ਰਹੇ ਹੋ?

■**Scotiabank** ਤੁਹਾਡੀ ਸੇਵਾ ਵਿੱਚ 24 ਘੰਟੇ ਹਾਜ਼ਰ ਹੈ।

■ਘੱਟ ਤੋਂ ਘੱਟ ਰੇਟਾਂ ਤੇ ਮਾਰਗੇਜ਼, 5.00% ਡਾਊਨ ਦੇ ਕੇ ਵੀ ਘਰ ਲੈ ਸਕਦੇ ਹੋ।

■Appraisal ਫਰੀ ਹੋਵੇਗਾ। ਐਪਲੀਕੇਸ਼ਨ ਦੀ ਕੋਈ ਫੀਸ ਨਹੀਂ।

■ਕੁਆਲੀਫਾਈ ਕਰਨ ਤੇ ਕਰੈਡਿਟ ਲਾਈਨ ਵੀ ਦਿਤੀ ਜਾਵੇਗੀ।

■Compliments of the House ਫਰੀ ਗਿਫਟ ਪਰੋਗਰਾਮ ਬਾਰੇ ਪੁਛੋ।

■Value Account ਖੋਲਣ ਤੇ ਆਪ ਜੀ ਨੂੰ ਚੈਕ ਬੁਕਾਂ ਫਰੀ ਮਿਲਣਗੀਆਂ, ਬਿਲ ਭੱਤੀਆਂ ਬਿਨਾਂ ਫੀਸ ਦੇ ਸਕੋਗੇ, ਟਰੈਵਲਰ ਚੈਕ, ਸਰਟੀਫਾਇਡ ਚੈਕ ਅਤੇ ਮਨੀ-ਆਰਡਰ ਬਨਵਾਉਣ ਦਾ ਵੀ ਕੋਈ ਖਰਚਾ ਨਹੀਂ ਲਗੇਗਾ।

■ਗੋਲਡ ਵੀਸਾ (Gold Visa) ਦੀ ਸਲਾਨਾ ਫੀਸ ਜੋ ਕਿ 95 ਡਾਲਰ ਹੈ, ਵੀ ਮਾਫ ਕੀਤੀ ਜਾਵੇਗੀ।

■ਸੇਫਟੀ ਡੀਪੋਸਿਟ ਬੋਕਸ (Safety Deposit Box) ਵੀ ਮਿਲ ਸਕਦਾ ਹੈ।

■ਕੀ ਤੁਸੀਂ ਨਵੇਂ ਇਮਿਗਰੇਂਟ ਹੋ? 'Welcome to Canada' ਪਰੋਗਰਾਮ ਬਾਰੇ ਪੁਛੋ।

ਅੱਜ ਹੀ ਫੋਨ ਕਰੋ
ਐਮ.ਪੀ. ਸਿੰਘ
ਸੈਲ: (604) 217 1717
ਫੈਕਸ: (604) 870-3570

Scotiabank
THE BANK OF NOVA SCOTIA

Two law firms to serve you.
ਆਪ ਜੀ ਦੀ ਸੇਵਾ ਵਿਚ ਦੋ ਦਫਤਰ ਹਨ।


Douglas MacAdams

MACADAMS LAW FIRM
"WE DO LAWSUITS"
- ICBC CLAIMS
  ਆਈ.ਸੀ.ਬੀ.ਸੀ ਕਲੇਮ
- DEBT COLLECTIONS
  ਕਰਜ਼ਾ ਵਸੂਲ ਕਰਨਾ
- BUSINESS DISPUTES
  ਕਾਰੋਬਾਰੀ ਮਸਲੇ
- EMPLOYMENT DISPUTES
  ਰੋਜ਼ਗਾਰੀ ਮਸਲੇ

WILLS BY RESOLUTION LAW CORPORATION
- WILLS
  ਵਸੀਅਤਨਾਮਾ
- POWERS OF ATTORNEY
  ਮੁਖਤਿਆਰਨਾਮਾ
- ADMINISTRATION OF ESTATES
  ਜਾਇਦਾਦ ਦੀ ਵਿਵਸਥਾ
- DISPUTES REGARDING ESTATES
  ਜਾਇਦਾਦ ਦੇ ਮਸਲੇ

TEL: (604) 850-1675
FAX: (604) 850-1937

TEL: (604) 855-WILL (9455)
FAX: (604) 870-9515

Punjabi Speaking Staff Available ਅਸੀਂ ਇਥੇ ਪੰਜਾਬੀ ਵੀ ਬੋਲਦੇ ਹਾਂ ਜੀ

205 GLADWIN CENTRE II - 2975 GLADWIN ROAD - ABBOTSFORD, BC V2T 5T4

DOUGLAS MACADAMS adm@macadamslaw.com
JOHN DORICIC jmd@macadamslaw.com
BRUCE C. SCOTT bcs@macadamslaw.com

Continued from Page 5

ਸ਼ਾਹ ਮੁਹੰਮਦਾ, ਨੱਪਦੇ ਜਦੋਂ ਘੋੜਾ,
ਕਿਹੜੇ ਗੁਰੂ ਦੇ ਸ਼ਬਦ ਉਚਾਰਦੇ ਓ?

ਇਹ ਜੋ ਗੁਰਾਂ ਨੇ ਤੁਸਾਂ ਨੂੰ ਤੇਗ਼ ਬਖਸ਼ੀ,
ਕਓਂ ਕਰ ਲਹੂ ਗਰੀਬ ਦਾ ਮੰਗਦੀ ਹੈ?
ਇਹਨੂੰ ਕੀਹਨੇ ਜਨੂੰਨ ਦੀ ਪਾਣ ਚਾੜ੍ਹੀ?
ਹੱਥ ਲਹੂ ਨਿਰਦੋਸ਼ ਦੇ ਰੰਗਦੀ ਹੈ।
ਫੇਰ ਨਿਕਲਦੀ ਬਾਹਰ ਮਿਆਨ ਵਿਚੋਂ,
ਪਹਿਲਾਂ ਅਕਲ ਨੂੰ ਛਿੱਕੇ ਤੇ ਟੰਗਦੀ ਹੈ।
ਭੁਲਾ ਕਦੋਂ ਸਰਬੱਤ ਦਾ ਮੰਗਦੀ ਹੈ,
ਬੰਦੇ ਮਾਰਨੋਂ ਕਦੋਂ ਇਹ ਸੰਗਦੀ ਹੈ?
ਉਹਨਾਂ ਆਖਿਆ; "ਸੱਚੀਆਂ ਪੁੱਛਦੇ ਹੋ,
ਅਸਾਂ ਕਦੇ ਨਾ ਗਿਣਤੀਆਂ ਕੀਤੀਆਂ ਨੇ।
ਸੱਚੇ ਪਾਤਸ਼ਾਹ ਨੇ ਕੀਤੀ ਮਿਹਰ ਸਾਰੀ,
ਲਾਈਆਂ ਉਹਨਾਂ ਹੀ ਮੋਚੇ 'ਤੇ ਫੀਤੀਆਂ ਨੇ।
ਬੰਦੇ ਮਾਰ ਤਰੱਕੀਆਂ ਮਿਲਦੀਆਂ ਨੇ,
ਲਾਗੂ ਕੀਤੀਆਂ ਖੁਦ ਰਣਨੀਤੀਆਂ ਨੇ।
ਸਾਨੂੰ ਨਾਮ-ਖੁਮਾਰੀਆਂ ਰਹਿਣ ਚੜ੍ਹੀਆਂ,
ਭੰਗਾਂ ਜਿਸ ਤਰਾਂ ਘੋਟ ਕੇ ਪੀਤੀਆਂ ਨੇ।"

ਇੱਕ ਦਿਨ ਆਣ ਕੇ 'ਬਾਬਿਆਂ' ਹੁਕਮ ਕੀਤਾ;
"ਲਾਸ਼ ਠਾਣਿਓਂ ਲੈਣ ਨੂੰ ਚੱਲਣਾ ਜੀ।
ਰਾਤੀਂ ਹੋ ਗਿਆ ਸਿੰਘ ਸ਼ਹੀਦ ਸਾਡਾ,
ਵੱਡੀ ਸੜਕ ਵਾਲਾ ਰਸਤਾ ਮੱਲਣਾ ਜੀ।
ਕੱਢੇ ਪਿੰਡ ਤੋਂ ਬਾਹਰ ਟਰਾਲੀਆਂ ਨੂੰ,
ਬੰਦਾ ਘਰਾਂ ਪ੍ਰਤੀ ਇੱਕ ਘੱਲਣਾ ਜੀ।
ਸ਼ਾਹ ਮੁਹੰਮਦਾ ਪਿਛਾਂਹ ਨੂੰ ਨਹੀਂ ਮੁੜਨਾ,
ਹੱਲਾ ਪੁਲਸ ਦਾ ਅੱਗਿਓਂ ਠੱਲ੍ਹਣਾ ਜੀ।"

ਥੋਹੜੇ ਰਹੇ ਗਰੀਬੜੇ ਪਿੰਡ ਅੰਦਰ,
ਬਹੁਤੇ ਭੱਜ ਗਏ ਬਾਹਰ ਨੂੰ ਡਰੇ ਮੀਆਂ।
ਸਾਨੂੰ ਇਹਨਾਂ ਨੇ ਮੌਤ ਦੇ ਮੂੰਹ ਦੇਣਾ,
ਕੋਈ ਐਵੇਂ ਅਜਾਈਂ ਕਿਉਂ ਮਰੇ ਮੀਆਂ।
ਦਿੱਤਾ ਇਨ੍ਹਾਂ ਦਾ ਅਸੀਂ ਨਾ ਖਾਵਣਾ ਹੈ,
ਵਾਧੂ ਚੱਟੀਆਂ ਕੋਈ ਕਿਉਂ ਭਰੇ ਮੀਆਂ।
ਸ਼ਾਹ ਮੁਹੰਮਦਾ ਪਊਗੀ ਕੂੰਟ ਅੱਗੋਂ,
ਕੌਣ ਅੱਗ ਬਲਦੀ ਪੈਰ ਧਰੇ ਮੀਆਂ।

ਤੁਰੇ ਭਰੀ ਟਰਾਲੀਆਂ ਵੱਲ ਥਾਣੇ,
ਪਿੰਡੋਂ ਡਰਦਿਆਂ ਡਰਦਿਆਂ ਨਿਕੱਲ ਚੱਲੇ।
ਅੱਗੋਂ ਫੌਜ, ਪੁਲੀਸ, ਉਡੀਕਦੀ ਸੀ,
ਪਿੱਛੋਂ 'ਬਾਬਿਆਂ' ਦੇ ਹੁਕਮ ਸੀ ਸਖਤ ਘੱਲੇ।
ਮਾਰ ਮਾਰ ਕੇ ਸੋਕੀਆਂ ਖੂਬ ਮੋਰਾਂ,
ਪਿਆ ਕੱਖ ਨਾ ਲੋਕਾਂ ਦੇ ਹੱਥ-ਪੱਲੇ।
ਸ਼ਾਹ ਮੁਹੰਮਦਾ ਪਿਛਾਂਹ ਨੂੰ ਉਠ ਨੱਠੇ,
ਦੋਹਾਂ ਵੈਰੀਆਂ ਦੇ ਲੋਕਾਂ ਵਾਰ ਝੱਲੇ।

ਹੋਈ ਸੰਧਿਆ ਚੱਲਿਆ ਸੁਹਰਿਆਂ ਨੂੰ,
ਨਾਲ ਚਾਅ ਦੇ ਇੱਕ ਜਵਾਈ ਮੀਆਂ।
ਜਾਂਦੇ ਹੋਏ ਕੁਵੇਲਾ ਕੁਝ ਹੋ ਗਿਆ ਸੀ,
ਉਤੋਂ ਰਾਤ ਸਿਆਲ ਦੀ ਆਈ ਮੀਆਂ।
ਵਾਜਾਂ ਮਾਰੀਆਂ, ਬੂਹਾ ਨਾ ਕੋਈ ਖੋਲ੍ਹੇ,
ਪਾਈ ਬਹੁਤ ਪ੍ਰਾਹੁਣੇ ਦੁਹਾਈ ਮੀਆਂ।
ਸ਼ਾਹ ਮੁਹੰਮਦਾ, ਸਮਝਿਆ ਸੁਹਰਿਆਂ ਨੇ,
ਫੇਰੀ ਕਿਸੇ 'ਚੰਡਾਲ' ਨੇ ਪਾਈ ਮੀਆਂ।

ਆਣ ਪਹੁੰਚਦੇ ਜਦੋਂ ਤਨਖਾਹ ਮਿਲਦੀ,
ਧੱਕੇ ਨਾਲ ਦਸਵੰਧ ਕਢਵਾਉਣ ਲੱਗੇ।
'ਖਰਚਾ 'ਜੰਗ' ਤੇ ਪੰਥ ਦਾ ਬਹੁਤ ਆਵੇ',
ਪੈਸੇ ਟੀਚਰਾਂ ਕੋਲੋਂ ਉਗਰਾਹੁਣ ਲੱਗੇ।
ਜਜ਼ੀਆ ਠੋਕਿਆ ਪੰਥ ਦੇ ਪਿਆਰਿਆਂ ਨੇ,
ਖੂਬ ਕੌਮ ਦਾ ਨਾਮ ਚਮਕਾਉਣ ਲੱਗੇ।
ਸ਼ਾਹ ਮੁਹੰਮਦਾ, ਭੱਜ ਕੇ ਜਾਣ ਕਿੱਥੇ,
ਸਿੰਘ ਚੌਮ ਉਸਤਾਦਾਂ ਦਾ ਲਾਹੁਣ ਲੱਗੇ।

ਰਾਤੀਂ ਲੰਘਦੇ ਤੱਕਿਆ ਪਿੰਡ ਲਾਗੋਂ,
ਕੁੜੀਆਂ ਬੈਠੀਆਂ ਘੋੜੀਆਂ ਗਾਉਂਦੀਆਂ ਸੀ।
ਮਿੱਠੇ ਬੋਲ ਹਵਾਵਾਂ 'ਚ ਮਹਿਕਦੇ ਸੀ,
ਲਪਟਾਂ ਦੂਰ ਤੀਕਰ ਜਾਣੋਂ ਆਉਂਦੀਆਂ ਸੀ।
ਗੁੱਸਾ ਆ ਗਿਆ 'ਕੌਮ ਦੇ ਸੇਵਕਾਂ' ਨੂੰ,
ਤੜ ਤੜ ਗੋਲੀਆਂ ਚੁੱਪ ਕਰਾਉਂਦੀਆਂ ਸੀ।

ਸ਼ਾਹ ਮੁਹੰਮਦਾ ਮਾਵਾਂ ਨੇ ਧਾਹ ਮਾਰੀ,
ਕੁੜੀਆਂ ਡਰਦੀਆਂ ਜਾਨ ਲੁਕਾਉਂਦੀਆਂ ਸੀ।

ਬੱਚੇ ਚੁੱਕਦੇ ਘਰਾਂ ਤੋਂ ਦਿਨੋਂ ਆ ਕੇ
ਕੈਸਾ ਪੈ ਗਿਆ ਵੇਖ ਹਨੇਰ ਮੀਆਂ।
ਪੁਲਸ ਕਦੇ ਨਾ ਪਹੁੰਚਦੀ ਲੋੜ ਵੇਲੇ,
ਸੁਨ ਵਰਤਦੀ ਚਾਰ-ਚੁਫੇਰ ਮੀਆਂ।
ਨਾਕੇ ਲੱਗਦੇ ਬਹੁਤ ਹੀ ਦੇਰ ਪਿਛੋਂ,
ਲੈਣ ਗਲੀ ਮੁਹੱਲੇ ਸਭ ਘੇਰ ਮੀਆਂ।
ਸ਼ਾਹ ਮੁਹੰਮਦਾ ਕੌਣ ਛੁਡਾਊ ਤੈਨੂੰ,
ਕਾਬੂ ਆ ਗਿਆ ਜੋ ਇੱਕ ਵੇਰ ਮੀਆਂ।

ਕਰਦੇ ਕਈ ਲੋਕੀਂ ਸ਼ੋਭਾ 'ਬਾਬਿਆਂ' ਦੀ,
ਡੰਡੇ ਨਾਲ ਨੇ ਨਵੇਂ ਸੁਧਾਰ ਕੀਤੇ।
ਜਿਹੜੇ ਮੰਨਦੇ ਹੁਕਮ ਨਾ, ਬੰਨ੍ਹ ਲੈਂਦੇ,
ਮਾਰ ਗੋਲੀਆਂ, ਸੀ ਕਿੰਨੇ ਪਾਰ ਕੀਤੇ।
ਕੁੱਟ ਕੁੱਟ ਕੇ ਤੋੜਤੇ ਅੰਗ ਸਾਰੇ,
ਰਾਜ਼ੀ ਬਾਜ਼ੀ ਵੀ ਖੋਫ਼ ਬੀਮਾਰ ਕੀਤੇ।
ਸ਼ਾਹ ਮੁਹੰਮਦਾ, ਮਰੇ ਜਾਂ ਕੋਈ "ਯੋਧਾ"
ਲੋਕਾਂ ਰੱਬ ਦੇ ਸ਼ੁਕਰ ਹਜ਼ਾਰ ਕੀਤੇ।

ਬੜੀ ਸੁਣੀ ਉਸਤਾਦ ਦੀ ਅਸੀਂ ਸ਼ੋਭਾ,
ਬੱਚੇ ਫੁੱਲਾਂ ਦੇ ਵਾਂਗ ਪਿਆਰਦਾ ਸੀ।
ਸੱਚੀ ਗੱਲ ਨੂੰ ਆਖਦਾ ਮੂੰਹ ਉਤੇ,
"ਝੂਠਾ" ਝੂਠ ਨੂੰ ਆਖ ਦੁਰਕਾਰਦਾ ਸੀ।
ਚੰਗਾ ਲੱਗੇ ਨਾ 'ਪੰਥ ਦੇ ਹੀਰਿਆਂ' ਨੂੰ,
ਕਹਿਣ, 'ਬੱਚਿਆਂ ਨੂੰ ਕੁੱਟਦਾ ਮਾਰਦਾ ਸੀ'।
ਸ਼ਾਹ ਮੁਹੰਮਦਾ, ਸਾਡ ਤਾ ਰਾਤ ਜੀਂਦਾ,
ਮਰਦਾ ਹੋਇਆ ਵੀ ਗੀਤ ਉਚਾਰਦਾ ਸੀ।

ਗੇੜਾ ਦੇਰ ਪਿਛੋਂ ਲੱਗਾ ਸਹੁਰਿਆਂ ਦਾ,
ਡਰਦਾ ਗੱਲ ਨਾ ਖੁੱਲ੍ਹ ਕੇ ਕਰੇ ਮੀਆਂ।
ਕਹੇ, "ਪੁੱਤਰਾ ਹੋਇਆਂ ਨਾਰਾਜ਼ ਕਾਹਤੋਂ?"
ਸੱਸ ਬੈਠ ਲਾਗੇ ਹਉਕੇ ਭਰੇ ਮੀਆਂ।
ਕਿੰਨਾ ਚਾਅ ਚੜ੍ਹਿਆ ਦੇਵਾਂ ਸਾਲਿਆਂ ਨੂੰ,
ਬੋਤਲ ਖੋਲ੍ਹ ਵੱਡਾ ਲਾਗੇ ਧਰੇ ਮੀਆਂ।
ਪਿੰਡ ਪਵੇ ਸਰਹੱਦ ਦੇ ਐਨ ਉਤੇ,
ਸ਼ਾਹ ਮੁਹੰਮਦਾ ਨਸ਼ਾ ਨਾ ਚੜ੍ਹੇ ਮੀਆਂ।

ਅੱਧੀ ਰਾਤ ਨੂੰ ਆਣ ਕੇ ਪਵੇ ਘੇਰਾ,
ਰੋਜ਼ ਰੋਜ਼ ਤਲਾਸ਼ੀਆਂ ਹੋਣ ਮੀਆਂ।
ਭੈਣਾਂ ਕਹਿਣ, 'ਕੀ ਪਾਪ ਨੇ ਅਸੀਂ ਕੀਤੇ',
ਮਾਂਵਾਂ ਚੁੱਲਿਆਂ ਕੋਲ ਬਹਿ ਰੋਣ ਮੀਆਂ।
ਸੂਈ ਸੋਚ ਦੀ, ਡੋਰ ਦਲੀਲ ਵਾਲੀ,
ਲੜੀ ਦੁੱਖਾਂ ਦੀ ਬੈਠ ਪਰੋਣ ਮੀਆਂ।
ਸੋਚਾਂ ਮੈਲੀਆਂ ਮੈਲੀਆਂ ਲਗਦੀਆਂ ਨੇ,
ਕਿਹੜੀ ਝੀਲ ਸੁਲੱਖਣੀ ਧੋਣ ਮੀਆਂ।

ਖੌਫ਼ਨਾਕ ਸੀ ਕਹਿਣ 'ਸੁਰਜੀਤ ਪੈਂਟਾ',
ਸਿੱਕੇ ਚੌਮ ਦੇ ਖੂਬ ਚਲਾਏ ਮੀਆਂ।
ਗਰਮੀ ਲੱਗਦੀ, ਹਿੱਲੇ ਨਾ ਕੋਈ ਪੱਤਾ,
ਬਿਜਲੀ ਟੁੱਟਵੀਂ; ਕਹੋ, ਕਿਉਂ ਆਏ ਮੀਆਂ।
ਵੱਟ ਲੱਗਦਾ "ਪੰਥ ਦੇ ਹੀਰਿਆਂ" ਨੂੰ,
ਗੋਲੀ ਔਕੜਾਂ ਕੁੱਲ ਸੁਲਝਾਏ ਮੀਆਂ।
ਦਫਤਰ ਆਣ ਕੇ ਮਾਰ ਤੇ ਤਿੰਨ ਕਾਮੇ,
ਡਰਦਾ ਵੈਣ ਨਾ ਕੋਈ ਵੀ ਪਾਏ ਮੀਆਂ।

ਸਿੰਘ ਸੂਰਮਾਂ ਇਕ ਜਰਨੈਲ ਵੱਡਾ,
ਕਹਿਣ ਮੌਤ ਨੂੰ ਟਿੱਚਰਾਂ ਕਰੇ ਮੀਆਂ।
ਘੇਰਾ ਤੋੜ ਕੇ ਲੰਘਿਆ ਕਈ ਵਾਰੀਂ,
ਗੋਲੀ ਜਦੋਂ ਚੁਪਾਸਿਓਂ ਵਰ੍ਹੇ ਮੀਆਂ।
ਘੇਰਾ ਪੈ ਗਿਆ ਪੁਲਸ ਦਾ ਚਾਰੇ ਪਾਸੇ,
ਪਿੰਡ ਸੋਚਦਾ; "ਜੂਝਦਾ ਮਰੇ ਮੀਆਂ।
ਸ਼ਾਹ ਮੁਹੰਮਦਾ 'ਸੂਰਮੇ' ਜਹਿਰ ਖਾਧੀ,
ਮੂਧਾ ਪਿਆ ਸੀ ਕੰਧ ਤੋਂ ਪਰੇ ਮੀਆਂ।

ਪੜਾ ਲੱਗੇ ਨਾ ਕਹੀਏ ਸ਼ਹੀਦ ਕੀਹਨੂੰ,
ਸਾਨੂੰ ਰੋਜ਼ ਵਿਦਵਾਨ ਸਮਝਾਉਣ ਲੱਗੇ।
ਤਿੰਨ ਤਿੰਨ ਸੌ ਜਿਨ੍ਹਾਂ ਨਿਰਦੋਸ਼ ਮਾਰੇ,
'ਸੱਚੇ ਸੂਰਮੇ ਬੀਰ ਅਖਵਾਉਣ ਲੱਗੇ।
ਲੁੱਟਾਂ ਕੀਤੀਆਂ, ਨਾਨਕੇ ਪਿੰਡ ਪਹਿਲਾਂ,
ਗੰਫੇ ਫੇਰ ਚੁਫੇਰਿਓਂ ਆਉਣ ਲੱਗੇ।
ਸ਼ਾਹ ਮੁਹੰਮਦਾ, ਉਜੜੇ ਪਿੰਡ ਕਹਿੰਦੇ,
ਅੱਗ ਕੌਣ ਆ ਕੇ ਹੱਥੀਂ ਲਾਉਣ ਲੱਗੇ।



ਫਾਰਮ ਵਰਕਰਾਂ ਦੀ ਜ਼ਰੂਰਤ

B.C. ਲੇਬਰ ਸਪਲਾਈ ਕੰਪਨੀ ਵਾਲਿਆਂ ਨੂੰ ਫਾਰਮ ਅਤੇ ਨਰਸਰੀ ਵਰਕਰਾਂ ਦੀ ਜਰੂਰਤ ਹੈ। ਸਾਡੇ ਕੋਲ ਸਟਰਾਬੇਰੀ, ਰਸਪਬੇਰੀ, ਬਲਿਊਬੇਰੀ, ਸਬਜੀਆਂ ਲੈਟਸ, ਖੀਰੇ ਤੋੜਨ ਦਾ ਕੰਮ ਹੈ। ਸਾਡੇ ਕੋਲ ਸਾਰਾ ਸਾਲ ਘੰਟਿਆਂ ਦਾ ਕੰਮ ਵੀ ਚਲਦਾ ਰਹਿੰਦਾ ਹੈ। 1000 ਤੋਂ 1500 ਘੰਟੇ ਹਰੇਕ ਵਰਕਰ ਨੂੰ ਦਿੱਤਾ ਜਾਂਦਾ ਹੈ। ਕੈਨਰੀ ਵਿਚ ਨੌਜਵਾਨ ਲੜਕੇ ਅਤੇ ਲੜਕੀਆਂ ਦੀ ਜਰੂਰਤ ਹੈ। ਤਨਖਾਹ $ 7.90 ਤੋਂ ਸ਼ੁਰੂ ਹੁੰਦੀ ਹੈ। ਕੀਤੇ ਕੰਮ ਦੀਆਂ U.I.C.ਦੀਆਂ ਸਟੈਂਪਾਂ ਵੀ ਦਿੰਦੇ ਹਾਂ। ਸਾਡਾ ਪੀਸ ਵਰਕ ਦਾ ਰੇਟ ਦੂਜਿਆਂ ਦੇ ਮੁਕਾਬਲੇ ਜਿਆਦਾ ਹੈ।

ਜੇਕਰ ਕੋਈ ਵਿਅਕਤੀ ਸਾਡੇ ਨਾਲ ਕੰਮ ਤੇ ਹੋਰ ਵਰਕਰ ਲਿਆਏਗਾ ਉਸਨੂੰ 20 ਡਾਲਰ ਪ੍ਰਤੀ ਵਰਕਰ ਦਿਤੇ ਜਾਣਗੇ।

ਅਜ ਕੀਤੇ ਕੰਮ ਦੇ ਪੈਸੇ ਸ਼ਾਮ ਨੂੰ ਲੈ ਸਕਦੇ ਹੋ।

ਸਾਨੂੰ ਤਜਰਬਾਕਾਰ ਟ੍ਰੈਕਟਰ ਡਰਾਈਵਰ ਦੀ ਵੀ ਜ਼ਰੂਰਤ ਹੈ।

ਸਰੀ, ਐਬਟਸਫੋਰਡ, ਮਿਸ਼ਨ, ALDERGROVE, ਪਿਟਮਿਡੋ, MAPLERIDGE, ਤੋਂ ਚੁਕਣ ਅਤੇ ਛੱਡਣ ਦਾ ਪੂਰਾ ਵਧੀਆ ਪ੍ਰਬੰਧ ਹੈ। ਤੁਸੀਂ ਆਪਣੀ ਰਾਈਡ ਤੇ ਵੀ ਆ ਸਕਦੇ ਹੋ ਅਤੇ ਜਿਆਦਾ ਰੇਟ ਵੀ ਪ੍ਰਾਪਤ ਕਰ ਸਕਦੇ ਹੋ।

ਐਬਟਸਫੋਰਡ ਲਈ ਮਰਦ ਜਾਂ ਔਰਤ ਕਲਾਸ ਚਾਰ ਦੇ ਲਾਈਸੰਸ ਵਾਲੇ ਵੈਨ ਡਰਾਈਵਰ ਦੀ ਲੋੜ ਹੈ, ਪਾਰਟ ਟਾਈਮ ਕੰਮ ਵੀ ਮਿਲ ਸਕਦਾ ਹੈ।

ਇੰਡੀਆ ਤੋਂ ਨਵੇਂ ਆਏ ਪਰਿਵਾਰਾਂ ਨੂੰ ਖਾਸ ਸਹੂਲਤ ਦਿੱਤੀ ਜਾਂਦੀ ਹੈ। ਕੰਮ ਦਾ ਮਾਹੌਲ ਕਾਨੂੰਨ ਮੁਤਾਬਕ ਹੋਵੇਗਾ।



(604) 557-0228
or
(604) 835-8300

COMMUNITY FUTURES DEVELOPMENT CORP. OF NORTH FRASER

STARTING A BUSINESS? EXPANDING YOUR BUSINESS? NEED MONEY, ADVICE? HAVE QUESTIONS?

CHANCES ARE WE CAN HELP!!!

COMMUNITY FUTURES DEVELOPMENT CORPORATION OF NORTH FRASER OFFERS:

√ • Business Development: Developing and expanding capital through repayable loans, and providing technical counselling advice to small businesses in the District of Mission, Agassiz and Harrison Hot Springs

√ • Self Employment Program: Anyone living in the Fraser Valley who has had a regular Employment Insurance claim in the last 3 years, or a maternity/parental claim in the last 5 years, can apply. The SE program is designed to assist potential entrepreneurs.

√ • Community Development: Bringing people of various groups and interests together for serious discussion of community issues and opportunities through assistance in facilitating the flow of decision, activities, goals and objectives.

ਕਾਰੋਬਾਰ ਜਾਂ ਬਿਜ਼ਨਸ ਸ਼ੁਰੂ ਕਰਨਾ ਚਾਹੁੰਦੇ ਹੋ? ਆਪਣੇ ਕਾਰੋਬਾਰ ਜਾਂ ਬਿਜ਼ਨਸ ਦਾ ਵਿਸਥਾਰ ਕਰਨਾ ਚਾਹੁੰਦੇ ਹੋ? ਪੈਸੇ ਜਾਂ ਸਲਾਹ ਦੀ ਲੋੜ ਹੈ? ਕੁਝ ਪੁੱਛਣਾ ਚਾਹੁੰਦੇ ਹੋ?

ਸ਼ਾਇਦ ਅਸੀਂ ਤੁਹਾਡੀ ਮੱਦਦ ਕਰ ਸਕੀਏ!!

ਕਮਿਊਨਟੀ ਫਿਊਚਰਜ਼ ਡਿਵੈਲਪਮੈਂਟ ਕਾਰਪੋਰੇਸ਼ਨਜ਼ ਵਲੋਂ ਪੇਸ਼ਕਸ਼:

☐ *ਕਾਰੋਬਾਰ ਜਾਂ ਬਿਜ਼ਨਸ ਦੇ ਵਾਧੇ ਲਈ:* ਮੋਤਨ ਵਾਲੇ ਕਰਜ਼ਿਆਂ ਰਾਹੀਂ ਤੁਹਾਡੀ ਪੂੰਜੀ ਦਾ ਵਾਧਾ ਕਰਨਾ, ਮਿਸ਼ਨ, ਐਗਾਸਿਜ਼ ਅਤੇ ਹੈਰੀਸਨ ਜਾਟ ਸਪਰਿੰਗਜ਼ ਦੇ ਜ਼ਿਲ੍ਹਿਆਂ ਵਿਚ ਵੱਟੇ ਕਾਰੋਬਾਰਾਂ ਜਾਂ ਧੰਦਿਆਂ ਨੂੰ ਤਕਨੀਕੀ ਸਿਖਿਆ ਜਾਂ ਸਲਾਹ ਦੇਣਾ।

☐ *ਸਵੈ-ਰੋਜ਼ਗਾਰ ਦੇ ਪ੍ਰੋਗਰਾਮ:* ਜੇ ਪਿਛਲੇ ਤਿੰਨ ਸਾਲ ਤੋਂ ਘੱਟ ਆਈ, ਤੇ ਹੋਵੇ ਜਾਂ ਪਿਛਲੇ ਪੰਜਾਂ ਸਾਲਾਂ ਵਿਚ ਮੈਟਰਨਟੀ ਜਾਂ ਪੇਰੈਂਟਲ ਕਲੇਮ ਕੀਤਾ ਹੋਵੇ, ਉਹ ਅਰਜ਼ੀ ਦੇ ਸਕਦਾ ਹੈ। ਐਸ.ਈ. ਪ੍ਰੋਗਰਾਮ ਸੰਭਵੀ ਉੱਦਮੀਕਰਤਿਆਂ (ਇਨਟਰਪ੍ਰਨਿਉਰਜ਼) ਲਈ ਸਿਖਿਆ ਗਿਆ ਹੈ

☐ *ਕਮਿਊਨਟੀ ਦੀ ਉੱਨਤੀ ਲਈ:* ਕਮਿਊਨਿਟੀ ਨੂੰ ਦਰਪੇਸ਼ ਮਸਲਿਆਂ ਬਾਰੇ ਭਾਤ ਸੁਭਾਤੇ ਤੇ ਵੱਖਰੇ ਹਿਤ ਰੱਖਣ ਵਾਲੇ ਗਰੁਪਾ ਨੂੰ ਸੰਜੀਦਾ ਗੱਲਬਾਤ ਲਈ ਇਕੱਠੇ ਕਰਨਾ ਅਤੇ ਉਨ੍ਹਾਂ ਲਈ ਫੈਸਲੇ ਲੈਣਾ। ਕਾਰ, ਮੰਤਵ ਅਤੇ ਨਿਸ਼ਾਨੇ ਮਿਥਣ ਲਈ ਮੌਕੇ ਪੈਦਾ ਕਰਨ ਵਿਚ ਸਹਾਇਤਾ ਕਰਨਾ।

ਕਮਿਊਨਿਟੀ ਫਿਊਚਰਜ਼ ਡਿਵੈਲਪਮੈਂਟ ਕਾਰਪੋਰੇਸ਼ਨਜ਼ ਆਫ ਨਾਰਥ ਫਰੇਜ਼ਰ

32388 Fletcher Avenue, Mission, B.C. • V2V 5T1

Ph: (604) 826-6252 • Fax(604) 826-0052

ਐਬਟਸਫੋਰਡ ਚ ਤੁਹਾਡਾ ਆਪਣਾ ਦੰਦਾਂ ਦਾ ਕਲਿਨਿਕ

Dr. Manjinder Saini Inc.

-Dentist-

ਨਵੇਂ ਅਤੇ ਐਮਰਜੰਸੀ ਮਰੀਜ਼ਾਂ ਲਈ ਸੇਵਾਵਾਂ ਹਾਜ਼ਰ। ਅਸੀਂ ਅੰਗ੍ਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਬੋਲਦੇ ਹਾਂ।

New patients and emergency walk-ins welcome! We speak English, Punjabi, Hindi & Urdu.

Working Hours Mon - Sat 10:00am - 9:00pm Sun 10:00am - 5:00pm

We are above *Subway* at the 5 corner junction on South Fraser Way, just a 5 minute walk from the Sikh Temple.

-ਗੁਰਦੁਆਰੇ ਤੋਂ ਸਿਰਫ ਪੰਜ ਮਿੰਟ ਦੀ ਵਾਕ- **Tel: (604) 852-3935**

201-33640 South Fraser Way, Abbotsford. B.C. V2S 2B9

Malaysia, the Police State

It was a simple occasion, a casual dinner on a balmy Sunday evening at an open-air restaurant in the suburbs of Kuala Lumpur. The wives and children of six opposition activists who had spent four months imprisoned without trial under Malaysia's Internal Security Act were joined by a few dozen friends keen to share their anguish and show solidarity.

But as the guests arrived they were met by a legion of gatecrashers. More than 80 riot police armed with shields, batons and tear gas guns encircled the building as two water cannon trucks were moved into position opposite the entrance. While senior officers stood by directing road blocks and talking on two-way radios, plainclothes special branch officers moved among the arriving diners taking photographs.

As Nagapan Gobalakrishnan, a senior member of the opposition Keadilan Party and a former security act detainee, rose to welcome guests after the first dishes of curry and rice were served, the helmeted riot police moved in and seized the portable public address system. Officers threatened to fire water cannon and arrest everyone if the group refused to disperse. After a tense standoff, the party broke up.

Later that night the riot squads moved on to the home of another opposition official who was addressing a small group in his front garden. This time water cannon were fired, arrests made and people milling in the street beaten and chased away. The scene has been repeated daily in suburbs, towns and villages across Malaysia over recent weeks.

Welcome to the brave new world of Malaysia, where even peaceful political meetings are now banned, where those who dare challenge the ruling order can be sent without trial to solitary confinement for two years on an administrative whim, where anyone who does not support the ruling party can be branded a subversive and where even eating can be a crime. Welcome to Asia's new police state.

Facing perhaps the greatest threat to his 20-year rule, Dr Mahathir Mohamad has responded with a fierce crackdown on his political opponents that is testing the boundaries of Malaysia's democracy. Over the past few months, the Internal Security Act a law enacted by the colonial British administration to fight communist insurgents has been dusted down to lock up the brightest and most outspoken young opposition leaders, tougher media restrictions have been imposed and a purge of campus activism has seen students arrested and expelled.

Last month the government arbitrarily banned all political gatherings, including those held indoors and on private property, launching police on nationwide raids that have seen dozens of people detained and hundreds more harassed and threatened. In Malacca, a meeting last weekend attended by Hadi Awang, chief minister of the opposition-ruled state of Terengganu, was broken up 20 minutes into his speech.

Last week 10 people associated with the biggest opposition party, the moderate Islamic-based Parti Islam Semalaysia (Pas) including the son of the chief minister of the Pas government in Kelantan state, Nik Aziz Nik Mat were rounded up under the security act and accused of plotting the violent overthrow of the government after receiving terrorist training from Afghanistan's Taliban militia.

In response to an opposition outcry that the arrests were baseless and politically motivated, Dr Mahathir warned ominously that he could also have ordered the arrest of the leaders of the opposition parties: "They can say what they like. If we are politically motivated we will arrest the real leaders such as Nik Aziz, Hadi Awang and (Democratic Action Party leader) Lim Kit Siang, but we did not."

Malaysia's worsening political crisis began with the sacking almost three years ago of Dr Mahathir's deputy and annointed successor, Anwar Ibrahim. Later jailed for 15 years on charges of corruption and sodomy charges discredited by international legal observers and the United States Government Anwar's real crime was to challenge the increasingly autocractic leadership of Dr Mahathir and endemic corruption within the ruling United Malays National Organisation.

The harsh treatment of the popular Anwar triggered street protests and an electoral backlash that has severely eroded UMNO's once monolithic support in the Malay community. The last general election, two years ago, saw big swings away from UMNO to Pas and other opposition parties, a trend underscored in subsequent byelections.

Now the government is facing a serious judicial challenge to its use of the police and public security apparatus in an increasingly desperate attempt to fight the political groundswell a shift that some analysts believe could unseat UMNO for the first time since independence at the next elections.

A full bench of the Federal Court, Malaysia's highest court, this week began hearing an appeal by the six opposition activists still held since the Internal Security Act arrests in April, a case shaping as a landmark test of both the use of the act and the independence of the Malaysian legal system, which has long been subjected to intense political pressure.

In a sign of growing alarm within the judiciary at abuses under the act, High Court judge Hishamudin Mohamad freed two detainees in April, denouncing police for failing to substantiate claims that they were part of a plot to topple the government. "Those police officers responsible for the detention of the applicants must wake up to the fact that the supreme law of this country is the constitution and not the ISA," the judge warned. "To deny the detainees and their families access to one another and to their lawyers for such a long period is cruel, inhuman and oppressive."

There is now speculation that the new reformist Chief Justice, Mohamad Dzaiddin Abdullah whose appointment last year was opposed by Dr Mahathir will deliver a judgment that will severely curtail use of the security act and ensure greater protection of detainees an outcome that could provoke a showdown.

Before adjourning the hearing to early next month, the court dealt an initial blow to the government by admitting affidavits by the six detainees. In doing so, a rare window was opened on the often brutal and degrading methods employed by Malaysia's police and security forces against political prisoners.

All of the six detailed physical and psychological torture in solitary confinement, where they were refused contact with their families and legal counsel. All said they were interrogated intensively about their political activities and connections, and abused and threatened for failing to support the Mahathir Government. All insist they were never asked about their supposed involvement in a violent plot against the government the reason both Police Chief Norian Mai and Dr Mahathir gave publicly for their arrests.

Saari bin Sungib, who was arrested after being dragged from a car in front of his distraught wife and children, was subjected to daily interrogation over many weeks: "I was questioned continuously for 38 hours without sleep. The police used five to six investigating officers taking turns among themselves to interrogate me and did not allow me to lie down, or put my head on the table or stand resting on my back and head to the wall."

The abuse of the security act alarms Human Rights Commissioner Mehrun Siraj, former dean of the law school at the National University of Malaysia. "They are using it against any sector of society that looks like it is going to oppose the government and in none of these arrests have the police shown that these people were a threat to national security," she says. "If they have evidence, they can charge these people under the penal code."

Bar Council president Mah Weng Kwai agrees: "There is real cause for concern at what is happening. The frequency of the use of the ISA is getting too close for comfort. This is an oppressive piece of legislation and it should be repealed as soon as possible."

Late last week, the government-appointed Human Rights Commission, known as Suhakam, published a report warning of a serious erosion of civil liberties, accusing police of using high-handed and violent tactics against protesters. "In the past three years, Malaysian civil society has strengthened and the demand for civil and political rights has become louder," the report said. "This has meant that government action that infringes the fundamental rights of its citizens no longer remains unchallenged. It is imperative for the government to respond to the changing political climate and the changing aspirations of Malaysian civil society."

But it is a warning Dr Mahathir Mohamad appears to have no intention of heeding.

Suicides in Punjab

The series of news reports (Aug. 7, 8, 9) on suicides in rural Punjab by Mr. Sarabjit Pandher was, to be quite frank, overdue. The reports reflect the writer's knowledge of the situation and empathy with the desperate farmers of the State. However, the problems of the Punjab farmer are not beyond solution.

Even as the Centre goes about opening up the country to the incursions of foreign produce as required under the WTO, it is still wrong to count the Punjab farmer as a lost cause. The people of rural Punjab have time and again demonstrated that they have the will to work. All they ask for is some small assurance that their backbreaking toil will leave them with a reasonable margin of profit and not deeper in debt.

The implementation of existing laws against usurious loans, setting up of a debt conciliation board, and other measures such as abolition of land-ceiling laws and half-yearly revision of input-pricing in line with expected grain prices would help in restructuring agriculture in the State.

Earlier, a farmer who couldn't make a profit out of his land would sell it, use the money to buy a truck and hope to support his family as a transporter. In recent years, unionisation and the economics of trucking have closed even this alternative. The only way out for him is suicide.

Although village social cohesion is greater than what one sees in cities and the will to help the survivors is there, the villages do not have resources to keep the bereft dependents going. Sans schooling, adequate health care and opportunities to work, the future is grim for the young sons and daughters of the farmer.

The State and the Centre fought an all-out war in Punjab for 15 years from the mid-80s. By neglecting this burgeoning crisis of rising suicides, the State is paving the way for another, perhaps a worse, upsurge.

ਐਬਸਫੋਰਡ ਵਿੱਚ ਖੁੱਲ ਗਿਆ ਹੈ ਮੋਗੇ ਵਾਲਿਆਂ ਦਾ ਗਹਿਣਿਆਂ ਦਾ ਸ਼ੋਅ ਰੂਮ

ਚਮਕੌਰ ਜਿਊਲਰਜ਼ ਇੰਕ. ਮੋਗੇ ਵਾਲੇ ਪਿੰਡ ਕੋਕਰੀ

* 22 ਅਤੇ 24 ਕੈਰਟ ਦੇ ਗਹਿਣੇ
* ਚਾਂਦੀ ਦੀਆਂ ਗਿਫਟ ਆਈਟਮਾਂ
* ਸੋਨੇ ਦੇ ਬਿਸਕੁਟ ਬੈਂਕ ਰੇਟ
* ਬਰਥ ਸਟੋਨ
* ਅਪਰੇਜ਼ਲ
* ਮੁਰੰਮਤ
* ਘੜੀਆਂ
* ਇੰਡੀਆ ਵਿਖੇ 24 ਘੰਟਿਆਂ 'ਚ ਪੈਸੇ ਭੇਜੇ ਜਾਂਦੇ ਹਨ

* SILVER GIFT ITEMS
* GOLD BARS ON BANK RATE
* BIRTH STONE
* APPRAISAL
* WATCHES
* MONEY EXCHANGE TO INDIA WITH IN 24 HOURS

ਸਾਡੇ ਕੋਲੋਂ ਖਰੀਦੇ ਗਹਿਣੇ ਦੀ ਮੁਫਤ ਅਪਰੇਜ਼ਲ ਕਰਦੇ ਹਾਂ।

CHAMKAUR JEWELLERS INC.

PH/FAX: (604)557-0096 #107-32988 SOUTH FRASER WAY, ABBOTSFORD, B.C.

ਹੋਰ ਜਾਣਕਾਰੀ ਲਈ ਚਮਕੌਰ ਸਿੰਘ ਜਾਂ ਰਾਜਨ ਨੂੰ ਫੋਨ ਕਰੋ: (604)807-0533

INDIA ADDRESS: CHAMKAUR JEWELLERS MANDI GATE-SARFAN, BAZAR MOGA, PUNJAB PH: 91-1636-20363

ਨੋਟ:ਇਥੇ ਪੈਸੇ ਦੇ ਕੇ ਸਾਡੀ ਇੰਡੀਆ ਵਾਲੀ ਦੁਕਾਨ ਤੋਂ ਤੁਸੀਂ ਸੋਨਾ ਚੁੱਕ ਸਕਦੇ ਹੋ।

ਐਨਿਵਅਸਰਿ ਸੇਲ

ਜਵੰਧਾ ਹੋਮਿਓਪੈਥਿਕ ਕਲੀਨਿਕ

BALWANT SINGH JAWANDHA

(Homeopathic Consultant)
B.A. (Pb) D.H.M.S. Pb (INDIA)
R.A.S.M. Pb. & Hya (INDIA)
Ex. Member W.C.H.S. (B.C.) CANADA
Member; Canadian Association of Homeopathic Physicians

ਜਿਵੇਂ:
ਸ਼ੂਗਰ, ਪਿਸ਼ਾਬ ਵਿੱਚ ਜਲਨ, ਪੀਕਅਪਿ, ਗੋਡਿਆਂ, ਸੱਟਾਂ ਦੇ ਦਰਦ, ਜੋੜਾਂ ਦੇ ਦਰਦ,(Back Pain), ਪਥਰੀਆਂ (ਗੁਰਦੇ, ਪਿੱਤੇ, ਮਸਾਨੇ ਆਦਿ ਵਿੱਚ), ਜੁਕਾਮ, ਅਲਰਜੀ, ਖਾਂਸੀ, ਕਾਲੀ ਖਾਂਸੀ, ਦਮਾ ਆਦਿ, ਜਨਾਨਾਂ ਅਤੇ ਮਰਦਾਨਾ ਬਿਮਾਰੀਆਂ ਗੁਪਤ ਰੋਗ ਮਾਨਸਿਕ ਰੋਗ, ਚਿੰਤਾ, ਘਬਰਾਹਟ, ਪੇਟ ਦੇ ਰੋਗ, ਪੇਟ ਦਰਦ, ਖੱਟੇ ਡਕਾਰ ਆਦਿ, ਜਿਗਰ, ਦਿਲ ਦੇ ਰੋਗ, ਬਲੱਡ ਪਰੈਸ਼ਰ ਘੱਟ ਜਾਂ ਵੱਧ, ਚਮੜੀ ਰੋਗ, ਮੋਕੇ, ਮੂੰਹ ਤੇ ਕਿਲ ਛਾਈਆਂ, ਸਰੀਰ ਦੇ ਕਿਸੇ ਹਿਸੇ ਵਿਚ ਰਸੌਲੀ, ਸਰੀਰਕ ਮੋਟਾਪਾ ਆਦਿ ਬਿਮਾਰੀਆਂ ਦੇ ਸੰਬੰਧ ਵਿਚ ਮਿਲ ਸਕਦੇ ਹੋ

JAWANDHA HOMEOPATHIC CLINIC
3667, NEW CASTLE DR., ABBOTSFORD
Tel: (604) 556-7751

ਨੋਟ :
1. All Patients MUST bring picture I.D.
2. We practice only Homeopathic remidies.
3. After consultation, patients receive, sealed/original packed Remedies by the company
4. Homeopathic remedies are not sold here.
ਸਮਾਂ-9.00 ਤੋਂ 4.00 ਵਜੇ ਤੱਕ
ONLY ONE OF ITS KIND IN ABBOTSFORD

ਬਲਵਤ ਸਿੰਘ ਜਵੰਧਾ
Certified Homeopathic Physician from Punjab, India over 30 years experience

ਮਿਲਣ ਲਈ ਅੱਜ ਹੀ appointment ਬਣਾਉ

Traditional Chinese Medicine Can Cause Cancer

Product Still Sold In Canada Linked To Kidney Failure

Health Canada has issued another warning to consumers about using products containing aristolochia, an herb used in traditional Chinese medicine. Aristolochic acid, which is considered to be potentially toxic, can cause cancer, changes in human cells and kidney failure. Health Canada first issued a warning in November 1999. However, a recent marketing survey showed some products labelled as containing aristolochia are still being found on store shelves. Consumers are also advised not to use products labelled to contain Mu Tong, the traditional name for aristolochia. There have been international reports of death or injury from kidney failure from ingesting aristolochic acid. To date, there have been no reports in Canada.

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
ਪਹਿਲੇ ਪ੍ਰਕਾਸ਼ ਦਿਹਾੜੇ ਦੀ

ਸਮੂਹ ਸਿੱਖ ਸੰਗਤ ਨੂੰ
ਲੱਖ ਲੱਖ ਵਧਾਈ ਹੋਵੇ!



Proposed new Gurdwara: 30640 Blueridge Drive Abbotsford BC Canada

ਸਭਿ ਸਿਖਨ ਕਉ ਹੁਕਮ ਹੈ, ਗੁਰੂ ਮਾਨਿਓ ਗ੍ਰੰਥ।।
ਗੁਰੂ ਪਿਆਰੇ ਖਾਲਸਾ ਜੀਉ
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ

ਸਾਧ ਸੰਗਤ ਜੀ, ਆਪ ਜੀ ਨੂੰ ਬੜੀ ਪ੍ਰਸੰਨਤਾ ਸਹਿਤ ਸੂਚਿਤ ਕੀਤਾ ਜਾਂਦਾ ਹੈ ਕਿ ਪਹਿਲੇ ਸਾਲਾਂ ਦੀ ਤਰਾਂ ਇਸ ਸਾਲ ਵੀ ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ, ਐਬਟਸਫੋਰਡ, ਬੀ.ਸੀ. ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿਚ 2 ਸਤੰਬਰ ਦਿਨ ਐਤਵਾਰ ਨੂੰ ਨਗਰ ਕੀਰਤਨ ਦੇ ਉਪਰਾਲੇ ਕੀਤੇ ਗਏ ਹਨ।
ਸਮੂਹ ਸੰਗਤਾਂ, ਗੁਰਦੁਆਰਾ ਸੁਸਾਇਟੀਆਂ ਅਤੇ ਸਿੱਖ ਜਥੇਬੰਦੀਆਂ ਨੂੰ ਵੱਧ ਤੋਂ ਵੱਧ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।
ਇਸ ਨਗਰ ਕੀਰਤਨ ਵਿਚ ਪੰਥ ਦੀਆਂ ਮਹਾਨ ਸ਼ਖਸੀਅਤਾਂ, ਗੁਰਮਤਿ ਪ੍ਰਚਾਰਕ, ਕੀਰਤਨੀ ਜੱਥੇ, ਕਵੀਸ਼ਰੀ ਅਤੇ ਢਾਡੀ ਜੱਥੇ, ਨਾਲ ਹੀ ਸੰਤ ਮਹਾਂਪੁਰਖ ਪਹੁੰਚ ਰਹੇ ਹਨ।

ਮਹਾਨ ਨਗਰ ਕੀਰਤਨ

PROGRAM

Arambh Sri Akandpath Sahib	*9:30am August 31, 2001 (Friday - ਸ਼ੁਕਰਵਾਰ)*	ਆਰੰਭ ਸ੍ਰੀ ਅਖੰਡ ਪਾਠ ਸਾਹਿਬ
Bhog Sri Akandpath Sahib	*9:30am September 2, 2001 (Sunday - ਐਤਵਾਰ)*	ਭੋਗ ਸ੍ਰੀ ਅਖੰਡ ਪਾਠ ਸਾਹਿਬ
Parade procession commences from Gurdwwara (Cyril St.)	*10:30am September 2, 2001 (Sunday - ਐਤਵਾਰ)*	ਨਗਰ ਕੀਰਤਨ ਦੀ ਰਵਾਨਗੀ
Kirtan and Speeches at Library Square (Parade Breads)	*1:30pm - 3:30pm*	ਕੀਰਤਨੀ ਜਥੇ, ਢਾਡੀ ਜਥੇ ਅਤੇ ਬੁਲਾਰੇ ਕਲੀਅਰਬਰੁਕ ਲਾਇਬਰੇਰੀ ਗਰਾਉਂਡ ਵਿਖੇ ਨਗਰ ਕੀਰਤਨ
Parade procession back to Gurdwara	*4:30pm*	ਦੀ ਵਾਪਸੀ ਗੁਰਦਵਾਰੇ ਸਾਹਿਬ

ਕੇਂਦਰੀ ਸਰਕਾਰ ਦੇ ਮੁਲਾਜ਼ਮਾਂ ਵਲੋਂ ਹੜਤਾਲ

ਕੁਝ ਦਿਨ ਪਹਿਲਾਂ ਕੇਂਦਰੀ ਸਰਕਾਰ ਦੇ ਮੁਲਾਜ਼ਮਾਂ, ਜਿਨ੍ਹਾਂ ਵਿਚ ਪੈਰੋਲ ਅਫਸਰ, ਆਫਿਸ ਕਲਰਕ, ਜਨਰਲ ਲੇਬਰ, ਪਲੰਬਰ ਅਤੇ ਪਾਈਪ-ਫਿਟਰ ਸ਼ਾਮਲ ਹਨ, ਨੇ ਹੜਤਾਲ ਕੀਤੀ। ਉਹ ਆਪਣੀਆਂ ਤਨਖਾਹਾਂ ਵਿਚ ਵਾਧੇ ਦੀ ਮੰਗ ਕਰ ਰਹੇ ਹਨ ਪਰ ਖਜ਼ਾਨਾ ਬੇਹਡ ਉਨ੍ਹਾਂ ਨੂੰ ਚੁੱਕਵਾਂ ਵਾਧਾ ਨਹੀਂ' ਦੇ ਰਿਹਾ। ਮੈਸਕੀ ਇਸਟੀਚਿਊਸ਼ਨ ਦੇ ਮੁਲਾਜ਼ਮਾਂ ਦੇ ਬੁਲਾਰੇ ਕੀਥ ਗਲੋਵਰ ਨੇ ਕਿਹਾ ਕਿ ਅਸੀਂ ਸਮੂਹ ਸਬੰਧਤ ਅਧਿਕਾਰੀਆਂ ਨਾਲ ਗਲਬਾਤ ਕਰ ਰਹੇ ਹਾਂ। ਉਨ੍ਹਾਂ ਇਹ ਵੀ ਦਸਿਆ ਕਿ ਪਿਛਲੇ ਸਮੇਂ ਵਿਚ ਮੁਲਾਜ਼ਮਾਂ ਦੀ ਛਾਂਟੀ ਨਾਲ ਬਹੁਤ ਸਾਰੇ ਬਾਂਵਾਂ ਤੇ ਵਰਕਰਾਂ ਦੀ ਘਾਟ ਹੈ। ਉਨ੍ਹਾਂ ਕਿਹਾ ਇਸ ਤਰ੍ਹਾਂ ਸੰਕੇਤਕ ਕੰਮ ਬੰਦ ਕਰਨਾ ਅਰਥਾਤ ਹੜਤਾਲ ਕਰਨੀ ਕਾਰਗਰ ਸਾਬਤ ਹੁੰਦੀ ਹੈ ਅਤੇ ਸਰਕਾਰ ਨੂੰ ਪਤਾ ਲਗਦਾ ਹੈ ਕਿ ਮੁਲਾਜ਼ਮਾਂ ਦੀ ਕੀ ਮਹੱਤਤਾ ਹੁੰਦੀ ਹੈ।

ਮਰਹੂਮ ਮੁਹੰਮਦ ਰਫੀ

ਜਨਮ 24 ਦਸੰਬਰ 1924 ਨੂੰ ਕੋਟਲਾ ਸੁਲਤਨ ਸਿੰਘ ਮਜੀਠਾ ਜਿਲਾ ਅੰਮ੍ਰਿਤਸਰ ਵਿਚ ਹੋਇਆ। ਪਿਤਾ ਹਾਜੀ ਅਲੀ ਮੁਹੰਮਦ ਨਾਈ ਸੀ ਜਿਸਦੇ ਛੇ ਪੁਤਰਾਂ ਵਿਚੋਂ ਸਭ ਤੋਂ ਛੋਟਾ ਸੀ। ਸ਼ੁਰੂ ਵਿਚ ਕਿਲਾ ਗੁਜਰ ਸਿੰਘ ਵਿਖੇ ਨਾਈ ਦੀ ਦੁਕਾਨ ਉਤੇ ਕੰਮ ਕੀਤਾ। ਉਥੋਂ ਹੀ ਪੰਚੋਲੀ ਆਰਟ ਪਿਕਚਰਜ਼ ਦੇ ਕਲਾਕਾਰ ਦੇ ਹਥ ਲਗਾ ਇਹ ਹੀਰਾ। 1944 ਵਿਚ 'ਗੁਲ ਬਲੋਚ' ਪੰਜਾਬੀ ਫਿਲਮ ਵਿਚ ਪਹਿਲਾ ਗੀਤ ਗਾਇਆ। ਜਿਸਦੇ ਬਦਲੇ ਉਸਨੂੰ 50 ਰੁਪੈ ਮਿਲੇ। ਸੰਗੀਤਕਾਰ ਸ਼ਿਆਮ ਸੁੰਦਰ ਦੇਸੀ ਸੰਗੀਤ ਨਾਲ ਗਾਂਵ ਦੀ ਗੋਰੀ ਫਿਲਮ ਲਈ ਗੀਤ ਗਾਏ। ਪਰ ਨੌਸ਼ਾਦ ਸੰਗੀਤਕਾਰ ਨੇ ਉਸਦੀ ਗੁਡੀ ਚੜਾਉਣ ਵਿਚ ਪੂਰੀ ਪੂਰੀ ਸਹਾਇਤਾ ਕੀਤੀ। ਜੁਲਾਈ 1980 ਨੂੰ ਮੁਹੰਮਦ ਰਫੀ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਪਿਛੇ ਆਪਣੇ ਚਾਹਨੇ ਵਾਲਿਆਂ ਲਈ 34 ਹਜਾਰ ਗੀਤਾਂ, ਗਾਣਿਆਂ ਅਤੇ ਗਜ਼ਲਾਂ ਦਾ ਭਰਪੂਰ ਭੰਡਾਰ ਛਡ ਗਏ। ਉਨਾਂ ਦੀ ਆਵਾਜ਼ ਦਾ ਜਾਦੂ ਸੀ ਕਿ ਆਪਣੇ ਵੇਲੇ ਦਾ ਕੋਈ ਵੀ ਗੀਤਕਾਰ ਉਸਦਾ ਸਾਨੀ ਨਹੀਂ ਬਣ ਸਕਿਆ। ਅਫਸੋਸ ਹੈ ਕਿ ਕੇਂਦਰ ਜਾਂ ਕਿਸੇ ਰਾਜ ਸਰਕਾਰ ਨੇ ਕੋਈ ਵੀ ਉਨਾਂ ਦੀ ਯਾਦਗਾਰ ਨਹੀਂ ਬਣਾਈ, ਹਾਂ ਇਕ ਉਸਦੇ ਫੈਨ ਰਾਣਾ ਜਸਪਾਲ ਨੇ ਮੁਹੰਮਦ ਰਫੀ ਮੈਮੋਰੀਅਲ ਸੁਸਾਇਟੀ ਅੰਮ੍ਰਿਤਸਰ ਵਿਚ ਬਣਾਈ ਹੈ। ਜਿਸ ਵਲੋਂ ਹਰ ਸਾਲ ਕਿਸੇ ਉਘੇ ਗੀਤਕਾਰ ਨੂੰ ਮੁਹੰਮਦ ਰਫੀ ਅਵਾਰਡ ਨਾਲ ਸਨਮਾਨਿਆ ਜਾਂਦਾ ਹੈ।

ਸਭਰਵਾਲ ਪਰਜਾ ਦਾ ਰੱਬ ਰਾਖਾ

ਜੋਗਿੰਦਰ 'ਸਭਰਵਾਲ' ਸ਼ਾਰਜਾਹ (UAE)

ਜਦੋਂ ਕਿਸੇ ਘਰ ਵਿਚ ਲੜਾਈ ਪੈ ਜੇ,
ਉਸ ਘਰ ਦਾ ਕੀ ਬਣਦਾ ਦੇਖਦੇ ਹੋ
ਧਰਤੀ ਮਾਂ ਨੇ ਰੋ ਕੇ ਧਾਹ ਮਾਰੀ,
ਮੈਨੂੰ ਵੰਡ ਕੇ ਪੁੱਤਰ ਵੇਚਦੇ ਹੋ
ਜਦੋਂ ਮਾਂ ਧੀ ਦਾ ਪਰਦਾ ਫਾਸ ਹੁੰਦਾ
ਕੀ ਵੇਖਦੇ ਨੇ ਅੱਖ ਭਰਕੇ ਵੀਰੇ
ਜਦੋਂ ਪੁੱਤ ਨੇ ਮਾਂ ਦੀ ਲਾਈ ਬੋਲੀ
ਰੋਂਦੀ ਕਿਆਮਤ ਅੱਖ ਵਿਚ ਖੂਨ ਭਰਕੇ
ਜਦੋਂ ਦੇਸ਼ ਦੇ ਆਗੂਆਂ ਨੂੰ ਬਾਣ ਪੈ ਜਾਵੇ
ਬੇਈਮਾਨੀ ਦੀਆਂ ਰੋਟੀਆਂ ਤੋੜਨੇ ਦੀ
"ਸੱਭਰਵਾਲ" ਪਰਜਾ ਦਾ ਰੱਬ ਰਾਖਾ
ਨਹੀਂ ਲੋੜ ਸਚ ਤੋਂ ਮੁੱਖ ਮੋੜਨੇ ਦੀ
ਖੂਨ ਆਪਣਾ ਯੋਧਿਆਂ ਡੋਲਿਆ ਏ
ਸਹੁੰ ਖਾਧੀ ਮੁਤ ਪ੍ਰੀਤੀਆਂ ਜੋੜਨੇ ਦੀ।

Sikh clergy fight aborting girl foetuses

Sikh priests launched a campaign on Saturday against the increasingly widespread practice in India of aborting girl babies in the womb.

With modern medicine allowing parents to learn the sex of unborn children, some families -- traditionally anxious for sons -- are resorting to abortion for female foetuses. This year's census showed a sharp drop in the number of girls born.

Some 250 priests gathered at a Sikh shrine in Fatehgarh Sahib in Punjab to raise awareness against the practice known as female foeticide. The northern states of Haryana and Punjab, heartland of the minority Sikh religion, have recorded particularly sharp declines in the proportion of female births.

"We will use the services of priests at various gurudwaras to take the message against female foeticide to the grassroots," said Manjit Singh, the religious head of Anandpur Sahib temple where the Sikh religion was born.

India's population touched 1,027 million in the census ending in March. But for every 1,000 boys up to the age of six, the census showed only 927 girls, down from 945 10 years ago.

Demographers say the use of modern ultrasound imagery techniques to detect the sex of unborn babies is behind a sharp drop in the number of girls being born in Punjab and Haryana, two of India's most prosperous agrarian states.

A 1994 ban on using medical tests to determine the sex of foetuses has proved hard to enforce.

In Fatehgarh Sahib where the Sikh priests were meeting, the number of females was just 750 per 1,000 males, which a local news agency said was the lowest in Punjab.

India's patriarchal society has traditionally preferred sons to daughters and the preference continues to be strong in the country's rural and semi-urban areas.

The Indian Medical Association estimated in January that about five million female foetuses were aborted each year purely on the grounds that the children would be of the wrong sex.

Harvinder K. Walia
(604) 807-1403

Gulsharan S. Walia
(604) 501-0444

Joga S. Chahal
(604) 443-0355

ਮੋਗੇ ਵਾਲਿਆਂ ਦੀ ਤੁਹਾਡੀ ਆਪਣੀ

Global Insurance Agency

ਗਲੋਬਲ ਇਨਸ਼ੋਰੈਂਸ ਏਜੰਸੀ

- CAR ਕਾਰ
- HOME ਘਰ
- FLEET ਫਲੀਟ
- MEDICAL ਮੈਡੀਕਲ
- FARM ਫਾਰਮ
- TRUCK ਟਰੱਕ
- VAN ਵੈਨ
- BUSINESS ਵਿਉਪਾਰ
- PRORATE ਪਰੋਰੇਟ

*Monthly Payment Plan
*New Home Discount
*Quality Coverage
*Mature Discounts
*Low Rates

Open 7 Days A Week
MON TO FRI 9 AM - 9 PM
SAT & SUN 10 AM - 6 PM

Autoplan 12

ਤੁਹਾਡੀ ਸੇਵਾ ਲਈ ਦਫਤਰ ਹਫਤੇ ਦੇ ਸੱਤੇ ਦਿਨ ਹੀ ਖੁੱਲ੍ਹਾ ਰਹਿੰਦਾ ਹੈ।

For Experienced Advice, Best Prices &
For All Your Insurance Needs Call:
Ph: (604) 852-8111Fax: (604) 852-4446
(In Home Service Free)

Brar Truck Wash

We Clean Semi, Trailers, Houses & Parking Lots, Etc.

- Siding/ਸਾਇਡਿੰਗ
- Sidewalks/ਸਾਈਡਵਾਕ
- Driveways/ਡਰਾਇਵ-ਵੇਅ
- Windows/ਖਿੜਕੀਆਂ
- Window Screens/ਵਿੰਡੋ ਸਕ੍ਰੀਨ
- Gutters/ਗਟਰ
- Fences/ਫੈਂਸ
- Stucco/ਸਟੱਕੋ

FOR FREE ESTIMATES CALL

Cell: 897-1657 or 864-7713

Pager: 870-8220

THIND TRUCKING & EXCAVATING



FOR A FREE ESTIMATE CALL

BRUCE THIND 604-807-1122



- LOT EXCAVATING & SERVICING
- DEMOLITION
- DRAINAGE DITCHES
- TREE CLEARING
- LANDSCAPING
- ALL TYPES OF SAND, GRAVEL AND AGGREGATE
- HOURLY OR CONTRACT RATES

The Indian Counsel General Mr. B. Jaishanker with the foreign advisor Cosamb Mr. Amarjeet Jatana (on his right) and other dignitaries celebrating India's Independance Day on August 15th, 2001

ਪਰਿੰਟਿੰਗ ਗਲਤੀ

ਓਵਰਸੀਜ਼ ਫੈਬਰਿਕਸ ਦੇ ਐਡ ਅਗਸਤ 8 ਵਾਲੇ ਅੰਕ ਤੇ ਸਾਥੋਂ ਗਲਤੀ ਹੋ ਗਈ, "ਬਨਾਰਸੀ ਬਰੈਕੇਡ ਦੇ ਸੂਟ 4 for $100.00 ਤੇ 2 ਫਰੀ" ਕੂਪਨ ਨਾਲ। ਮਾਫੀ ਚਾਹੁੰਦੇ ਹਾਂ ਜੀ।

ਪੰਜਾਬੀ ਪੱਤ੍ਰਿਕਾ

ਸੂਚਨਾ : ਕਵੀ ਦਰਬਾਰ

31 ਅਗਸਤ ਦਿਨ ਸ਼ੁਕਰਵਾਰ ਨੂੰ ਗੁਰਦੁਆਰਾ ਕਲਗੀਧਰ ਦਰਬਾਰ ਐਬਟਸਫੋਰਡ ਵਿਖੇ ਸ਼ਾਮ 7:30 ਵਜੇ ਤੋਂ 9:30 ਵਜੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਵਸ ਦੀ ਖੁਸ਼ੀ ਵਿਚ ਕਰਵਾਇਆ ਜਾ ਰਿਹਾ ਹੈ। ਇਸ ਕਵੀ ਦਰਬਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨਾਲ ਢੁੱਕਵੀਆਂ ਕਵਿਤਾਵਾਂ ਹੋਣੀਆਂ ਬਹੁਤ ਜ਼ਰੂਰੀ ਹਨ। ਸਾਰੇ ਲੋਅਰ ਮੇਨਲੈਂਡ ਦੇ ਕਵੀਆਂ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਖੁੱਲਾ ਸੱਦਾ ਦਿੱਤਾ ਜਾਂਦਾ ਹੈ। ਵਧੇਰੇ ਜਾਣਕਾਰੀ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਐਬਟਸਫੋਰਡ ਏਰੀਏ ਦੇ ਕਵੀ ਪ੍ਰੋ: ਗੁਰਵਿੰਦਰ ਸਿੰਘ ਧਾਲੀਵਾਲ 604-864-4109 ਅਤੇ ਸ੍ਰੀ ਵੈਨਕੋਵਰ ਏਰੀਏ ਦੇ ਕਵੀ ਮਾਸਟਰ ਮਨਜੀਤ ਸਿੰਘ ਦਿਉਲ 604-597-9561 ਨਾਲ ਸੰਪਰਕ ਕਰ ਸਕਦੇ ਹਨ।

GURU NANAK GURSIKH TEMPLE
176 E. Pole Rd. Lynden/Bellingham, WA 98264

ਅਗਸਤ 6, 2001

ਗੁਰੂ ਪਿਆਰੀ ਸਾਧ ਸੰਗਤ ਜੀਉ

ਆਪ ਸਭ ਨੂੰ ਜਾਣ ਕੇ ਬਹੁਤ ਜ਼ਿਆਦਾ ਖੁਸ਼ੀ ਹੋਵੇਗੀ ਕਿ ਗੁਰਦੁਆਰਾ ਸਾਹਿਬ ਦੀ ਸੇਵਾਦਾਰ ਕਮੇਟੀ ਦੇ ਉਪਰਾਲੇ ਸਦਕਾ ਸਿਖ ਪੰਥ ਦੇ ਮਹਾਨ ਵਿਦਵਾਨ ਸੰਤ ਸਿੰਘ ਮਸਕੀਨ ਜੀ ਲਿੰਡਨ ਗੁਰੂ ਘਰ ਵਿਖੇ ਆ ਰਹੇ ਹਨ। ਮਸਕੀਨ ਜੀ ਅਗਸਤ 24, 25 ਅਤੇ 26, 2001 ਨੂੰ ਸ਼ਾਮ ਦੇ 6 (ਛੇ) ਵਜੇ ਤੋਂ ਲੈਕੇ 8 (ਅਠ) ਵਜੇ ਤਕ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ। ਸਾਰੀਆਂ ਸਿਖ ਸੰਗਤਾਂ ਨੂੰ ਬੇਨਤੀ ਹੈ ਕਿ ਲਿੰਡਨ ਗੁਰੂ ਘਰ ਦਰਸ਼ਨ ਦੇ ਕਿ ਕਥਾ ਸੁਣੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਇੰਜੋ ਸਮੇਂ ਦੌਰਾਨ ਬਚਿਆਂ ਵਾਸਤੇ ਧਾਰਮਕ ਵਿਦਿਆ ਕੈਂਪ ਵੀ ਅਗਸਤ 24, 25, ਅਤੇ 26, 2001 ਲਿੰਡਨ ਗੁਰੂ ਘਰ ਵਿਖੇ ਲਗ ਰਿਹਾ ਹੇ। ਸਾਰੇ ਸਿਖ ਮਾਪਿਆਂ ਨੂੰ ਇਸ ਕੈਂਪ ਵਿਚ ਸ਼ਾਮਲ ਹੋਣ ਲਈ ਲਿੰਡਨ ਗੁਰੂ ਘਰ ਭੇਜੋ ਤਾਂ ਕਿ ਤੁਹਾਡੇ ਬੱਚੇ ਸਿਖੀ ਜੀਵਨ ਅਤੇ ਅਸੂਲਾਂ ਬਾਰੇ ਵਿਦਿਆ ਪ੍ਰਾਪਤ ਕਰ ਸਕਣ।

ਧੰਨਵਾਦ ਸਹਿਤ
ਸੰਗਤ ਦੇ ਦਾਸ
ਗੁਰਦੁਆਰਾ ਪ੍ਰਬੰਧਕ ਕਮੇਟੀ
ਗੁਰੂ ਘਰ ਲਿੰਡਨ, ਵਾਸ਼ਿੰਗਟਨ, ਯੂ.ਐਸ.ਏ.

Cascade Insurance Group

#112-31935 South Fraser Way., Abbotsford (In Clearbrook Plaza)

Ph: (604) 855-8828 Fax: (604) 855-4770

Now Open!

For all of Your Insurance Needs!

Experienced Advice & Best Price For:

• Fleets • Travel • Auto • Home • Business •
• Commercial • Tenants • Condo • Cargo •
Monthly Payment Plans • Low Rates
Mature Discount (45 years old +)
Senior Discount • New Home Discount
Claims Free Discount • Burglar Alarm Discount

"Know Your Coverage Before a Loss"

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

ਕੈਸਕੁਡ ਇੰਨਸ਼ੋਰੈਂਸ ਗਰੁੱਪ ਵਲੋਂ ਨਵਾਂ ਦਫਤਰ #1 12-31935 ਸਾਊਥ ਫ੍ਰੇਜ਼ਰ ਵੇਅ ਐਬਟਸਫੋਰਡ (ਕਲੀਅਰ ਬਰੁੱਕ ਪਲਾਜਾ) ਵਿੱਚ ਖੁੱਲ ਚੁੱਕਾ ਹੈ।

ਆਓ ਦਰਸ਼ਨ ਦਿਓ
ਹੇਠ ਲਿਖੀਆਂ ਇੰਨਸ਼ੋਰੈਂਸ ਸੇਵਾਵਾਂ ਹਾਜ਼ਰ ਹਨ:
* ਕਾਰਾਂ, ਘਰਾਂ, ਬਿਜਨੈਸ, ਕਮਰਸ਼ੀਅਲ, ਮੈਡੀਕਲ ਅਤੇ ਫਾਰਮ ਆਦਿ ਨੋਟ
* ਨਵੇਂ ਇੰਨਸ਼ੋਰੈਂਸ ਜਾਂ ਚੱਲ ਰਹੇ ਇੰਨਸ਼ੋਰੈਂਸ ਰੀਨਿਊ ਕਰਵਾਉਣ ਵੇਲੇ ਸਾਡੇ ਨਾਲ ਸੰਪਰਕ ਕਰੋ।
ਸਾਡੇ ਵਾਜਬ ਰੇਟਾਂ ਅਤੇ ਵਧੀਆ ਸਰਵਿਸ ਦਾ ਫਾਇਦਾ ਉਠਾਓ।
* ਆਪ ਜੀ ਦੀ ਸਹੂਲਤ ਵਾਸਤੇ ਦਫਤਰ ਹਫਤੇ ਦੇ ਸੱਤ ਦਿਨ ਹੀ ਖੁੱਲ੍ਹਾ ਰਹਿੰਦਾ ਹੈ।

ਸੋਮਵਾਰ ਤੋਂ ਸ਼ੁੱਕਰਵਾਰ :- ਸਵੇਰੇ 9:00 ਵਜੇ ਤੋਂ ਰਾਤ 7:00 ਵਜੇ
ਸ਼ਨਿਚਰ ਤੋਂ ਐਤਵਾਰ :- ਸਵੇਰੇ 10:00 ਤੋਂ ਸ਼ਾਮ 5:30 ਵਜੇ

Autoplan

ਫੋਨ ਨੰ: (604) 855-8828 ਫੈਕਸ: (604) 855-4770
ਆਓ ਤੇ ਪੰਜਾਬੀ ਵਿਚ ਗਲ ਬਾਤ ਕਰੋ



Gurbir Puri
Cell: 812-7777



Rupinder Azad
Cell: 807-7113

Ken Makkar
Cell: 807-8870

Kamal Heer
Cell: 807-2575



Avtar Singh Saraan
Cell: 618-5710

Pammi Mandair
Cell: 807-1444

4 Locations to Serve You!

Abbotsford	Burnaby	Surrey	Vancouver
Ph: **855-8828**	Ph: **430-5533**	Ph: **590-2333**	Ph: **877-1501**
#112 - 31935 South Fraser Way (In Clearbrook Plaza)	4683 Kingsway (Across Metrotown Centre)	7577 King George Hwy. (Near Canadian Tire & VanCity)	1459 Kingsway (Near Knight Street)

ABBY AUTO CENTRE

ਆਪਣੇ ਭਾਈਆਂ ਦੀ ਆਟੋ ਰਿਪੇਅਰ ਦੀ ਦੁਕਾਨ

2016 Paramount Ave, Abbotsford, BC

Phone: 604-852-0420



Daljit Sidhu
(Certified Technician/Owner)



For All Your Automotive Needs

(General Repairs)

-- ਕਾਰ ਇੰਜਣ ਦੀ ਹਰ ਤਰ੍ਹਾਂ ਦੀ ਮੁਰੰਮਤ ਲਈ --

• Tune Up • Brakes • Suspension Work •
• Engines & Transmissions • Computer Diagnosis •
• Oil Changes • Exhaust etc. •

MID VALLEY INSURANCE AGENCIES LTD.

#3-32442 Dahlstrom Avenue, Abbotsford, BC V2T 4Y4

Tel: 604-853-1600 Fax: 604-853-9877



Pgr: (604) 857-7261

Sukhi Gill and
Bill Hawthorne are
pleased to announce
the opening of their
new agency effective
August 1st, 2001.



Cell: (604) 807-2178

Representing over 18 Insurance Companies to provide you with the most competitive price.

ਅਠਾਰਾਂ ਕੰਪਨੀਆਂ ਦੀ ਨੁਮਾਇੰਦਗੀ ਕਰਦਿਆਂ ਤੁਹਾਨੂੰ
ਬਹੁਤ ਹੀ ਕੰਪੀਟੇਟਿਵ ਪਰਾਦੀਸ ਦਿੰਦੇ ਹਾਂ।



HOMEOWNERS
TENANTS
FARMS
TRAVEL
RV'S

HOURS

Mon. to Fri. 8:30am - 8:00pm
Sat. 9:00am - 5:30pm
Sun. 11:00am - 4:00pm

AUTOPLAN

PRO RATE FLEET
CONTRACTORS
BUSINESS
CARGO
LIABILITY

ਜਰਨੈਲ ਸਿੰਘ ਦੀ ਚਿਤਰਕਲਾ

ਵਲੋਂ: ਹਰਭਜਨ 'ਮਾਂਗਟ' ਸਰੀ, ਬੀ.ਸੀ.

ਪੰਜਾਬੀ ਚਿਤਰਕਾਰ ਜਰਨੈਲ ਸਿੰਘ ਨਾਲ ਮੇਰੀ ਪਹਿਲੀ ਮੁਲਾਕਾਤ 5 ਅਗਸਤ 2000 ਨੂੰ ਬ੍ਰਿਟਿਸ਼ ਕੋਲੰਬੀਆ ਦੇ ਖੂਬਸੂਰਤ ਸ਼ਹਿਰ ਪ੍ਰਿੰਸ ਜਾਰਜ ਵਿਖੇ ਹੋਈ ਸੀ ਜਿਥੇ ਵਿਸ਼ਵ ਪੰਜਾਬੀ ਕਾਨਫਰੰਸ ਸਮੇਂ ਉਸਨੇ ਚਿੱਤਰਾਂ ਦੀ ਪਰਦਰਸ਼ਨੀ ਲਗਾਈ ਸੀ।

ਧੀਮੀ ਸੁਰ ਵਿਚ ਗੱਲਾਂ ਕਰਨ ਵਾਲਾ, ਮਿਲਾਪੜਾ, ਹਸਮੁੱਖ ਤੇ ਚਿੱਤਰਕਲਾ ਵਿਚ ਪ੍ਰਬੀਨ ਜਰਨੈਲ ਸਿੰਘ ਦੇ ਚਿੱਤਰਾਂ ਵਿਚੋਂ ਪੰਜਾਬੀ ਸਭਿਆਚਾਰ ਦੇ ਭਲੀਭਾਂਤ ਦਰਸ਼ਨ ਹੋ ਜਾਂਦੇ ਹਨ। ਚਿੱਤਰਕਲਾ ਉਸਨੂੰ ਵਿਰਸੇ ਵਿਚ ਮਿਲੀ ਹੈ। ਉਸਦੇ ਪਿਤਾ ਸਵਰਗਵਾਸੀ ਸ: ਕਿਰਪਾਲ ਸਿੰਘ ਨੇ ਪੰਜਾਬ ਦੇ ਸਿਖ ਇਤਿਹਾਸ ਨੂੰ ਚਿੱਤਰਾਂ ਰਾਹੀਂ ਕੈਨਵੈਸ ਤੇ ਸਾਕਾਰ ਕਰ ਦਿਤਾ ਸੀ ਤੇ ਉਸਦੇ ਬਣਾਏ ਚਿੱਤਰ ਸ੍ਰੀ ਹਰਮੰਦਰ ਸਾਹਿਬ ਵਿਚ ਬਣੇ ਸਿਖ ਅਜਾਇਬ ਘਰ ਵਿਚ ਸ਼ਸ਼ੋਬਤ ਹਨ ਤੇ ਵੇਖਿਆਂ ਹੀ ਪਤਾ ਲਗਦਾ ਹੈ ਕਿ ਕਿਵੇਂ ਇਕ ਪ੍ਰਬੀਨ-ਤੂਲਿਕਾ ਨੇ ਸਿਖ ਇਤਿਹਾਸ ਦੇ ਸੂਰਬੀਰ ਯੋਧਿਆਂ, ਸਿਦਕੀ ਸ਼ਹੀਦਾਂ ਤੇ ਗੁਰੂਆਂ ਨੂੰ ਸ਼ਰਧਾ ਨਾਲ ਚਿੱਤਰ ਕੇ ਇਕ ਮਹਾਨ ਕਾਰਜ ਕਰ ਵਿਖਾਇਆ ਜੋ ਸਾਡੀਆਂ ਆਉਂਦੀਆਂ ਨੌਜਵਾਨ ਪੀੜ੍ਹੀਆਂ ਲਈ ਇਕ ਚਾਨਣ ਮੁਨਾਰੇ ਦਾ ਕੰਮ ਦੇਵੇਗਾ। ਆਖਰ ਨੌਜਵਾਨ ਪੀੜ੍ਹੀ ਇਹ ਸੋਚਣ ਤੇ ਮਜਬੂਰ ਹੋ ਜਾਵੇਗੀ ਕਿ ਐਹੋ ਜਿਹੀ ਕਿਹੜੀ ਸ਼ਕਤੀ ਸੀ ਜਿਸ ਸਦਕਾ ਸਿਖ ਕੌਮ ਵਿਚ ਏਨੇ ਸ਼ਹੀਦ ਤੇ ਸੂਰਬੀ ਯੋਧੇ ਪੈਦਾ ਹੋਏ। ਆਰੇ ਨਾਲ ਚੀਰੇ ਜਾਣਾ ਕਬੂਲ ਕਰ ਲਿਆ ਤੇ ਨਿੱਕੀ ਉਮਰੇ ਕੰਧਾਂ ਵਿਚ ਖਲੋਕੇ ਸ਼ਹੀਦੀ ਜਾਮ ਪੀਤਾ ਪਰ ਜ਼ਾਲਮ ਹੁਕਮਰਾਨ ਦੀ ਈਨ ਨਹੀਂ ਮੰਨੀ। ਭਾਈ ਤਾਰੂ ਸਿੰਘ ਵਰਗੇ ਸਿਦਕੀ ਸਿੱਖਾਂ ਨੇ ਹੱਸਕੇ ਆਪਣੀ ਖੋਪਰੀ ਲੁਹਾ ਲਈ ਤੇ ਭਾਈ ਮਨੀ ਸਿੰਘ ਨੇ ਬੰਦ ਬੰਦ ਕਟਵਾ ਲਿਆ ਪਰ ਹਾਕਮਾਂ ਅੱਗੇ ਸਿਰ ਨਾ ਝੁਕਾਇਆ!

ਜਰਨੈਲ ਸਿੰਘ ਨੇ ਆਪਣੇ ਚਿੱਤਰਾਂ ਲਈ ਸਿਖ ਇਤਿਹਾਸ ਦੀ ਬਜਾਏ ਪੰਜਾਬੀ ਸਭਿਆਚਾਰ ਉਹ ਵੀ ਵਿਸ਼ੇਸ਼ਕਰ ਪੇਂਡੂ-ਸਭਿਆਚਾਰ ਦਾ ਵਿਸ਼ਾ ਮੁੱਖ ਤੌਰ ਤੇ ਚੁਣਿਆ। ਇਹ ਵੀ ਆਪਣੇ ਆਪ ਵਿਚ ਇਕ ਚਿੱਤਰਕਾਰੀ ਵਿਚ ਨਵਾਂ ਪ੍ਰਯੋਗ ਸੀ ਤੇ ਜਿਵੇਂ ਕਿ ਚਿੱਤਰਕਾਰ ਪ੍ਰੇਮ ਸਿੰਘ ਨੇ ਇਕ ਥਾਂ ਲਿਖਿਆ ਹੈ ਕਿ "ਜਰਨੈਲ ਸਿੰਘ ਨੇ ਚਿੱਤਰਕਾਰੀ ਵਿਚ ਸੇਧ ਆਪਣੇ ਚਿੱਤਰਕਾਰ ਪਿਤਾ ਸ. ਕਿਰਪਾਲ ਸਿੰਘ ਤੋਂ ਪ੍ਰਾਪਤ ਕੀਤੀ।" ਇਹ ਹੈ ਵੀ ਸੱਚ।

ਜਰਨੈਲ ਸਿੰਘ ਦਾ ਜਨਮ 12 ਜੂਨ 1956 ਨੂੰ ਪਿੰਡ ਜ਼ੀਰਾ 'ZEERA'ਜ਼ਿਲਾ ਫਿਰੋਜ਼ਪੁਰ (ਪੰਜਾਬ) ਭਾਰਤ ਵਿਚ ਪਿਤਾ ਚਿਤਰਕਾਰ ਸਵਰਗਵਾਸੀ ਸ. ਕਿਰਪਾਲ ਸਿੰਘ ਦੇ ਘਰ ਹੋਇਆ। ਬਚਪਨ ਤੋਂ ਹੀ ਚਿੱਤਰਕਾਰੀ ਵਲ ਝੁਕਾਅ ਸੀ ਜਦੋਂ ਵੀ ਉਹ ਪਿਤਾ ਜੀ ਦੇ ਬਣਾਏ ਚਿੱਤਰ ਵੇਖਦਾ ਸੀ ਤਾਂ ਰੀਝ ਜਨਮਦੀ ਸੀ ਕਿ "ਮੈਂ ਵੀ ਚਿਤਰਕਾਰੀ ਕਰਾਂ" ਤੇ ਇਕ ਦਿਨ ਇਹ ਰੀਝ ਪਰਵਾਨ ਚੜ੍ਹੀ ਤੇ ਸੁਪਨਾ ਸਾਕਾਰ ਹੋ ਗਿਆ। ਉਸਨੇ ਚਿੱਤਰਕਾਰੀ ਦੇ ਖੇਤਰ ਵਿਚ ਪਰਵੇਸ਼ ਕਰ ਲਿਆ ਤੇ ਪੰਜਾਬ ਦੇ ਪਿੰਡਾਂ ਵਿਚ ਚਰਖਾ ਕੱਤਦੀਆਂ ਮੁਟਿਆਰਾਂ, ਗਿੱਧਾ ਪਾਉਂਦੀਆਂ ਕੁੜੀਆਂ, ਫੁਲਕਾਰੀ ਕੱਢਦੀਆਂ ਮੁਟਿਆਰਾਂ, ਖੂਹ ਤੋਂ ਪਾਣੀ ਭਰਦੀਆਂ ਯੁਵਤੀਆਂ, ਤੇ ਚੱਕੀਆਂ ਪੀਂਹਦੀਆਂ ਜੱਟੀਆਂ ਉਸਦੇ ਚਿੱਤਰਾਂ ਵਿਚ ਆ ਬੈਠੀਆਂ ਤੇ ਹਰ ਇਕ ਦੀ ਨਜ਼ਰ ਨੂੰ ਭਾ ਗਈਆਂ ਤੇ ਹਰ ਕੋਈ "ਵਾਹ ਵਾਹ" ਕਰ ਉਠਿਆ। ਪੰਜਾਬ ਦੇ ਸੈਰ ਸਪਾਟਾ ਵਿਭਾਗ ਨੂੰ ਉਸਦੀ ਬਣਾਈ ਪੇਂਟਿੰਗ "ਚੱਕੀ ਪੀਂਹਦੀਆਂ ਔਰਤਾਂ" ਅਜੇਹੀ ਪਸੰਦ ਆਈ ਕਿ ਵਿਭਾਗ ਨੇ 300 ਰੁਪਏ ਦੀ ਅਦਾਇਗੀ ਕਰਕੇ ਵਿਭਾਗ ਲਈ ਇਹ ਚਿੱਤਰ ਹਮੇਸ਼ਾ ਲਈ ਰਾਖਵਾਂ ਕਰ ਲਿਆ, ਪੰਜਾਬ ਲਲਿਤਕਲਾ ਅਕਾਡਮੀ ਨੇ 1980 ਵਿਚ ਦੇਖੇ ਚਿਤਰ ਨੂੰ ਇਨਾਮ ਵੀ ਦਿੱਤਾ। ਪੰਜਾਬ ਦੀ ਖੇਤੀ ਯੂਨਿਵਰਸਿਟੀ ਲੁਧਿਆਣਾ ਵਿਖੇ ਉਸਦੀ ਚਿਤਰਕਲਾ ਦੀ ਨੁਮਾਇਸ਼ ਲਗਾਕੇ ਉਸਦੇ ਚਿੱਤਰਾਂ ਦੀ ਵਿਸਥਾਰ ਨਾਲ ਇਕ ਤਰ੍ਹਾਂ ਨਾਲ ਜਾਣਕਾਰੀ ਦਿਤੀ ਗਈ ਤੇ ਉਸਦੇ ਕਾਫੀ ਸਾਰੇ ਚਿੱਤਰ ਚਿਤਰਪ੍ਰੇਮੀਆਂ ਨੇ ਖਰੀਦੇ ਵੀ।

ਉਹ ਮੂਲ ਰੂਪ ਵਿਚ ਪੇਂਡੂ ਸਭਿਆਚਾਰ ਨਾਲ ਸੰਬੰਧਤ ਚਿੱਤਰ ਯਥਾਰਥ ਰੂਪ ਵਿਚ ਚਿੱਤਰਦਾ ਹੈ। ਉਸਨੇ ਪੋਰਟਰੇਟ (ਵਿਅਕਤੀ ਚਿੱਤਰ) ਵੀ ਬਣਾਏ ਸਨ। 6 ਫਰਵਰੀ 1990 ਨੂੰ ਜਦੋਂ ਉਸਦੇ ਪਿਤਾ (ਸਵ:) ਕਿਰਪਾਲ ਸਿੰਘ ਦਾ ਭੋਗ ਚੰਡੀਗੜ੍ਹ ਵਿਖੇ ਪਾਇਆ ਗਿਆ ਤਾਂ ਉਥੇ ਹਾਜ਼ਰ ਕਲਾ ਪ੍ਰੇਮੀਆਂ ਦੇ ਬੁੱਲ੍ਹਾਂ ਤੇ ਇਕੋ ਇਕ ਸਵਾਲ ਸੀ ਕਿ ਇਸ



ਇਸ਼ਕ ਕਾ ਜ਼ੌਕੇ ਨਜ਼ਾਰਾ ਮੁਫਤ ਮੇਂ ਬਦਨਾਮ ਹੈ
ਹੁਸਨ ਖੁਦ ਬੇਤਾਬ ਹੋ ਜੁਲਵੇ ਦਿਖਾਨੇ ਕੇ ਲੀਏ

ਬੀਰ ਰਸੀ ਕਲਾਕਾਰ ਦੀ ਘਾਟ ਕਿਵੇਂ ਪੂਰੀ ਹੋਵੇਗੀ? ਕੀ ਉਸਦਾ ਸਪੁੱਤਰ ਜਰਨੈਲ ਸਿੰਘ ਇਹ ਕਮੀ ਪੂਰੀ ਕਰ ਸਕੇਗਾ? ਕੀ ਉਹ ਆਪਣੇ ਪਿਤਾ ਦੀਆਂ ਚਿੱਤਰਕਲਾ ਵਿਚ ਪਾਈਆਂ ਲੀਹਾਂ ਤੇ ਤੁਰੇਗਾ ਜਾਂ ਕੋਈ ਨਵਾਂ ਤੇ ਨਿਵੇਕਲਾ ਰਾਹ ਅਪਣਾਏਗਾ? ਇਹ ਗੱਲ ਪ੍ਰਸਿਧ ਚਿੱਤਰਕਾਰ ਅਜਾਇਬ ਚਿਤਰਕਾਰ ਨੇ ਆਪਣੀ ਪੁਸਤਕ "ਪੰਜਾਬੀ ਚਿੱਤਰਕਾਰ" (ਪ੍ਰਕਾਸ਼ਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਲੇਖ "ਜਰਨੈਲ ਸਿੰਘ" ਵਿਚ ਲਿਖੀ ਹੈ।

ਜਰਨੈਲ ਸਿੰਘ ਨੇ ਆਪਣੇ ਪਿਤਾ ਜੀ ਦੀ ਵਿਰਾਸਤ ਤਾਂ ਕਬੂਲੀ ਪਰ ਇਕ ਬਿਲਕੁਲ ਵੱਖਰੇ ਅੰਦਾਜ਼ ਵਿਚ। ਜਿਥੇ ਉਸਦੇ ਮਾਨਯੋਗ ਪਿਤਾ ਜੀ ਚਿੱਤਰਕਲਾ ਦਾ ਕੇਂਦਰੀ ਬਿੰਦੂ ਸਿਖ ਇਤਿਹਾਸ ਰਿਹਾ ਉਥੇ ਉਸਦੇ ਹੋਣਹਾਰ ਸਪੁੱਤਰ ਚਿੱਤਰਕਾਰ ਜਰਨੈਲ ਸਿੰਘ ਨੇ ਮੂਲਰੂਪ ਵਿਚ ਪੇਂਡੂ-ਸਭਿਆਚਾਰ ਦਾ ਯਥਾਰਥਕ ਵਿਸ਼ਾ ਅਪਣਾਇਆ ਪਰ ਸਿਖ ਇਤਿਹਾਸ ਦੇ ਕਈ ਸ਼ਾਨਾਂ ਮਤੇ ਪੰਨੇ ਵੀ ਚਿੱਤਰਾਂ ਵਿਚ ਸਾਕਾਰ ਕੀਤੇ ਜਿਵੇਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਤ ਕਈ ਚਿੱਤਰ। ਇਕ ਸ਼ੇਰੇ ਪੰਜਾਬ ਨਾਲ ਸਬੰਧਤ ਚਿੱਤਰ ਤਾਂ ਬਹੁਤ ਹੀ ਪ੍ਰਚੱਲਤ ਹੋਇਆ ਹੈ ਜਿਸ ਵਿਚ ਮਹਾਰਾਜਾ ਰੋਪੜ ਵਿਖੇ ਲਾਰਡ ਵਿਲੀਅਮ ਬੈਂਟਕ ਨਾਲ ਪੰਜਾਬ ਸਬੰਧੀ ਅਹਿਦਨਾਮਾ ਕਰਨ ਲਈ ਹਾਥੀ ਤੇ ਚੜ੍ਹਕੇ ਮਿਲਦਾ ਹੈ। ਇਹ ਚਿੱਤਰ ਬਹੁਤ ਹੀ ਪ੍ਰਭਾਵਸ਼ਾਲੀ ਹੈ ਤੇ ਇਹ ਹੀ ਇਕ ਅਜੇਹਾ ਇਤਿਹਾਸਕ ਅਹਿਦਨਾਮਾ ਸੀ ਕਿ ਜਿਸ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਨੇ ਇਕ ਤਰ੍ਹਾਂ ਨਾਲ ਅੰਗਰੇਜ਼ਾਂ ਲਈ ਪੰਜਾਬ ਦਾ ਪਰਵੇਸ਼-ਦੁਆਰ ਖੋਲ੍ਹ ਦਿੱਤਾ ਤੇ ਇਹ ਇਕ ਦੇਖਣ ਨੂੰ ਤਾਂ ਅਹਿਦਨਾਮਾ ਸੀ ਪਰ ਇਕ ਤਰ੍ਹਾਂ ਨਾਲ ਮਹਾਰਾਜੇ ਦੀ ਹਾਰ ਹੀ ਸੀ। ਆਖਰ ਆਪਣੀ ਸ਼ਾਤਰ-ਬੁੱਧੀ ਸਦਕਾ ਅੰਗਰੇਜ਼ ਪੰਜਾਬ ਉਤੇ ਕਾਬਜ਼ ਹੋ ਗਏ। ਸਾਡੇ ਆਪਣੇ ਗ਼ਦਾਰਾਂ ਸਦਕਾ ਅਸੀਂ ਜੰਗਾਂ ਹਾਰੀਆਂ ਤੇ ਅੰਗਰੇਜ਼ਾਂ ਦੇ ਗੁਲਾਮ ਹੋ ਗਏ। ਹਿੰਦੁਸਤਾਨ ਦੀ ਆਖਰੀ ਆਜ਼ਾਦ ਰਿਆਸਤ ਪੰਜਾਬ ਦੇ ਸਲਤਨਤ ਤੇ ਇੰਗਲਸ਼ੀਆਂ ਦਾ ਯੂਨੀਅਨ ਜੈਕ ਲਹਿਰਾਉਣ ਲਗਾਇਆ। ਇਤਿਹਾਸ ਦੀ ਖੋਜ ਦਸਦੀ ਹੈ ਕਿ ਮਹਾਰਾਜੇ ਦੀ ਫੌਜ ਦੇ ਹੀ ਇਕ ਸਰਦਾਰ ਨੇ ਏਸ ਅਹਿਦਨਾਮੇ ਦੇ ਖਿਲਾਫ਼ ਬਗਾਵਤ ਕੀਤੀ। ਉਸਦਾ ਨਾਂ ਮਹਿਰਾਜ ਸਿੰਘ ਸੀ ਤੇ ਅੰਗਰੇਜ਼ਾਂ ਨੇ ਉਸਨੂੰ ਉਸਦੇ 300 ਸਾਥੀਆਂ ਸਮੇਤ ਗ੍ਰਿਫਤਾਰ ਕਰਕੇ ਸਿੰਘਾਪੁਰ ਭੇਜ ਦਿਤਾ ਜਿਥੇ ਉਹ ਪੰਜਾਬ ਦੇ ਭਾਰਤ ਦੀ ਆਜ਼ਾਦੀ ਲਈ ਸ਼ਹੀਦ ਹੋ ਗਿਆ। ਸਿੰਘਾਪੁਰ ਵਿਚ ਭਾਈ ਮਹਿਰਾਜ ਸਿੰਘ ਦੀ ਯਾਦ ਵਿਚ ਇਕ ਸੁੰਦਰ ਗੁਰਦਵਾਰ ਹੈ। ਕਵੀ ਸ਼ਾਹ ਮੁਹੰਮਦ ਨੇ ਜੰਗਨਾਮਾ ਪੰਜਾਬ ਲਿਖਕੇ ਮਹਾਰਾਜਾ ਦੀ ਸਲਤਨਤ ਦੇ ਬਲਦੇ ਚਿਰਾਗ ਦੀ ਕਰੁਣਾਮਈ ਗਾਥਾ ਬਿਆਨ ਕੀਤੀ ਹੈ ਤੇ ਅੰਤ ਲਿਖਿਆ ਹੈ "ਸ਼ਾਹ ਮੁਹੰਮਦਾ!

ਇਕ ਸਰਕਾਰ ਬਾਝੋਂ ਫੌਜਾਂ ਜਿੱਤਕੇ ਅੰਤ ਨੂੰ ਹਾਰੀਆਂ ਨੇ ਅਜ ਹੁੰਦੀ ਸਰਕਾਰ ਤੇ ਮੁੱਲ ਪਾਉਂਦੀ, ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ-" ਜਰਨੈਲ ਸਿੰਘ ਨੇ ਸਿਖ ਇਤਿਹਾਸ ਦੇ ਅਜੇਹੇ ਦਰਦ ਨਾਲ ਚਿੱਤਰ ਵੀ ਚਿਤਰੇ ਹਨ।

ਅੱਜਕਲ੍ਹ ਜਰਨੈਲ ਸਿੰਘ ਸਰੀ, ਬੀ.ਸੀ. ਕੈਨੇਡਾ ਵਿਚ ਪਰਿਵਾਰ ਸਮੇਤ ਰਹਿ ਰਿਹਾ ਹੈ। ਅਖਬਾਰਾਂ ਤੇ ਰਿਸਾਲਿਆ ਵਿਚ ਉਸ ਬਾਰੇ ਲੇਖ ਛਪ ਰਹੇ ਹਨ। ਉਸਦੀ ਆਮਦਨੀ ਦਾ ਸਾਧਨ ਸਿਰਫ ਤੇ ਸਿਰਫ "ਚਿੱਤਰਕਾਰੀ" ਹੈ ਤੇ ਲੋੜ ਹੈ, ਕਿ ਸਰਕਾਰ ਤੇ ਸੰਸਥਾਵਾਂ ਉਸਦੀ ਬਣਦੀ ਕਦਰ ਕਰਨ ਤੇ ਪੰਜਾਬ ਦੇ ਹੀਰੇ ਕਲਾਕਾਰ ਦੀ ਜਿੰਨੀ ਵੀ ਹੌਂਸਲਾ ਅਫਜ਼ਾਈ ਕੀਤੀ ਜਾਵੇ - ਘੱਟ ਹੈ।

ਜਰਨੈਲ ਸਿੰਘ ਨਾਲ ਮੇਰੀ ਅਕਸਰ ਮੁਲਾਕਾਤ ਹੁੰਦੀ ਰਹਿੰਦੀ ਹੈ। ਸੰਸਥਾਵਾਂ ਦੀਆਂ ਮੀਟਿੰਗਾਂ ਵਿਚ ਵੀ ਤੇ ਮੇਰੇ ਆਪਣੇ ਘਰ ਵੀ। ਉਹ ਫਿਰ ਵੀ ਨਿਰਾਸ਼ ਨਹੀਂ। ਜਦੋਂ ਮੈਂ ਪੁਛਿਆ "ਜਰਨੈਲ ਸਿੰਘ - ਕੰਮ ਕੀ ਕਰਦੇ ਹੋ?"

"ਬੱਸ ਚਿੱਤਰਕਾਰੀ ਹੀ।"

"ਕੀ ਚਿੱਤਰਕਾਰੀ ਵਿਚੋਂ ਗੁਜ਼ਾਰੇ ਯੋਗ ਧਨ ਪ੍ਰਾਪਤ ਹੋ ਜਾਂਦਾ ਹੈ?"

"ਤਕਰੀਬਨ ਗੁਜ਼ਾਰਾ ਹੋ ਜਾਂ ਹੈ ਪਰ ਬਝਵੀਂ ਆਮਦਨੀ ਵਾਲੀ ਗਲ ਤਾਂ ਨਹੀਂ ਬਣਦੀ-"

ਉਹ ਟਰਾਂਟੋ ਆਦਿ ਸ਼ਹਿਰਾਂ ਵਿਚ ਆਪਣੀ ਚਿੱਤਰ ਪ੍ਰਦਰਸ਼ਨੀ ਲਗਾ ਚੁੱਕਾ ਹੈ। ਉਸਦੀ ਚਿੱਤਰਕਲਾ ਦਾ ਚਰਚਾ ਮੀਡੀਏ ਵਿਚ ਆਏ ਦਿਨ ਹੁੰਦਾ ਹੀ ਰਹਿੰਦਾ ਹੈ।

ਕੀ ਸਾਡੀਆਂ ਸੰਸਥਾਵਾਂ ਤੇ ਗੁਰਦਵਾਰਾ ਕਮੇਟੀਆਂ ਕਿਸੇ ਦਿਨ ਇਕ ਥਾਂ ਬੈਠ ਕੇ ਇਹ ਵਿਚਾਰ ਕਰਨਗੀਆਂ ਕਿ "ਜਰਨੈਲ ਲਈ ਕੋਈ ਅਜੇਹਾ ਕਾਰਜ ਲੱਭਿਆ ਜਾਏ। ਜਿਸ ਨਾਲ ਉਹ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਸਕੇ। ਉਸਦੇ ਵੀ ਬੱਚੇ ਹਨ। ਉਹ ਪੜ੍ਹਦੇ ਹਨ - ਫੇਰ ਕਾਲਜ ਵੀ ਜਾਣਗੇ ਤੇ ਕਾਰ ਮਕਾਨ ਆਦਿ ਦਾ ਖਰਚਾ ਵੀ ਹੈ - ਹੋਰ

ਚੌਧਵੀਂ ਕੀ ਰਾਤ ਥੀ ਸ਼ਬ ਭਰ ਰਿਹਾ ਚਰਚਾ ਤੇਰਾ
ਕੁਝ ਨੇ ਕਹਾ ਯੇ ਚਾਂਦ ਹੈ ਕੁਝ ਨੇ ਕਹਾ ਚੇਹਰਾ ਤੇਰਾ

ਨਿਤਾਪ੍ਰਤੀ ਦੀਆਂ ਲੋੜਾਂ ਹਨ - ਕੀ ਸੰਸਥਾਵਾਂ ਤੇ ਗੁਰਦਵਾਰਾ ਉਸਨੂੰ ਮਹੀਨੇਵਾਰ ਲੋੜੀਂਦੇ ਧਨ ਦੀ ਮੁਸ਼ਕਿਲ ਹੱਲ ਨਹੀਂ ਕਰ ਸਕਦੀਆਂ? ਮੇਰੇ ਖਿਆਲ ਵਿਚ ਸੰਸਥਾਵਾਂ ਤੇ ਗੁਰੂਘਰਾਂ ਲਈ ਇਹ ਕੋਈ ਵੱਡੀ ਸਮੱਸਿਆ ਨਹੀਂ- ਪਿੱਛੇ ਜਿਹੇ ਸਰੀ ਵਿਖੇ ਇਕ ਸਿਖ ਅਜਾਇਬ ਘਰ ਦੀ ਯੋਜਨਾ ਬਣੀ ਸੀ। ਕਿੰਨਾ ਚੰਗਾ ਹੋਵੇ ਕਿ ਇਹ ਯੋਜਨਾ ਬੀ.ਸੀ. ਸਰਕਾਰ ਨਾਲ ਮਿਲਕੇ ਸਿਰੇ ਚਾੜ੍ਹੀ ਜਾਵੇ ਤੇ ਜਰਨੈਲ ਸਿੰਘ ਵਰਗੇ ਉਚਕੋਟੀ ਦੇ ਚਿੱਤਰਕਾਰ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਜਾਣ। ਅਸੀਂ ਪੰਜਾਬੀ ਸ਼ਰਾਬ ਦੀ ਬੋਤਲ ਤਾਂ ਪੀ ਸਕਦੇ ਹਾਂ - ਹਾਤ ਹੂਤ ਵਾਲੇ ਸ਼ੋਅ ਵੀ ਵੇਖ ਸਕਦੇ ਹਾਂ - ਪਰ ਪੰਜਾਬੀ ਸਭਿਆਚਾਰ ਤੇ ਪੰਜਾਬੀ ਬੋਲੀ ਲਈ ਇਕ "ਡਾਲਰ" ਖਰਚਣ ਸਮੇਂ ਸੌ ਵਾਰ ਸੋਚਦੇ ਹਾਂ। ਪੰਜਾਬੀ ਅਖ਼ਬਾਰ ਦੀ ਥਾਂ ਅੰਗਰੇਜ਼ੀ ਅਖ਼ਬਾਰ ਖਰੀਦਣਾ ਆਪਣੀ



ਸ਼ਾਨ ਸਮਝਦੇ ਹਾਂ। ਬੱਚੇ ਜਦੋਂ ਘਰ ਵਿਚ ਅੰਗਰੇਜ਼ੀ ਬੋਲਦੇ ਹਨ ਤਾਂ ਅਸੀਂ ਖੁਸ਼ ਹੁੰਦੇ ਹਾਂ ਪਰ ਭੁੱਲ ਜਾਂਦੇ ਹਾਂ ਕਿ ਸਾਡੇ ਪਿਆਰੇ ਪੰਜਾਬ ਨਾਲੋਂ ਇਨ੍ਹਾਂ ਬੱਚਿਆਂ ਦਾ ਭਾਸ਼ਾ ਪੱਖੋਂ ਤੇ ਸਭਿਆਚਾਰ ਪੱਖੋਂ ਨਾਤਾ ਟੁੱਟ ਰਿਹਾ ਹੈ। ਕੌਣ ਪੜ੍ਹੇਗਾ ਕਿਤਾਬਾਂ, ਅਖਬਾਰ, ਪੰਜਾਬੀ ਦੇ ਜਦ ਅਗਲੀ ਪੀੜ੍ਹੀ ਹੀ ਬੇਮੁੱਖ ਹੋ ਰਹੀ ਹੈ ਤੇ ਅਸੀਂ ਸੁੱਤੇ ਪਏ ਹਾਂ - ਜਰਨੈਲ ਸਿੰਘ ਪੰਜਾਬੀਓ ਤੁਹਾਨੂੰ ਜਗਾਉਣ ਪੰਜਾਬ ਤੋਂ ਕੈਨੇਡਾ ਆਇਆ ਹੈ। ਆਪਣਾ ਫਰਜ਼ ਪਛਾਣੋ, ਇਹ ਤੁਹਾਨੂੰ ਤੁਹਾਡੇ ਪਿੰਡ, ਤੁਹਾਡਾ ਇਤਿਹਾਸ ਚੇਤੇ ਕਰਵਾ ਰਿਹਾ ਹੈ - ਚਿੱਤਰਾਂ ਰਾਹੀਂ ਤੇ ਜੇ ਤੁਸੀਂ ਹੀ ਨਾ ਜਾਗੇ ਤਾਂ ਕਸੂਰ ਜਰਨੈਲ ਸਿੰਘ ਦਾ ਨਹੀਂ ਤੇ ਕਿਸੇ ਉਰਦੂ ਦੇ ਉਘੇ ਬਾਲ ਸ਼ਾਇਰ ਡਾ: ਇਕਬਾਲ ਨੇ ਠੀਕ ਹੀ ਕਿਹਾ ਹੈ ..

"ਨਾ ਸਮਝੋਗੇ ਤੋ ਮਿੱਟ ਜਾਓਗੇ, ਐ ਹਿੰਦੁਸਤਾਂ ਵਾਲੋ

ਤੁਮਹਾਰੀ ਦਾਸਤਾਂ ਤੱਕ ਵੀ ਨਾ ਹੋਗੀ ਦਾਸਤਾਨੋਂ ਮੇਂ!"

ਤੇ

"ਹਰ ਸ਼ਾਖ ਪੇ ਉਲੂ ਬੈਠਾ ਹੈ

ਅੰਜਾਮੇ ਗੁਲਿਸਤਾਂ ਕਯਾ ਹੋਗਾ?"

ਸਿਆਸੀ ਲੀਡਰਾਂ ਕੋਲੋਂ ਤਾਂ ਕੋਈ ਆਸ ਨਹੀਂ ਪਰ ਕਲਾ ਪ੍ਰੇਮੀ ਤੇ ਪੰਜਾਬੀ ਪੁੱਤਰ ਤਾਂ ਜਾਗਣ।

"ਹਜ਼ਾਰੋਂ ਸਾਲ ਨਰਗਿਸ ਅਪਨੀ ਬੇਨੂਰੀ ਪੇ ਰੋਤੀ ਹੈ

ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇ ਦੀਦਾਵਰ ਪੈਦਾ!"

ਜਰਨੈਲ ਸਿੰਘ ਵਰਗੀ ਪ੍ਰਤਿਭਾ ਦੇ ਮਾਲਿਕ ਚਿੱਤਰਕਾਰ ਸਦੀਆਂ ਪਿਛੋਂ ਹੀ ਜਨਮ ਦੇ ਹਨ। ਪੰਜਾਬੀਓ! ਆਪਣਾ ਫਰਜ਼ ਪਛਾਣੋ। ਜਰਨੈਲ ਸਿੰਘ ਵਰਗੇ ਚਿੱਤਰਕਾਰ ਹੀ ਨਹੀਂ ਪੰਜਾਬੀ ਦੇ ਲੇਖਕਾਂ/ਕਵੀਆਂ ਦਾ ਵੀ ਏਥੇ ਏਹੀ ਹਾਲ ਹੈ! ਕੀ ਤੁਹਾਨੂੰ ਚੰਗਾ ਲੱਗੇਗਾ ਕਿ ਕਲਾਕਾਰ ਵੀ "ਫਾਰਮਾਂ" ਵਿਚ ਬੇਰੀ ਤੋੜੇ ਜਾਂ ਫੈਕਟਰੀਆਂ ਵਿਚ ਜਿਸਮ ਤੋੜੇ? ਮੈਂ

ਮੰਨਦਾ ਹਾਂ ਕਿ ਕੰਮ ਕੋਈ ਵੀ ਮਾੜਾ ਨਹੀਂ ਹੁੰਦਾ ਪਰ ਜੇ ਯੋਗ ਵਿਅਕਤੀ ਨੂੰ ਯੋਗ ਕੰਮ ਦਿਤਾ ਜਾਵੇ...ਤਾਂ ਕਿੰਨਾ ਚੰਗਾ ਹੋਵੇ।

ਇਕ ਸੁਭਾਅ ਹੈ ਕਿ ਸਰਕਾਰ ਨੂੰ ਕਿਹਾ ਜਾਵੇ ਕਿ ਭਾਰਤ ਤੋਂ ਆਏ ਪੜ੍ਹੇ ਲਿਖੇ ਵਿਅਕਤੀ ਨੂੰ ਉਸਦੀ ਡਿਗਰੀ ਨੂੰ ਏਥੇ ਸਰਕਾਰ ਮਾਨਤਾ ਦੇਵੇ - ਕਿਹਾ ਜਾ ਰਿਹਾ ਹੈ ਕਿ ਉਹ ਪਹਿਲਾਂ ਏਥੋਂ ਦਾ ਉਸ ਡਿਗਰੀ ਵਰਗਾ ਕੋਈ ਕੋਰਸ ਕਰੇ ਫਿਰ "ਮਾਨਤਾ" ਦਿੱਤੀ ਜਾਵੇਗੀ ਪਰ ਸੋਚਣ ਵਾਲੀ ਗੱਲ ਹੈ ਕਿ ਕੋਰਸ ਲਈ ਪੈਸਾ ਕੌਣ ਦੇਵੇਗਾ? ਕੀ ਸਰਕਾਰ ਇਹ ਖਰਚ ਅਪਣੇ ਜ਼ਿੰਮੇ ਲਵੇਗੀ। ਪੁਆਇੰਟਾਂ ਉਤੇ ਆ ਰਹੇ ਵਿਅਕਤੀਆਂ ਨੂੰ ਕਿਉਂ ਨਹੀਂ ਦਿੱਲੀ ਦੀ ਕਨੇਡੀਅਨ ਏਜੈਂਸੀ

ਚੁਕ ਚਾਟੀ ਸਿਰਤੇ ਲਸੀ ਦੀ ਮੈਂ ਭੱਤਾ ਲੈਕੇ ਚਲੀ ਨੀ
ਮੇਰੀ ਛਣ ਛਣ ਝਾਂਜਰ ਛਣਕ ਰਹੀ ਓਧਰ ਕੋਈ ਛਣਕੇ ਟਲੀ ਨੀ

ਇਹ ਗੱਲ ਸਪੱਸ਼ਟ ਕਰਦੀ ਕਿ "ਤੁਹਾਨੂੰ ਤੁਹਾਡੀ ਡਿਗਰੀ ਵਾਲੀ ਨੌਕਰੀ ਉਥੇ ਨਹੀਂ ਮਿਲਦੀ ਤੇ ਤੁਹਾਨੂੰ ਲੇਬਰ ਕਰਨੀ ਪਵੇਗੀ-" ਕੈਨੇਡਾ ਦੀ ਸੁੰਦਰ ਤਸਵੀਰ ਜਿਹੜੀ ਬੰਦੇ ਦੇ ਮਨ 'ਚ ਹੁੰਦੀ ਹੈ ਏਥੇ ਆਉਣ ਵੇਲੇ ਉਹ ਏਥੇ ਆਕੇ ਚੂਰ ਚੂਰ ਹੋ ਜਾਂਦੀ ਹੈ।

ਕੀ ਸਾਡੀ ਕਮਿਊਨਿਟੀ ਦੇ ਐਮ.ਐਲ.ਏ. ਜਾਂ ਮੰਤਰੀ ਜਾਂ ਐਮ.ਪੀ. ਇਸ ਗੱਲ ਵਲ ਧਿਆਨ ਦੇਣਗੇ ਤੇ ਕੁਝ ਕਰਨਗੇ...ਰੁਲ ਰਹੇ ਹਨ ਖੇਤਾਂ ਵਿਚ ਤੁਹਾਡੇ ਇੰਜਨੀਅਰਜ਼, ਕਰਨਲ ਤੇ ਡਾਇਰੈਕਟਰਜ਼! ਤੇ ਜਰਨੈਲ ਸਿੰਘ ਵਰਗੇ ਚਿੱਤਰਕਾਰ ਲਈ ਵੀ ਨਹੀਂ ਸੋਚਿਆ ਜਾ ਰਿਹਾ ਤੇ ਨਾ ਪੰਜਾਬੀ ਬੋਲੀ ਤੇ ਲਿਖਾਰੀਆਂ ਬਾਰੇ। ਆਓ...ਏਥੇ ਵੀ ਨਿੱਕਾ ਜਿਹਾ ਪੰਜਾਬ ਵਸਾਈਏ...

ਅੰਤ ਤੇ ਮੈਂ ਜਰਨੈਲ ਸਿੰਘ ਬਾਰੇ ਵਿਦਵਾਨਾਂ ਦੀ ਰਾਏ ਦਰਜ ਕਰ ਰਿਹਾ ਹਾਂ।

-ਉਸਦੀਆਂ ਕਲਾ ਕਿਰਤਾਂ ਸਾਨੂੰ ਆਪਣੇ ਪਿਛੋਕੜ ਦੇ ਐਨ ਨੇੜੇ ਲੈ ਜਾਂਦੀਆਂ ਹਨ। ਉਨ੍ਹਾਂ ਵਿਚ ਧੜਕਦਾ ਪੰਜਾਬੀ ਜੀਵਨ ਹੈ, ਜਾਨ ਹੈ, ਜਜ਼ਬਾ ਹੈ, ਖੂਬਸੂਰਤੀ ਤੇ ਨਜ਼ਾਕਤ ਹੈ, ਬਹੁਰੰਗੀ ਵਿਵਿਧਤਾ ਹੈ। - ਹਰਭਜਨ ਹਲਵਾਰਵੀ, ਸੰਪਾਦਕ 'ਪੰਜਾਬੀ ਟ੍ਰਿਬਿਊਨ ਚੰਡੀਗੜ੍ਹ-

"One must acknowledge the fact that he had succeeded in creating the atmosphere of the turbulen + times in his paintings of historical themes based on battles furiously fought by the sikhs under the leadership of Guru Gobind Singh." The TRIBUNE Chandigarh.

"ਸਿਖ ਇਤਿਹਾਸ ਤੇ ਪੰਜਾਬੀ ਸਭਿਆਚਾਰਕ ਨਾਲ ਸੰਬੰਧਤ ਚਿੱਤਰਕਾਰ ਜਰਨੈਲ ਸਿੰਘ ਦੀਆਂ ਪੇਂਟਿੰਗਜ਼ ਉਸਦੇ ਘਰ ਦੇਖਣ ਜਾਣਾ ਵੀ ਕਿਸੇ ਧਰਮ ਅਸਥਾਨ ਜਾਣ ਦੇ ਬਰਾਬਰ ਹੈ-" ਗੁਰਦਾਸ 'ਮਾਨ' -

"The legends of Sikh History, life of the women folk and portraits have been painted in a manner easily accessible to the eyes, and capturing in the process the martial Spirit of the Punjabi's and the rustic beauty." . . .

India Express, Chandigarh.

"ਆਇਲ ਪੇਂਟਿੰਗ ਸੇ ਬਨੇ - ਪੰਜਾਬੀ ਦੁਲਹਨੋਂ ਕੇ ਪੋਰਟਰੇਟ ਇਤਿਹਾਸਕ ਪ੍ਰਿਸ਼ਟ ਭੂਮੀ ਆਧਾਰਿਤ ਚਿੱਤਰ ਅਪਨਾ ਵਿਸ਼ੇਸ਼ ਪ੍ਰਭਾਵ ਛੋੜਤੇ ਹੈਂ-" ਜਨ ਸੱਤਾ - ਦਿੱਲੀ

"Jarnail has verily created a mini museum of Phulkaris using an inspired painter's reportoire of keen observations, unfailing patience and technical virtuosity."

Dr. S.S. Bhatia

"ਆਪਣੇ ਫੁਲਕਾਰੀ ਨੂੰ ਲੋਕਾਂ ਸਾਹਮਣੇ ਲਿਆਕੇ ਮੁੜ ਸੁਰਜੀਤ ਕੀਤਾ ਹੈ। ਫੁਲਕਾਰੀ ਵਿਚ ਪੇਂਡੂ ਮੁਟਿਆਰ ਦੇ ਅੰਦਾਜ਼ ਅਤੇ ਫੁਲਕਾਰੀ ਦੇ ਵਖਰੋ ਵਖਰੇ ਰੂਪ ਬਹੁਤ ਹੀ ਪਿਆਰੇ ਲਗਦੇ ਹਨ।"

ਸਿਰ ਝੁਕਾਨੇ ਸੇ ਭੀ ਦੌਲਤੇ ਹੁਸਨ ਕਮ ਨਾ ਹੋਗੀ
ਲੁਟਾਨੇ ਸੇ ਭੀ ਯੇ ਦੌਲਤ ਕਮ ਨਾ ਹੋਗੀ

-ਕੌਮੀ ਏਕਤਾ, ਦਿੱਲੀ

"Yet his work straddles academic craftsmanship an attention to fine detail and a spirit of exotic reverie." -The Indian Post

"His use of bright and charming colours to portray the colorful punjabi life is note worthy."

-CURRENT-

"He lays emphasis on "Phulkari" through which he records the remarkable variety of embroidered design representative of creative genius of Punjabi mutiar.

-THE DAILY-

"ਉਸਦੀ ਕਰੀਨਾ ਸਾਜ਼ੀ ਦੇ ਸੰਦਰਵ 'ਚ ਕਿਹਾ ਜਾ ਸਕਦਾ ਹੈ ਕਿ ਉਸਦੀ ਪਾਤਰ ਤਰਾਸ਼ੀ ਅਮੂਮਨ ਨਾਟਕੀ ਮੁਦਰਾ ਤੇ ਤਣਾਓਸ਼ੀਲਤਾ ਨਾਲ ਲੈਸ ਹੈ।

-ਜੱਗਬਾਣੀ, ਜਲੰਧਰ

"ਇਕੋ ਵੇਲੇ ਦੋਨੋ ਰਸ (ਬੀਰ ਰਸ ਤੇ ਸ਼ਿੰਗਾਰ ਰਸ) ਦਾ ਚਿੱਤਰਨ ਸ਼ਲਾਘਾਯੋਗ ਹੈ"-। ਅਜੀਤ - ਜਲੰਧਰ

"ਉਨਕੇ ਸਭੀ ਚਿਤਰੋਂ ਮੇਂ ਪੰਜਾਬ ਕੇ ਲੋਕ ਸ਼ਿਲਪ ਫੁਲਕਾਰੀ ਕਾ ਕਹੀਂ ਨਾ ਕਹੀਂ ਪ੍ਰਯੋਗ ਅਵੱਸ਼ਯ ਹੈ-"

-ਨਵਭਾਰਤ ਟਾਇਮਜ਼, ਦਿੱਲੀ

"He paints a sharp, even starting clarity and with commitments and assurance."

-The Sunday Observer-

"I am personally delighted with the public's response and once again I think you are helping to make this important exhibition a success -

-Patrick Day-

Principal keeper

Herbert Art Gallery & Museum Coventry

(U.K.)

Commenting on "Discovering the Punjabi Exhibition."

ਜਰਨੈਲ ਸਿੰਘ ਦੀਆਂ ਕੁਝ ਪਰਦਰਸ਼ਨੀਆਂ -

* 1978 ਤੋਂ 1989 ਤੱਕ ਪੰਜਾਬ ਲਲਿਤਕਲਾ ਅਕਾਨਮੀ ਵਲੋਂ ਆਯੋਜਤ ਪਰਦਰਸ਼ਨੀਆਂ ਵਿਚ ਭਾਗ ਲਿਆ।
* ਗੁਰੂ ਨਾਨਕ ਦੇਵ ਯੂਨੀਵਰਸਿਟੀਆਂ ਅੰਮ੍ਰਿਤਸਰ ਵਿਖੇ "ਵੰਨ ਮੈਨ ਸ਼ੋਅ" ਕੀਤਾ।
* ਤਾਜ ਆਰਟ ਗੈਲਰੀ ਮੁੰਬਈ ਵਿਖੇ 1988 ਵਿਚ।
* 1983 ਵਿਚ ਤੀਜੀ ਵਿਸ਼ਵ ਪੰਜਾਬੀ ਕਾਨਫਰੰਸ, ਬੰਗਕੋਕ ਵਿਖੇ।
* ਜਹਾਂਗੀਰ ਆਰਟ ਗੈਲਰੀ ਮੁੰਬਈ ਵਲੋਂ ਆਯੋਜਤ 'ਫੁਲਕਾਰੀ ਪਰਦਰਸ਼ਨੀ' ਵਿਚ 1989 ਵਿਚ।
* 1988 ਵਿਚ U.K. ਵਿਖੇ ਹਰਵਾਰਟ ਆਰਟ ਗੈਲਰੀ ਵਿਖੇ।
* 1991 ਵਿਚ ਕੋਲਕੋਤਾ ਵਿਖੇ ਕੋਲਕੋਤਾ ਇਨਫਾਰਮੇਸ਼ਨ ਸੈਂਟਰ ਵਿਖੇ।
* 1991 ਵਿਚ ਹੀ ਰਾਮਗੜ੍ਹੀਆ ਫੈਮਿਲੀ ਸੈਂਟਰ ਕੁਵੈਂਟਰੀ U.K.ਵਿਖੇ।
* 1992 ਵਿਚ ਸੇਂਟ ਜਾਨ ਮਿਊਜ਼ਿਅਮ ਵਾਰਵਿਕ U.K. ਵਿਖੇ।
* ਹੋਟਲ ਸਮਰਾਟ 1994.
* 1995 ਫੋਟੋ ਗਰਾਫ ਐਟ ਗੌਰਮਿੰਟ ਮਿਊਜ਼ਿਅਮ ਚੰਡੀਗੜ੍ਹ।
* ਯੂਨੀਵਰਸਿਟੀ ਆਫ ਅਲਬਰਟਾ ਕੈਨੇਡਾ।
* ਵਰਲਡ ਪੰਜਾਬੀ ਕਾਨਫਰੰਸ, ਯੂਨੀਵਰਸਿਟੀ ਆਫ ਵਿਸਕਾਸ U.S.A.
* ਸਲਾਈਡ ਸ਼ੋਅ ਯੂਨੀਵਰਸਿਟੀ ਆਫ ਕੈਲੇਫੋਰਨੀਆ U.S.A.

ਜਰਨੈਲ ਸਿੰਘ ਨੇ ਕੈਲੰਡਰ ਆਦਿ ਵਿਚ ਪੇਂਟਿੰਗਜ਼ ਪ੍ਰਕਾਸ਼ਤ ਕੀਤੀਆਂ :- ਕੁੱਝ ਵੇਰਵਾ ਇਸ ਪਰਕਾਰ ਹੈ:-

* ਪੰਜਾਬ ਸਮਾਲ ਇੰਡਸਟਰੀਜ਼ & ਐਕਸਪੋਰਟ ਕਾਰਪੋਰੇਸ਼ਨ ਮਾਰਕਫੈਡ।
* ਰੋਜ਼ਾਨਾ ਅਜੀਤ ਜਲੰਧਰ
* ਪੀ.ਐਸ.ਬੀ. ਫਾਈਨੈਂਸ
* ਬੈਂਕ ਆਫ ਪੰਜਾਬ
* ਪੰਜਾਬ ਐਂਡ ਸਿੰਧ ਬੈਂਕ
* ਵਕੀਲ ਐਂਡ ਸਨਜ਼ ਮੁੰਬਈ ਲਈ ਗਰੀਟਿੰਗ ਕਾਰਡਜ਼ ਲਈ ਪੇਂਟਿੰਗਜ਼।
* ਪੰਜਾਬੀ ਯੂਨੀਵਰਸਿਟੀ ਪਟਿਆਲਾ
* ਪੰਜਾਬ ਮੁਖ ਮੰਤਰੀ
* ਰੈਡ ਕਰਾਸ ਪੰਜਾਬ ਸਟੇਟ
* ਪੰਜਾਬ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ
* ਭਾਸ਼ਾ ਵਿਭਾਗ ਪੰਜਾਬ ਪਟਿਆਲਾ

ਜਰਨੈਲ ਸਿੰਘ ਚਿੱਤਰਕਾਰ ਹੀ ਨਹੀਂ ਸਗੋਂ ਉਹਨੇ ਫੋਟੋ ਗਰਾਫੀ ਵਿਚ ਵੀ ਮੁਹਾਰਤ ਹਾਸਿਲ ਕੀਤੀ ਹੈ ਤੇ ਉਹ ਇੰਟਰਲੈਸ਼ਨ ਫੋਟੋਗਰਾਫਿਕ ਕੌਂਸਲ ਦਿੱਲੀ ਦਾ ਮੈਂਬਰ ਹੈ। ਇੰਡੀਅਨ ਫੋਟੋਗਰਾਫੀ ਫੈਡਰੇਸ਼ਨ ਬੰਗਲੌਰ ਨੇ ਵੀ ਜਰਨੈਲ ਸਿੰਘ ਨੂੰ ਮੈਂਬਰ ਬਣਾ ਲਿਆ ਹੈ। ਉਹ ਅਨੇਕਾਂ ਫੋਟੋਗਰਾਫੀ ਨਾਲ ਸਬੰਧਤ ਵਰਕਸ਼ਾਪਾਂ ਵਿਚ ਭਾਗ ਲੈ ਚੁਕਾ ਹੈ। ਉਹ ਫੋਟੋਆਰਟਿਸਟ ਚੰਡੀਗੜ੍ਹ ਸੰਸਥਾ ਦਾ ਬਾਨੀ ਤੇ ਜਨਰਲ ਸਕੱਤਰ ਹੈ। ਉਸਦੀਆਂ ਫੋਟੋਆਂ ਕੈਨੇਡਾ ਤੇ ਭਾਰਤ ਦੀਆਂ ਅਖਬਾਰਾਂ ਵਿਚ ਵੀ ਛਪੀਆਂ ਹਨ ਇਥੋਂ ਤੱਕ ਕਿ U.K. ਦੇ ਪੰਜਾਬ ਟਾਇਮਜ਼ ਵਿਚ ਵੀ।

ਜਰਨੈਲ ਸਿੰਘ ਦੀਆਂ ਦੇਸ਼ਾਂ ਵਿਦੇਸ਼ਾਂ ਵਿਚ 30 ਤੋਂ ਵੱਧ ਸੰਸਥਾਵਾਂ ਕੋਲ ਕੁਲੈਕਸ਼ਨਜ਼ ਪਈਆਂ ਹਨ ਜੋ ਕਿਸੇ ਵੀ ਕਲਾਕਾਰ ਲਈ ਮਾਨ ਦੀ ਗੱਲ ਹੈ। ਉਹ ਹੇਠ ਲਿਖੀਆਂ ਸੰਸਥਾਵਾਂ ਵਲੋਂ ਸਨਮਾਨਿਤ ਹੋ ਚੁਕਾ ਹੈ।

* ਪੰਜਾਬ ਲਲਿਤਕਲਾ ਅਕਾਦਮੀ ਚੰਡੀਗੜ 1979-80
* ਸਭਿਆਚਾਰਕ ਮੰਚ 1989
* ਸ: ਸੋਭਾ ਸਿੰਘ ਮੈਮੋਰੀਅਲ ਐਵਾਰਡ 1991
* ਡਾਕਟਰ ਰਵਿੰਦਰ ਰਵੀ ਮੈਮੋਰੀਅਲ ਐਵਾਰਡ 1993
* ਇੰਟਰਨੈਸ਼ਨਲ ਪੰਜਾਬੀ ਸਾਹਿਤ ਸਭਾ ਲੰਡਨ 1992
* ਡਾਕਟਰ ਐਮ.ਐਸ. ਰੰਧਾਵਾ ਐਵਾਰਡ 1995
* ਸੈਂਟਰ ਐਸੋਸੀਏਸ਼ਨ ਆਫ ਪੰਜਾਬੀ ਰਾਈਟਰਜ਼ ਨਾਰਥ ਅਮੈਰਿਕਾ 1995
* ਇੰਡੋ ਕੈਨੇਡੀਅਨ ਕਲਚਰਲ ਐਸੋਸੀਏਸ਼ੀਅਨ ਵਲੋਂ 1998 ਵਿਚ "ਆਰਟਿਸਟ ਆਫ ਦੀ ਈਅਰ" ਰਿਵਾਰਡ।
* 1998 ਵਿਚ ਮਹਾਰਾਜਾ ਦਲੀਪ ਸਿੰਘ ਟਰਸਟ ਵਲੋਂ U.K. ਵਿਖੇ ਸਨਮਾਨਿਤ।
* 2000 ਵਿਚ ਪ੍ਰਿੰਸ ਜਾਰਜ ਵਿਖੇ ਵਿਸ਼ਵ ਪੰਜਾਬੀ ਕਾਨਫਰੰਸ ਸਮੇ ਸਨਮਾਨਿਤ।

ਜਰਨੈਲ ਸਿੰਘ ਦਾ ਟੈਲੀਫੋਨ ਨੰਬਰ - 604-572-2652 ਹੈ ਤੇ ਉਹ 128streetਤੇ ਸਰੀ, ਬੀ.ਸੀ. ਵਿਖੇ ਰਿਹਾਇਸ਼ ਪਜ਼ੀਰ ਹੈ।

ਜਰਨੈਲ ਸਿੰਘ ਤੇ ਜਿੰਨਾ ਮਾਣ ਕਰੀਏ ਥੋੜਾ ਹੈ। ਹਰ ਪ੍ਰਕਾਸ਼ ਜਨਾਗਲ ਵੀ ਕੈਲਗਰੀ ਰਹਿੰਦਾ ਹੈ। ਉਹ ਵੀ ਜਰਨੈਲ ਸਿੰਘ ਵਾਂਗ ਚਿਤ੍ਰਕਾਰੀ ਰਾਹੀਂ ਜ਼ਿੰਦਗੀ ਨੂੰ ਚਿਤਰਨ ਵਾਲਾ ਚਿੱਤਰਕਾਰ ਹੈ।

ਸਾਨੂੰ ਮਾਣ ਹੈ ਕਿ ਕੈਨੇਡਾ ਵਿਚ ਜਰਨੈਲ ਸਿੰਘ ਵਰਗੇ ਚਿੱਤਰਕਾਰ ਹਨ ਤੇ ਕੈਨੇਡਾ ਨੂੰ ਵੀ ਗੌਰਵ ਮਹਿਸੂਸ ਕਰਨਾ ਚਾਹੀਦਾ ਹੈ।

ਪਤੀ ਪਤਨੀ ਦਾ ਪ੍ਰੇਮ

ਮੰਜੂ ਨਗੌਰੀ

ਪਤੀ ਦੇ ਹੱਥ ਵਿਚ ਹੈ ਆਪਣੀ ਪਤਨੀ ਨੂੰ ਸਦਾ ਜਵਾਨ ਬਣਾਈ ਰੱਖਣਾ ਅਤੇ ਸਦਾ ਖੁਸ਼ ਰੱਖਣਾ। ਸੰਭਵ ਹੈ ਕਿ ਕਈ ਵਿਚਾਰਸ਼ੀਲ ਅਤੇ ਗੰਭੀਰ ਪਤੀ ਇਹ ਪੜ੍ਹਕੇ ਨਾ ਸਿਰਫ ਚੌਂਕਣਗੇ ਸਗੋਂ ਉਨ੍ਹਾਂ ਨੂੰ ਹੈਰਾਨੀ ਵੀ ਹੋਵੇਗੀ ਕਿ ਪਤੀ ਹੋਣ ਨਾਲ ਕੀ ਉਹ ਮਰਦ ਆਪਣੀ ਪਤਨੀ ਦੀ ਖੁਸ਼ੀ ਅਤੇ ਸੁੰਦਰਤਾ ਦੀ ਦਵਾਈ ਬਣ ਜਾਂਦੇ ਹਨ? ਅਸੀਂ ਲੋਕ ਭਲਾ ਕਰ ਹੀ ਕੀ ਸਕਦੇ ਹਾਂ? ਖੁਸ਼ ਰਹਿਣਾ, ਸਦਾ ਸੁੰਦਰ ਦਿਖਾਈ ਦੇਣਾ ਹਰ ਪਤਨੀ ਦੀ ਆਪਣੀ ਮਰਜ਼ੀ 'ਤੇ ਨਿਰਭਰ ਕਰਦਾ ਹੈ। ਇਸ ਵਿਚ ਭਲਾ ਅਸੀਂ ਕੀ ਕਰ ਸਕਦੇ ਹਾਂ?

ਪਰ ਇਹ 'ਨ' ਕਰਨ ਵਾਲੀ ਗੱਲ ਭਰਮ ਮਾਤਰ ਹੈ। ਪਤੀ ਆਪਣੀ ਪਤਨੀ ਨੂੰ ਖੁਸ਼ ਰੱਖਣ ਲਈ ਸਾਰੀਆਂ ਕੋਸ਼ਿਸ਼ਾਂ ਕਰ ਕੇ ਪਤਨੀ ਦੇ ਚਿਹਰੇ ਦੀ ਚਮਕ, ਖੂਬਸੂਰਤੀ, ਉਸ ਦੀ ਜਵਾਨੀ ਨੂੰ ਬਰਕਰਾਰ ਰੱਖ ਸਕਦੇ ਹਨ। ਸ਼ਾਇਦ ਕੁਝ ਪਤੀ ਵਿਆਹ ਤੋਂ ਬਾਅਦ ਇਹ ਭੁੱਲ ਜਾਂਦੇ ਹਨ ਕਿ ਉਨ੍ਹਾਂ ਦੀ ਪਤਨੀ, ਜਿਹੜੀ ਕਦੀ ਉਨ੍ਹਾਂ ਦੀ ਪ੍ਰੇਮਿਕਾ ਸੀ, ਜੋ ਅੱਜ ਉਨ੍ਹਾਂ ਦੀ ਮਨ-ਮੰਗੀ ਮੁਰਾਦ ਦੇ ਰੂਪ ਵਿਚ ਉਨ੍ਹਾਂ ਨਾਲ ਹੈ ਅਤੇ ਉਸ ਦੇ ਪ੍ਰੇਮੀ ਵੀ ਉਹ ਰਹਿ ਚੁੱਕੇ ਹਨ ਤੇ ਉਨ੍ਹਾਂ ਨੂੰ ਦੇਖਦਿਆਂ ਹੀ ਉਨ੍ਹਾਂ ਦੀ ਪਤਨੀ ਦੀਆਂ ਅੱਖਾਂ ਚਮਕ ਉਠਦੀਆਂ ਸਨ। ਪੂਰੇ ਸਰੀਰ ਵਿਚ ਪ੍ਰੇਮ ਦੀਆਂ ਲਹਿਰਾਂ ਪੈਦਾ ਹੋ ਜਾਂਦੀਆਂ ਸਨ। ਪ੍ਰੇਮੀ ਨੂੰ ਮਿਲਣ ਦਾ ਸੁਖ ਪੂਰੇ ਸਰੀਰ ਵਿਚ ਲਾਲੀ ਬਣ ਕੇ ਦੌੜਨ ਲੱਗਦਾ ਸੀ। ਪੂਰਾ ਸਰੀਰ ਜਵਾਨੀ ਦੀ ਨੁਹਾਰ ਨਾਲ ਸੁੰਦਰ ਅਤੇ ਚਮਕਦਾਰ ਹੋ ਉਠਦਾ ਸੀ, ਅੱਜ ਉਹ ਸਾਰੀ ਚਮਕ ਕਿੱਥੇ ਚਲੀ ਗਈ? ਜੇ ਪਤੀ ਵਿਆਹ ਦੇ ਕਈ ਸਾਲਾਂ ਬਾਅਦ ਵੀ ਆਪਣਾ ਪ੍ਰੇਮੀ ਰੂਪ ਬਣਾਈ ਰੱਖੇ ਅਤੇ ਯਾਦ ਰੱਖੇ ਕਿ ਜਿਹੜੀ ਅੱਜ ਉਨ੍ਹਾਂ ਦੀ ਪਤਨੀ ਹੈ ਉਹ ਕਦੀ ਉਨ੍ਹਾਂ ਦੀ ਪ੍ਰੇਮਿਕਾ ਹੁੰਦੀ ਸੀ। ਉਨ੍ਹਾਂ ਦੀ ਪਤਨੀ ਨਾ ਸਿਰਫ ਉਸ ਦੇ ਬੱਚਿਆਂ ਦੀ ਮਾਂ ਹੈ ਸਗੋਂ ਉਸ ਦੇ ਪ੍ਰੇਮ ਦਾ ਕੇਂਦਰ ਬਿੰਦੂ ਵੀ ਹੈ। ਉਸ ਦੀ ਚਾਹਤ ਅਤੇ ਪ੍ਰੇਮਿਕਾ ਦਾ ਰੂਪ ਰੱਖ ਕੇ ਪਤਨੀ ਘਰ ਗ੍ਰਹਿਸਥੀ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦੇ ਹੋਏ ਆਪਣੀ ਸੁੰਦਰਤਾ ਅਤੇ ਜਵਾਨੀ ਨੂੰ ਚਿਰਸਥਾਈ ਰਖ ਸਕੇਗੀ।

ਪਤੀ ਜੇ ਪ੍ਰਬੀਨ ਪ੍ਰੇਮੀ ਹੈ, ਜ਼ਿੰਦਾ ਦਿਲ ਹੈ ਅਤੇ ਪਤਨੀ ਨੂੰ ਹੱਸਣਾ ਹਸਾਉਣਾ ਜਾਣਦਾ ਹੈ, ਪਤਨੀ ਦੇ ਨਾਲ ਬੈਠ ਕੇ ਗੱਲਾਂ ਕਰਨੀਆਂ ਪਸੰਦ ਕਰਦਾ ਹੈ ਤਾਂ ਪਤੀ ਦੇ ਪਿਆਰ ਦਾ ਪ੍ਰਤੀਬਿੰਬ ਪਤਨੀ ਦੇ ਪੂਰੇ ਸਰੀਰ 'ਤੇ ਸਪੱਸ਼ਟ ਨਜ਼ਰ ਆਉਣ ਲਗਦਾ ਹੈ। ਜਿਸ ਪਤੀ ਦੀ ਪਿਆਰੀ ਪਤਨੀ ਦੇ ਚਿਹਰੇ 'ਤੇ ਖੁਸ਼ੀ ਦੀ ਚਮਕ ਹੋਵੇ, ਜਿਸ ਦੀ ਸਿਹਤ ਚੰਗੀ ਹੋਵੇ, ਮਨ ਵਿਚ ਸ਼ਾਂਤੀ ਹੋਵੇ, ਗੱਲਾਂ ਵਿਚ ਖਿਝ ਅਤੇ ਝੰਜਲਾਹਟ ਨਾ ਹੋਵੇ, ਉਹ ਪਤਨੀ ਬਿਨ੍ਹਾਂ ਸ਼ੱਕ ਆਪਣੇ ਪਤੀ ਦੇ ਪਿਆਰ ਦੀ ਹਿੱਸੇਦਾਰ ਬਣ ਜਾਂਦੀ ਹੈ।

ਉਸ ਦੇ ਸਰੀਰ 'ਤੇ, ਚਿਹਰੇ 'ਤੇ ਪਤੀ ਪਿਆਰ ਦੀ ਸੰਤੁਸ਼ਟੀ ਦੀ ਝਲਕ ਹੀ ਖੂਬਸੂਰਤੀ ਬਣ ਕੇ ਝਲਕਣ ਲੱਗਦੀ ਹੈ ਪਰ ਉਹ ਔਰਤ, ਜਿਹੜੀ ਆਰਥਿਕ ਦ੍ਰਿਸ਼ਟੀ ਤੋਂ ਬਹੁਤ ਮਾਲਾਮਾਲ ਹੋਵੇ, ਸੁਖ ਸਹੂਲਤਾਂ ਨਾਲ ਘਿਰੀ ਹੋਵੇ ਪਰ ਜਿਸ ਦੇ ਚਿਹਰੇ 'ਤੇ ਮੁਸਕਰਾਹਟ ਦਾ ਨਾਮੋ-ਨਿਸ਼ਾਨ ਤਕ ਨਾ ਹੋਵੇ, ਜਿਹੜੀ ਗੱਲ-ਗੱਲ ਵਿਚ ਗੁੱਸਾ ਕਰਦੀ ਹੋਵੇ, ਖਿਝਦੀ ਹੋਵੇ ਜਾਂ ਚੀਕਦੀ ਚਿਲਾਉਂਦੀ ਹੋਵੇ, ਉਹ ਬਿਨਾਂ ਸ਼ੱਕ ਆਪਣੇ ਪਤੀ ਵਲੋਂ ਇਗਨੋਰ ਹੁੰਦੀ ਹੈ ਅਤੇ ਪਤੀ ਦੀ ਲਾਪ੍ਰਵਾਹੀ ਵੀ ਉਸ ਦੇ ਦਿਲ ਨੂੰ ਭੈੜੀ ਲੱਗਦੀ ਹੈ। ਇਸੇ ਲਈ ਉਹ ਹਰ ਸਮੇਂ ਖਿਝੀ ਹੋਈ ਰਹਿੰਦੀ ਹੈ ਅਤੇ ਸਭ ਨਾਲ ਪਿਆਰ ਭਰਿਆ ਵਿਵਹਾਰ ਨਹੀਂ ਕਰ ਸਕਦੀ।

ਇਸ ਤਰ੍ਹਾਂ ਦੀਆਂ ਪਤਨੀਆਂ ਬੀਮਾਰ ਅਤੇ ਨੂਰ ਤੋਂ ਰਹਿਤ ਲੱਗਦੀਆਂ ਹਨ ਅਤੇ ਹੌਲੀ-ਹੌਲੀ ਬਿਸਤਰਾ ਫੜ ਲੈਂਦੀਆਂ ਹਨ। ਨਾ ਤਾਂ ਘਰੇਲੂ ਸੁੱਖ ਉਨ੍ਹਾਂ ਨੂੰ ਚੈਨ ਦੇ ਸਕਦਾ ਹੈ ਤੇ ਨਾ ਹੀ ਸੰਤੋਸ਼। ਇਨ੍ਹਾਂ ਸਭ ਨਾਲ ਘਿਰੀ ਹੋਈ ਰਹਿਣ ਦੇ ਬਾਵਜੂਦ ਵੀ ਪਤੀ ਦੀ ਚਾਹਤ ਦੀ ਘਾਟ ਉਸ ਨੂੰ ਅਸ਼ਾਂਤ ਬਣਾਈ ਰਖਦੀ ਹੈ।

ਇਕ ਜਾਣ-ਪਛਾਣ ਵਾਲੇ ਪਰਿਵਾਰ ਦੀ ਔਰਤ ਦਾ ਕਹਿਣਾ ਹੈ ਕਿ ਇਹ (ਪਤੀ) ਖੁਸ਼ ਰਹਿਣ ਤਾਂ ਮੈਂ ਵੀ ਖੁਸ਼ ਅਤੇ ਆਪਣੀ ਆਪ ਨੂੰ ਸੁਖੀ ਮਹਿਸੂਸ ਕਰਦੀ ਹਾਂ। ਮੇਰਾ ਦਿਲ ਹਲਕਾ ਮਹਿਸੂਸ ਕਰਦਾ ਹੈ। ਇਨ੍ਹਾਂ ਨੂੰ ਖੁਸ਼ ਦੇਖ ਕੇ ਮੈਂ ਮਹਿਸੂਸ ਕਰਦੀ ਹਾਂ ਕਿ ਇਹ ਮੇਰੇ ਤੋਂ ਖੁਸ਼ ਹਨ। ਮੈਨੂੰ ਪਿਆਰ ਕਰਦੇ ਹਨ। ਇਸ ਤਰ੍ਹਾਂ ਦੇ ਪਤੀ ਸੰਤੁਸ਼ਟੀ ਕਾਰਨ ਆਪਣੀ ਪਤਨੀ ਨਾਲ ਬੈਠ ਕੇ ਗੱਲਾਂ ਕਰਨੀਆਂ ਪਸੰਦ ਕਰਦੇ ਹਨ। ਉਸ ਨੂੰ ਆਪਣੇ ਨਾਲ ਘੁਮਾਉਣ ਲਈ ਲੈ ਜਾਣਾ ਪਸੰਦ ਕਰਦੇ ਹਨ ਪਰ ਜਦੋਂ ਕਦੀ ਇਹ ਤਨਾਅ ਵਿਚ ਹੁੰਦੇ ਹਨ ਅਤੇ ਮੇਰੇ ਤੋਂ ਖਿਝੇ-ਖਿਝੇ ਰਹਿੰਦੇ ਹਨ ਤਾਂ ਮੈਂ ਵੀ ਤਨਾਅ ਨਾਲ ਘਿਰ ਜਾਂਦੀ ਹਾਂ। ਮੇਰੇ ਕੋਲੋਂ ਨਾ ਤਾਂ ਕੋਈ ਕੰਮ ਢੰਗ ਨਾਲ ਹੁੰਦਾ ਹੈ ਤੇ ਨਾ ਹੀ ਖੁਸ਼ ਰਿਹਾ ਜਾਂਦਾ ਹੈ। ਇਕ ਪ੍ਰਗਟ ਨਾ ਕੀਤਾ ਜਾਣ ਵਾਲਾ ਭਾਰੀ ਬੋਝ ਸਿਰ 'ਤੇ ਤਨਾਅ ਬਣ ਕੇ ਹਮੇਸ਼ਾ ਹਾਵੀ ਰਹਿੰਦਾ ਹੈ।

ਅਸਲ ਵਿਚ ਇਹ ਗੱਲ ਸੌ ਫੀਸਦੀ ਠੀਕ ਹੈ। ਪਤਨੀ ਦੀ ਖੁਸ਼ੀ ਹੈ, ਚੈਨ ਸਭ ਕੁਝ ਪਤਨੀ ਦੇ ਨਾਲ ਹੈ। ਕਿਹਾ ਵੀ ਜਾਂਦਾ ਹੈ ਚਿਹਰਾ ਮਨ ਦਾ ਦਰਪਣ ਹੁੰਦਾ ਹੈ। ਮਨ ਵਿਚ ਖੁਸ਼ੀ ਦੇ ਭਾਵ ਜੇ ਝੂਮ ਰਹੇ ਹੋਣ ਤਾਂ ਅੱਖਾਂ ਅਤੇ ਚਿਹਰਾ ਆਪਣੇ ਆਪ ਹੀ ਚਮਕਣ ਲੱਗ ਜਾਂਦੇ ਹਨ। ਨੱਚਣ ਅਤੇ ਗੁਣਗੁਣਾਉਣ ਨੂੰ ਦਿਲ ਕਰੇਗਾ ਕਿਉਂਕਿ ਮਨ ਖੁਸ਼ ਹੈ ਅਤੇ ਇਹ ਖੁਸ਼ੀ ਪਤੀ ਪ੍ਰੇਮ ਤੋਂ ਮਿਲੀ ਹੈ।

ਕਿਹਾ ਵੀ ਜਾਂਦਾ ਹੈ ਕਿ ਦੁਲਹਨ ਵਹੀ ਜੋ ਪੀਆ ਮਨ ਭਾਏ। ਅਰਥਾਤ ਪਤੀ ਦੇ ਮਨ 'ਤੇ ਰਾਜ਼ ਕਰਨ ਵਾਲੀ ਪਤੀ ਨੂੰ ਪਸੰਦ ਆਉਣ ਵਾਲੀ ਪਤਨੀ ਹੀ ਸਹੀ ਅਰਥਾਂ ਵਿਚਚ ਪਤੀ ਦੀ ਪਿਆਰੀ ਹੈ। ਜੇ ਪਤੀ ਇਸ ਤੱਥ ਨੂੰ, ਰਹੱਸ ਨੂੰ ਪਛਾਣ ਕੇ ਪਤਨੀ ਲਈ ਆਪਣਾ ਪ੍ਰੇਮੀ ਰੂਪ ਉਜਾਗਰ ਕਰਦਾ ਰਹੇ ਤਾਂ ਜਿਥੇ ਘਰ ਵਿਚ ਹਰ ਸਮੇਂ ਖੁਸ਼ੀ ਦਾ ਮਾਹੌਲ ਬਣਿਆ ਰਹੇਗਾ ਓਥੇ ਪਤਨੀ ਵਲੋਂ ਹਰ ਸਮੇਂ ਰਸ ਵਿਚ ਵਾਧਾ ਈ ਹੁੰਦਾ ਰਹੇਗਾ।

ਹਰ ਪਤੀ ਨੂੰ ਸਮਝਣਾ ਚਾਹੀਦਾ ਹੈ ਕਿ ਪਤਨੀ ਪਤੀ ਲਈ ਸਜਣਾ ਸੰਵਰਨਾ ਚਾਹੁੰਦੀ ਹੈ। ਉਹ ਪਤੀ ਦੀਆਂ ਨਜ਼ਰਾਂ ਵਿਚ ਵਸੀ ਰਹਿਣ ਲਈ ਸੁੰਦਰ ਦਿਖਣਾ ਚਾਹੁੰਦੀ ਹੈ ਪਰ ਪਤੀ ਨਾਲ ਪਿਆਰ ਕਰਨ ਵਾਲੀ ਪਤਨੀ ਪਤੀ ਤੋਂ ਪ੍ਰੇਮ ਦੇ ਬਦਲੇ ਵਿਚ ਪਿਆਰ ਵੀ ਚਾਹੁੰਦੀ ਹੈ ਅਤੇ ਸੱਚ ਵੀ ਇਹੀ ਹੈ ਕਿ ਪਤੀ ਦਾ ਪਿਆਰ ਹਾਸਲ ਕਰ ਕੇ ਪਤਨੀ ਹਮੇਸ਼ਾ ਜਵਾਨ ਅਤੇ ਖੁਸ਼ ਰਹਿੰਦੀ ਹੈ।

ਉਹ ਪਤੀ ਜੋ ਸਮੇਂ-ਸਮੇਂ ਪਤਨੀ ਦੀ ਤਾਰੀਫ ਕਰਦੇ ਹਨ, ਉਸ ਨੂੰ ਆਪਣੇ ਨਾਲ ਲੈ ਕੇ ਜਾਣਾ ਪਸੰਦ ਕਰਦੇ ਹਨ, ਉਸ ਨਾਲ ਗੱਲਾਂ ਕਰਨੀਆਂ ਹਰ ਪਤਨੀ ਨੂੰ ਚੰਗੀਆਂ ਲਗਦੀਆਂ ਹਨ।

ਪਤੀ ਪ੍ਰੇਮ ਦਾ ਜਦੋਂ ਇਜ਼ਹਾਰ ਕਰਦੇ ਹਨ, ਉਨ੍ਹਾਂ ਦੀ ਪਤਨੀ ਦੇ ਹਾਵ-ਭਾਵ, ਚਿਹਰਾ, ਅੱਖਾਂ ਸਭ ਮੁਸਕਰਾਉਂਦੇ ਰਹਿੰਦੇ ਹਨ ਅਤੇ ਉਹ ਇਕ ਰੋਸ਼ਨੀ ਵਾਂਗ ਚਮਕਦੇ ਰਹਿੰਦੇ ਹਨ। ਉਨ੍ਹਾਂ ਦੇ ਚਿਹਰਿਆਂ 'ਤੇ ਪਤੀ ਦੀ ਪਿਆਰੀ ਹੋਣ ਦਾ ਆਤਮ ਸੰਤੋਸ਼ ਚਮਕ ਬਣ ਕੇ ਹਮੇਸ਼ਾ ਫੈਲਿਆ ਰਹਿੰਦਾ ਹੈ। ਇਸੇ ਭਾਵਨਾ ਕਾਰਨ ਉਹ ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਨੂੰ ਚੰਗੀ ਤਰ੍ਹਾਂ ਨਿਭਾ ਲੈਂਦੀ ਹੈ। ਇਹ ਪਤੀ ਦੇ ਪਿਆਰ ਦਾ ਟਾਨਿਕ ਹੀ ਹੈ ਜੋ ਪਤਨੀ ਨੂੰ ਲੰਬੇ ਸਮੇਂ ਤਕ ਜਵਾਨ ਬਣਾਈ ਰੱਖਦਾ ਹੈ।

ਵਿਚਾਰਸ਼ੀਲ ਪਤੀ ਇਹ ਰਹੱਸ ਨੂੰ ਪਛਾਣਦੇ ਹਨ ਅਤੇ ਪਤਨੀ ਨੂੰ ਭਰਪੂਰ ਪਿਆਰ ਅਤੇ ਸਨਮਾਨ ਦੇ ਕੇ ਆਪਣਾ ਜੀਵਨ ਸੁੱਖਾਂ ਨਾਲ ਭਰ ਲੈਂਦੇ ਹਨ ਅਤੇ ਉਹ ਪਤਨੀ ਨੂੰ ਪਿਆਰ ਦਾ ਕੇਂਦਰ ਮੰਨ ਕੇ ਉਸ ਦੀਆਂ ਪਰੇਸ਼ਾਨੀਆਂ, ਫਰਜ਼ਾਂ ਵਿਚ ਹਿੱਸਾ ਵੰਡ ਕੇ ਉਸ ਦੀ ਜਿਥੋਂ ਤਕ ਹੋ ਸਕੇ, ਮਦਦ ਕਰਦੇ ਹਨ।

ਇਸ ਤਰ੍ਹਾਂ ਦੇ ਪਤੀ ਜਾਣਦੇ ਹਨ, ਉਨ੍ਹਾਂ ਦੀਆਂ ਪਤਨੀਆਂ ਗ੍ਰਹਿਸਥੀ ਦੀਆਂ ਜ਼ਿੰਮੇਵਾਰੀਆਂ ਇਕੱਲੀਆਂ ਹੀ ਨਿਭਾਉਂਦੀਆਂ ਹਨ। ਉਹ ਆਪਣੇ ਵਿਚ ਕਿਸੇ ਤਰ੍ਹਾਂ ਦੀ ਹੀਣਭਾਵਨਾ ਨੂੰ ਨਹੀਂ ਪੈਦਾ ਹੋਣ ਦਿੰਦੀਆਂ, ਵਿਸ਼ਵਾਸ ਅਤੇ ਪ੍ਰੇਮ ਪ੍ਰਾਪਤ ਕਰ ਕੇ ਆਪਣੀ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾ ਲੈਂਦੀਆਂ ਹਨ ਕਿਉਂਕਿ ਪਤੀ ਪ੍ਰੇਮ ਦਾ ਸਬਕ ਨਾਲ ਤਾਂ ਉਨ੍ਹਾਂ ਨੂੰ ਨਿਰਾਸ਼ ਹੀ ਕਰਦਾ ਹੈ ਨਾ ਹੀ ਕਿਸੇ ਮਰਿਆਦਾ ਵਿਚ ਬੰਨ੍ਹਣਾ ਚਾਹੁੰਦਾ ਹੈ। ਇਸ ਤਰ੍ਹਾਂ ਦੀ ਖੁਸ਼ਗਵਾਰ ਸਥਿਤੀ ਵਿਚ ਤਨਾਅ ਪੈਦਾ ਹੋਣ ਦਾ ਤਾਂ ਕੋਈ ਸਵਾਲ ਹੀ ਨਹੀਂ ਹੁੰਦਾ। ਇਸੇ ਲਈ ਉਹ ਚਿੰਤਾ ਤੋਂ ਮੁਕਤ ਰਹਿ ਕੇ ਖੁਸ਼ੀ-ਖੁਸ਼ੀ ਗ੍ਰਹਿਸਤੀ ਦੇ ਸਾਰੇ ਕੰਮ, ਝਮੇਲੇ ਬਾਖੂਬੀ ਨਿਭਾਉਂਦੀਆਂ ਹਨ ਕਿਉਂਕਿ ਪਤੀ ਪਿਆਰ ਦਾ ਸੰਬਲ ਉਨ੍ਹਾਂ ਨੂੰ ਮਿਲਿਆ ਹੁੰਦਾ ਹੈ।

Natural Healing Touch

If you have a chronic disease like Backache, Sciatic Nerve, Migrane, Sinuses, Liver or Gallbladder, Shoulder, Kidney, Lungs, Psoriasis, Heart Disease, High Blood Pressure, Diabetes, Constipation, Cold and Flu, Arthritis & Children Problems, etc.

ਜੇ ਤੁਹਾਨੂੰ ਕਰੌਨਿਕ ਬੀਮਾਰੀ ਜਿਵੇਂ ਕਿ ਪਿਠ ਦਰਦ, ਸਕਾਇਟਿਕ ਨਰਵ, ਮਾਈਗਰੇਨ, ਸਾਈਨਸ਼, ਲਿਵਰ ਜਾਂ ਗਾਲ ਬਲੈਡਰ, ਮੋਢੇ, ਗੁਰਦੇ, ਫੇਫੜੇ, ਸ਼ਾਰਿਸ਼ਸ਼, ਦਿਲ ਦਾ ਰੋਗ, ਹਾਈ ਬਲੱਡ ਪ੍ਰੈਸ਼ਰ, ਕਨਸਟੀਪੇਸ਼ਨ, ਸਰਦੀ ਅਤੇ ਜ਼ੁਕਾਮ (ਫਲੂ) ਜੋੜਾਂ ਦੇ ਦਰਦ ਅਰਥਰਾਈਟਸ ਵਗੈਰਾ ਹਨ ਤਾਂ ਅਪੋਇੰਟਮੈਂਟ ਲਈ ਫੋਨ ਕਰੋ।

604-850-5970 ਜਾਂ 604-859-3006

FOR APPOINTMENT CALL HARMEN

604-850-5970 OR 604-859-3006

WE CURE WITHOUT MEDICINE!

Your Car Care Specialist...
ਕਾਰ ਦੀ ਤਸੱਲੀਬਖਸ਼ ਸਫਾਈ ਲਈ...

- Hand Wash
- Cut Polishing
- Hand Wax
- Interior Steam Clean
- Scratch & Chip Repair
- Complete Mobile Detailing
- **Service on cars, trucks, RV's, boats, airplanes, rigs etc..**

15 Years of Experience & Customer Service
ਸਾਡੇ 15 ਸਾਲਾਂ ਦੇ ਤਜ਼ਰਬੇ ਤੋਂ ਲਾਭ ਉਠਾਓ

Call Brad Jesseau
309-0133

We Come To You!
ਅਸੀਂ ਤੁਹਾਡੇ ਕੋਲ ਆ ਕੇ ਕਾਰ ਧੋ ਸਕਦੇ ਹਾਂ

Letters to the Editor

ਪਿਆਰੇ ਸਪਾਦਕ ਪੰਜਾਬੀ ਪਤ੍ਰਿਕਾ ਜੀਉ,
ਸਤਿ ਸ੍ਰੀ ਅਕਾਲ
ਆਸ ਹੈ ਖੁਸ਼ ਹੋਵੋਂਗੇ।

ਜਰਨੈਲ ਸਿੰਘ ਚਿਤਰਕਾਰ ਬਾਰੇ ਤੁਸੀਂ ਸੂਚਨਾ ਛਾਪ ਹੀ ਦਿਤੀ ਤੇ ਉਸਦੀ ਖੂਬਸੂਰਤ ਪੇਂਟਿੰਗ ਵੀ ਮੈਂ ਜਰਨੈਲ ਸਿੰਘ ਨੂੰ ਫੂਨ ਤੇ ਦੱਸ ਦਿੱਤਾ ਸੀ। ਗਿੱਲ ਸਾਹਿਬ ਉਹਨਾਂ ਨੂੰ ਗਦਰੀ ਬਾਬਿਆਂ ਦੇ ਮੇਲੇ ਤੇ ਮਿਲੇ ਵੀ ਸਨ, ਮੈਂ ਨਹੀਂ ਆ ਸਕਿਆ ਕਿਉਂਕਿ ਮੇਰੀ Mrsਹਸਪਤਾਲ ਸੀ। ਉਸਦੀ joint knee surgery 8 ਅਗਸਤ ਨੂੰ ਹੋਈ ਹੈ ਜੋ ਇਕ ਮੇਜਰ ਉਪਰੇਸ਼ਨ ਹੈ ਤੇ ਉਹ ਹਾਲੇ ਤੱਕ ਹਸਪਤਾਲ ਹੀ ਹਨ। ਮੈਂ ਇਸੇ ਲਈ ਨਾ ਆ ਸਕਿਆ।

ਪੰਜਾਬੀ ਪਤ੍ਰਿਕਾ ਕੈਨੇਡਾ ਵਾਂਗ ਮਲਟੀਕਲਚਰਲ ਪਰਚਾ ਹੈ। ਇਸ ਵਿਚ ਹਰ ਰੰਗ ਹੈ। ਸਾਹਿਤ, ਖੇਡਾਂ, ਸਿਨੇਮਾ ਤੇ ਰਾਜਨੀਤੀ ਆਦਿ। ਜੋ ਸਾਡੇ Indo Community ਲਈ ਬਹੁਤ ਪਸੰਦ ਹੈ।

ਜੋ ਤੁਸੀਂ ਅੰਗਰੇਜ਼ੀ ਵਿਚ Contributers ਦੀ ਲਿਸਟ ਛਾਪੀ ਹੈ ਉਹ ਤਾਂ ਹਰ ਵਾਰੀ ਬਦਲਦੀ ਰਹਿਣੀ ਹੈ - ਕੀ ਬਦਲਕੇ ਛਾਪਿਆ ਕਰੋਂਗੇ? ਮੇਰਾ ਸੁਝਾਅ ਹੈ ਕਿ ਪਹਲੇ ਸਫੇ ਦੇ ਅੰਦਰ ਇਸ ਅੰਕ ਵਿਚ ਦੇ ਸਿਰਲੇਖ ਹੇਠ ਰਚਨਾਵਾਂ, ਰਚਨਾਕਾਰ ਤੇ ਪੰਨਾ ਛਾਪਣਾ ਵਧੀਆ ਰਹੇਗਾ। ਪੰਜਾਬੀ ਤੇ ਅੰਗਰੇਜ਼ੀ ਵਿਚ ਪਰ ਜੇ ਕਮਰਸ਼ੀਅਲ ਮਜਬੂਰੀ ਹੋਵੇ ਤਾਂ ਰਹਿਣ ਦੇਣਾ। ਵੈਸੇ ਵੀ ਠੀਕ ਹੈ।

ਚੰਗਾ ਬਾਕੀ ਸੁਖ - ਗਿਲ ਸਾਹਿਬ ਤੇ Andy Sidhu ਹੁਰਾਂ ਨੂੰ ਮੇਰੀ ਨਿਘੀ ਯਾਦ ਦੇਣੀ।

ਤੁਹਾਡਾ
ਹਰਭਜਨ 'ਮਾਂਗਟ'

ਮਹਾਰਾਜਾ ਦਲੀਪ ਸਿੰਘ ਗੁਰਮੱਤ ਐਜੂਕੇਸ਼ਨ ਸੈਂਟਰ

31987 Townshipline Rd.,
Abbotsford, B.C. V4X 1W4
604-855-0020

ਗੁਰੂ ਪਿਆਰੀ ਸਾਧ ਸੰਗਤ ਜੀਉ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।

ਸਤਿਗੁਰੂ ਜੀ ਦੀ ਅਪਾਰ ਬਖਸ਼ਿਸ਼ ਦੁਆਰਾ ਅਤੇ ਐਬਟਸਫੋਰਡ ਦੀਆਂ ਸਮੂਹ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਮਹਾਰਾਜਾ ਦਲੀਪ ਸਿੰਘ ਗੁਰਮੱਤ ਐਜੂਕੇਸ਼ਨ ਸੈਂਟਰ 1993 ਤੋਂ ਬੜੀ ਹੀ ਚੜਦੀ ਕਲਾ ਨਾਲ ਚਲ ਰਿਹਾ ਹੈ। ਜਿਸ ਵਿਚ ਕਿ ਬੱਚੇ ਪੰਜਾਬੀ ਅਤੇ ਗੁਰਮੱਤ ਦੀ ਵਿਦਿਆ ਲੈ ਰਹੇ ਹਨ ਅਤੇ ਗੁਰਸਿੱਖ ਭੈਣ-ਭਰਾ ਗੁਰੂ ਗਰੰਥ ਸਾਹਿਬ ਜੀ ਦੀ ਸੰਥਿਆ ਲੈ ਰਹੇ ਹਨ। ਸਤਿਗੁਰੂ ਜੀ ਦੀ ਬਖਸ਼ਿਸ਼ ਦੁਆਰਾ ਗੁਰਮੱਤ ਸੈਂਟਰ ਕੋਲ ਹੁਣ ਆਪਣੀ ਬਿਲਡਿੰਗ ਹੈ ਜਿਥੇ ਕਿ ਪੰਜਾਬੀ ਦੀਆਂ ਕਲਾਸਾਂ ਅਤੇ ਬੱਚਿਆਂ ਦਾ ਆਪਣਾ ਗੁਰਦੁਆਰਾ ਸਾਹਿਬ (ਬਾਲਾ ਪ੍ਰੀਤਮ ਦਰਬਾਰ) ਜਿਸ ਵਿਚ ਬੱਚਿਆਂ ਵਲੋਂ ਹਰ ਐਤਵਾਰ ਸਵੇਰੇ 10:30 ਤੋਂ 12:15 ਤਕ ਦੀਵਾਨ ਸਜਦੇ ਹਨ।

ਜਰੂਰੀ ਬੇਨਤੀ

ਗੁਰਮੱਤ ਸੈਂਟਰ ਵਿਚ, ਸਤੰਬਰ 17 ਤੋਂ ਫਿਰ ਨਵੀਆਂ ਕਲਾਸਾਂ ਸ਼ੁਰੂ ਹੋ ਰਹੀਆਂ ਹਨ ਜਿਸ ਵਿਚ ਕਿ ਪੰਜਾਬੀ ਪੜਨ ਸਿਖਣ ਦੀ ਕਲਾਸਾਂ, ਕੀਰਤਨ ਸਿਖਣ ਦੀ ਕਲਾਸਾਂ, ਗੱਤਕਾ ਸਿਖਣ ਦੀ ਕਲਾਸਾਂ ਚਾਲੂ ਕੀਤੀਆਂ ਜਾ ਰਹੀਆਂ ਹਨ ਅਤੇ ਇਕ ਸਪੈਸ਼ਲ ਕਲਾਸ ਪੰਜਾਬੀ ਦੀ (ਟੀਨ ਏਜਰ ਅਤੇ ਐਡੱਲਟ ਕਲਾਸ) ਭੀ ਚਾਲੂ ਕੀਤੀ ਜਾ ਰਹੀ ਹੈ, ਉਹਨਾਂ ਵਾਸਤੇ ਜਿਹੜੇ ਕਿ ਕੈਨੇਡਾ ਦੇ ਜੰਮਪਲ ਹਨ ਪਰ ਪੰਜਾਬ ਸਿਖਣ ਦਾ ਸਮਾਂ ਨਹੀਂ ਬਣਿਆ। ਸਾਡੇ ਕੋਲ ਨਵੇਂ 65 ਬੱਚੇ ਆ ਚੁੱਕੇ ਹਨ ਅਤੇ ਤਕਰੀਬਨ 20-25 ਬੱਚੇ ਅਸੀਂ ਹੋਰ ਲੈ ਸਕਦੇ ਹਾਂ ਅਤੇ 200 ਬੱਚਾ ਪੁਰਾਣੇ ਸਾਡੇ ਕੋਲ 2ਨਦ ਅਤੇ 3ਰਦ ਲੈਵਲ ਵਿਚ ਪਹਿਲਾਂ ਹੀ ਹੈ। ਇਸ ਕਰਕੇ ਜਿਹੜੇ ਵੀਰ-ਭੈਣ ਆਪਣੇ ਬੱਚੇ ਦਾਖਲ ਕਰਾਉਣਾ ਚਾਹੁੰਦੇ ਹਨ, ਕਿਰਪਾ ਕਰਕੇ 31 ਅਗਸਤ ਤੋਂ ਪਹਿਲਾਂ ਪਹਿਲਾਂ ਦਾਖਲ ਕਰਾ ਦੇਣ।

ਹੋਰ ਜਾਣਕਾਰੀ ਵਾਸਤੇ, ਜਤਿੰਦਰ ਸਿੰਘ ਨਾਲ 604 309 5389 ਤੇ ਗੱਲ ਕਰੋ ਜਾਂ ਹਰਨੇਕ ਸਿੰਘ ਬਰਾੜ ਨਾਲ 604 852-8068 ਤੇ ਗੱਲ ਕਰੋ

ਦਮਾਂ - ਸਾਹ ਰੋਗ



ਨਿਰਮਲ ਸਿੰਘ ' ਮਹਿਣਾ ' ਐਬਸਫੋਰਡ ਬੀ.ਸੀ.

ਪਹਿਲਿਆਂ ਸਮਿਆਂ ਵਿਚ ਜਦੋਂ ਡਾਕਟਰੀ ਵਿੱਦਿਆ ਨੇ ਅਜੇ ਬਹੁਤੀ ਉਨਤੀ ਨਹੀਂ ਸੀ ਕੀਤੀ, ਦਮੇਂ ਨੂੰ ਇਕ ਲਾ-ਇਲਾਜ ਬੀਮਾਰੀ ਸਮਝਦਿਆਂ ਕਿਹਾ ਜਾਂਦਾ ਸੀ ਕਿ ਦਮਾਂ ਤਾਂ ਦਮਾਂ ਦੇ ਨਾਲ ਹੀ ਜਾਂਦਾ ਹੈ। ਪਰ ਅਜਕਲ ਜਦੋਂ ਕਿ ਤਕਰੀਬਨ ਹਰ ਅਹੁਰ ਦਾ ਦਾਰੂ ਬਣ ਗਿਆ ਹੈ ਭਾਵ (Every ill has a pill)| ਹੁਣ ਇਸ ਬੀਮਾਰੀ ਵਾਲੇ ਰੋਗੀ ਦਵਾ ਦਾਰੂ ਅਤੇ ਪਰਹੇਜ਼ ਨਾਲ ਆਪਣੀ ਰੋਜ਼ੀ ਰੋਟੀ ਕਮਾਉਂਦਿਆਂ ਸਾਧਾਰਨ ਜੀਵਨ ਬਤੀਤ ਕਰ ਸਕਦੇ ਹਨ।

ਦਮਾਂ ਕੀ ਹੈ? ਦਮਾਂ ਸ਼ਬਦ ਅੰਗਰੇਜ਼ੀ ਬੋਲੀ (Asthma) ਦਾ ਅਨੁਵਾਦ ਹੈ ਜਿਸ ਦਾ ਮਤਲਬ ਹੈ ਸਾਹ ਦੀ ਤਕਲੀਫ, ਜਾਂ ਫੇਫੜਿਆਂ ਦਾ ਰੋਗ। ਮਰੀਜ਼ ਨੂੰ ਦੌਰਿਆਂ ਦੇ ਰੂਪ ਵਿਚ ਔਖੇ ਸਾਹ ਆਉਣੇ ਜਾਂ ਹੌਂਕਣੀ ਲਗਣੀ । ਭਾਈ ਕਾਹਨ ਸਿੰਘ ਜੀ ਨਾਭਾ ਨੇ ਮਹਾਨਕੋਸ਼ ਵਿਚ ਦਮੇਂ ਨੂੰ ਸਵਾਸ-ਰੋਗ ਜਾਂ ਦਮ-ਕਸ਼ੀ ਕਿਹਾ ਹੈ। ਰੋਗ ਦੇ ਵੱਧ ਜਾਣ ਤੇ ਫੇਫੜਿਆਂ ਵਿਚਲੀਆਂ ਸਾਹ ਨਾਲੀਆਂ ਵਿਚ ਸੋਜ ਅਤੇ ਬਲਗਮ ਕਾਰਨ, ਸਾਹ ਲੈਣ ਦਾ ਕਰਮ, ਜੋ ਸਾਧਾਰਨ ਹਾਲਤ ਵਿਚ ਸੁਤੇ ਸਿੱਧ ਤੇ ਅਣਜਾਣੇ ਅਪਣੇ ਆਪ ਹੁੰਦਾ ਰਹਿੰਦਾ ਹੇ, ਇਕ ਕੱਠਨ ਤਪੱਸਿਆਂ ਬਣ ਜਾਂਦਾ ਹੈ। ਵਧੇ ਹੋਏ ਰੋਗ ਕਾਰਨ ਸਾਹ ਬਾਹਰ ਕੱਢਣ ਨਾਲ ਸ਼ੂਕਦੀ ਹਵਾ ਸੀਟੀ ਦੀ ਆਵਾਜ਼ ਪੈਦਾ ਕਰਦੀ ਹੈ। ਸਾਹ ਲੈਣ ਲਈ ਜ਼ੋਰ ਲਾਉਣ ਕਾਰਨ ਮੱਥੇ ਤੇ ਸਰੀਰ ਨੂੰ ਤ੍ਰੇਲੀ ਆਉਂਦੀ ਹੈ। ਚੜ੍ਹਆ ਸਾਹ ਬੋਲਣ ਨਹੀਂ ਦਿੰਦਾ। ਮਰੀਜ਼ ਦੀਆਂ ਚੌੜੀਆਂ ਤੇ ਖੁਲੀਆਂ ਅੱਖਾਂ ਵਿਚ ਇਕ ਤਰਲਾ ਹੁੰਦਾ ਹੈ ਕਿ ਉਸਨੂੰ ਮੌਤ ਦੀ ਜਕੜ ਵਿਚੋਂ ਛੁਡਾਇਆ ਜਾਵੇ। ਇਕ ਅਨੁਵਾਨ ਅਨੁਸਾਰ ਸੰਸਾਰ ਵਿਚ ਤਕਰੀਬਨ 1% ਲੋਕ ਅਤੇ ਕੈਨੇਡਾ ਵਿਚ 4% ਲੋਕ ਇਸ ਬੀਮਾਰੀ ਨਾਲ ਪੀੜਤ ਹਨ। ਇਹ ਰੋਗ ਬਹੁਤਾ ਬੱਚਿਆਂ ਨੂੰ ਹੁੰਦਾ ਹੈ ਪਰ ਕੈਨੇਡਾ ਵਿਚ ਹੀ 10%ਲੋਕ, 40 ਸਾਲ ਤੋਂ ਵਡੀ ਉਮਰ ਵਾਲੇ ਵੀ ਇਸ ਰੋਗ ਦੀ ਲਪੇਟ ਵਿਚ ਹਨ।

ਅਲੱਰਜੀ ਕਿ ਫਲੂ ?: ਕਈ ਸਿਹਤ ਮਾਹਰ ਅਲਰਜੀ ਦੇ ਵਿਗੜੇ ਹੋਏ ਰੂਪ ਨੂੰ ਵੀ ਦਮੇਂ ਦਾ ਕਾਰਨ ਦਸਦੇ ਹਨ। ਮੌਸਮੀ ਅਲਰਜੀ ਦੇ ਚਿੰਨ ਠੰਡ ਨਾਲ ਰਲਦੇ ਹੋਣ ਕਾਰਨ ਬੀਮਾਰ ਨੂੰ ਛੇਤੀ ਕੀਤੇ ਪਤਾ ਨਹੀਂ ਲਗਦਾ ਕਿ ਇਹ ਮੌਸਮੀ ਅਲਰਜੀ ਹੈ ਜਾਂ ਫਲੂ ਹੈ। ਮੌਸਮੀ ਅਲਰਜੀ ਦੇ ਹੋਣ ਦੀ ਬਹੁਤੀ ਸੰਭਾਵਨਾ ਮਾਰਚ ਮਹੀਨੇ ਤੋਂ ਮਈ ਮਹੀਨੇ ਤੱਕ ਹੁੰਦੀ ਹੈ। ਕਿਉਂਕਿ ਇਸ ਸਮੇਂ ਬ੍ਰਿਛਾਂ ਅਤੇ ਘਾਹ ਦੀ ਫੋਟ ਅਤੇ ਫੁੱਲ ਖਿੜਨ ਦੀ ਰੁੱਤ ਹੁੰਦੀ ਹੈ ਪਰ ਫਲੂ ਬਹੁਤਾ ਸਿਆਲ ਦੀ ਰੁਤੇ ਠੰਡ ਦੇ ਵਇਰਸ ਕਾਰਨ ਹੁੰਦਾ ਹੈ। ਅਲਰਜੀ ਲਾਗ ਜਾਂ ਛੂਤ ਨਾਲ ਨਹੀਂ ਹੁੰਦੀ, ਪਰ ਫਲੂ ਦੇ ਕਿਟਾਣੂ ਫਲੂ ਦੇ ਮਰੀਜ਼ ਤੋਂ ਦੂਜਿਆਂ ਕੋਲ ਛੁਹ/ਹਵਾ ਰਾਹੀਂ ਚਲੇ ਜਾਂਦੇ ਹਨ ਇਸੇ ਕਰਕੇ ਜਦੋਂ ਪਰਿਵਾਰ ਵਿਚ ਇਕ ਜਣੇ ਨੂੰ ਫਲੂ ਹੋ ਜਾਵੇ ਫਿਰ ਹੋਰ ਵੀ ਕਈਆਂ ਨੂੰ ਇਹ ਲਾਗ ਹੋਣ ਦੀ ਸੰਭਾਵਨਾ ਹੁੰਦੀ ਹੈ।

ਅਲਰਜੀ ਨਾਲ ਬੁਖਾਰ ਨਹੀਂ ਹੁੰਦਾ ਅਤੇ ਫਲੂ ਨਾਲ ਖਾਜ ਦੇ ਚਿੰਨ ਪਰਗਟ ਨਹੀਂ ਹੁੰਦੇ। ਅਲੱਰਜੀ ਦੀ ਨਿਸ਼ਾਨੀਆਂ ਜਿਵੇਂ ਛਿੱਕਾਂ ਆਉਣੀਆਂ, ਅੱਖਾਂ/ਨੱਕ ਵਿਚੋਂ ਪਾਣੀ ਆਉਣਾ, ਮੱਥਾ ਭਾਰਾ ਰਹਿਣਾ ਹਫਤੇ ਤੋਂ ਪਿਛੋਂ ਤੱਕ ਵੀ ਰਹਿੰਦੀਆਂ ਹਨ ਪਰ ਫਲੂ ਦੇ ਇਹ ਚਿੰਨ 6/7 ਦਿਨਾਂ ਪਿਛੋਂ ਮੱਧਮ ਪੈ ਜਾਂਦੇ ਹਨ।

ਦਮੇਂ ਦੇ ਰੋਗ ਦੇ ਕਾਰਨ:(ੳ) ਸ਼ੁਰੂ ਵਿਚ ਕਾਰਨ ਲਭ ਕੇ ਇਸ ਰੋਗ ਉਤੇ ਕਾਬੂ ਪਾਉਣਾ ਸੌਖਾ ਹੈ ਪਰ ਆਲਸ ਕਰਨ ਨਾਲ ਇਹ ਬੀਮਾਰੀ ਰੋਗੀ ਦੇ ਸਰੀਰ ਵਿਚ ਆਪਣਾ ਆਹਲਣਾ ਪਾ ਲੈਂਦੀ ਹੈ। ਸਿਆਣਿਆਂ ਸੱਚ ਹੀ ਤਾਂ ਕਿਹਾ ਹੈ," ਉਠਦਾ ਵੈਰੀ ਰੋਗ ਦਬਾਈਏ ਆਲਸ ਕਰੀਰੇ ਤਾਂ ਪਛਤਾਈਏ।" ਆਲੇ ਦੁਆਲੇ ਦੀ ਕਿਸੇ ਵਸਤੂ ਤੋਂ ਵਿਪ੍ਰੀਤੀ (ਅਲਰੱਜੀ) ਦਮੇਂ ਦਾ ਮੁੱਢ ਹੁੰਦੀ ਹੈ। ਅਜੋਕੇ ਸਿਹਤ ਵਿਗਿਆਨ ਅਨੁਸਾਰ ਖਿੜੇ ਫੁਲਾਂ ਦੇ ਪਰਾਗ, ਮਿਟੀ ਘੱਟਾ, ਉਲੀ ਆਦਿ ਤੋਂ ਉਤੇਜਨਾ (ਜਲੂਣ) ਹੁੰਦੀ ਹੈ। ਖੂਨ ਵਿਚਲੇ ਐਂਟੀ ਬਾਡੀਜ਼ ਪਦਾਰਥ ਚਮੜੀ ਦੇ ਜੀਵ-ਕੋਸ਼ਾਂ ਨਾਲ ਲਗੱ ਕੇ ਰੀ-ਐਕਸ਼ਨ ਕਰਦੇ ਹਨ। ਅੰਡ-ਕੋਸ਼ਾਂ ਵਿਚੋਂ ਇਕ ਪਰਕਾਰ ਦਾ ਰਸਾਇਣ / ਤੱਤ ਰਿਸਦਾ ਹੈ ਜੋ ਫੇਫੜਿਆਂ ਦੀਆਂ ਸਾਹ-ਨਾਲੀਆਂ ਦੀ ਅੰਦਰਲੀ ਝਿੱਲੀ ਦੀ ਸੋਜ ਪੈਦਾ ਕਰਦਾ ਹੈ ਜਿਸ ਨਾਲ ਇਸ ਝਿੱਲੀ ਦੇ ਅੰਦਰਲੇ ਪੱਠੇ ਸੁੰਗੜਦੇ ਹਨ ਜਾਂ ਨੱਕ ਵਿਚਲੀਆਂ ਹੱਡੀਆਂ ਦੀ ਸੋਜ ਹੋ ਜਾਂਦੀ ਹੈ। ਸੰਘ / ਫੇਫੜਿਆਂ ਦੀਆਂ ਸਾਹ ਨਾਲੀਆਂ ਵਿਚ ਬਣੀ ਬਹੁਤੀ ਬਲਗਮ ਬਹੁਤ ਮਹੀਨ ਸਾਹ ਨਾਲੀਆਂ ਨੂੰ ਤਕਰੀਬਨ ਬੰਦ ਕਰ ਦਿੰਦੀ ਹੈ।ਜਿਸ ਨਾਲ ਸਾਹ ਲੈਣ ਅਤੇ ਕੱਢਣ ਲਈ ਜ਼ੋਰ ਲਗਦਾ ਹੈ। ਇਹ ਚਿੰਨ ਰੁੱਤ ਦੀ ਅਚਾਨਕ ਤਬਦੀਲੀ ਨਾਲ ਵੀ ਉਘੱੜ ਆਉਂਦੇ ਹਨ। ਇਹ ਬਹੁਤਾ ਕਰਕੇ ਬਚਪੰਨ ਵਿਚ ਪਰ ਕਦੇ ਕਦਾਈਂ 40 ਸਾਲ ਤੋਂ ਵੱਧ ਉਮਰ ਵਾਲਿਆਂ ਵਿਚ ਵੀ ਦਿਸੱਣ ਲਗਦੇ ਹਨ।

(ਅ) ਵਡੀ ਉਮਰ ਦੇ ਸੁਖ-ਰਹਿਣੇ ਜਾਂ ਆਰਾਮ-ਤਲਬ ਵਿਅੱਕਤੀਆਂ ਦੇ ਨਰਵ ਤੰਤੂ ਕਮਜ਼ੋਰ ਹੋ ਜਾਂਦੇ ਹਨ। ਜਦੋਂ ਅਚਾਨਕ ਕੋਈ ਮਾਲੀ, ਘਰੋਗੀ ਜਾਂ ਸਰੀਰਕ ਸੰਕਟ ਆ ਪਵੇ, ਸਿਰੜ ਜਾਂ ਲੰਮੇ ਦੰਮ (Stamina) ਦੀ ਘਾਟ ਕਾਰਨ ਅਜਿਹੇ ਬਜ਼ੁਰਗਾਂ ਵਿਚ ਦਮੇਂ ਦੇ ਲੱਛਣ ਉਘੱੜ ਪੈਂਦੇ ਹਨ। ਜਦੋਂ ਇਹਨਾਂ ਦੇ ਤੰਤੂਆਂ ਤੇ ਜ਼ੋਰ ਪੈਂਦਾ ਹੈ ਉਹਨਾਂ ਦੇ ਸੁੰਗੜਨ ਨਾਲ ਸਾਹ ਵਾਲਾ ਛੇਕ ਤੰਗ ਹੋ ਜਾਂਦਾ ਹੈ। ਸਾਹ ਅੰਦਰ ਖਿੱਚਣਾ, ਬਾਹਰ ਕੱਢਣਾ ਮੁਸ਼ਕਲ ਹੋ ਜਾਂਦਾ ਹੈ।

(ੲ) ਕਈ ਦਮੇਂ ਦੇ ਮਰੀਜ਼ਾਂ ਦਾ ਦਮਾਂ ਬਰਸਾਤਾਂ ਵਿਚ ਬਹੁਤਾ ਖਰਾਬ ਹੋ ਜਾਂਦਾ ਹੈ। ਉਹਨਾਂ ਨੂੰ ਇਸ ਰੁੱਤ ਵਿਚ ਦਮੇਂ ਦੇ ਜ਼ਿਆਦਾ ਜਾਂ ਬਾਰ ਬਾਰ ਦੌਰੇ ਪੈਂਦੇ ਹਨ। ਅਜਿਹੇ ਮਰੀਜ਼ ਉਹਨਾਂ ਉਲੀਆਂ ਪ੍ਰਤੀ ਜ਼ਿਆਦਾ ਲਾਗ ਰਖਦੇ ਹਨ ਜੋ ਗਰਮ ਅਤੇ ਤਰ ਮੌਸਮ ਵਿਚ ਵਧਦੀਆਂ / ਫੈਲਦੀਆਂ ਹਨ। ਕੁੱਝ ਕੀੜੇ ਮਕੀੜੇ ਵੀ ਇਸ ਸਿੱਲੀ ਅਤੇ ਗਰਮੀ ਦੀ ਰੁੱਤ ਵਿਚ ਪੈਦਾ ਹੁੰਦੇ ਹਨ ਜਿਨ੍ਹਾਂ ਦੇ ਮਾਦੇ ਇਹਨਾਂ ਮਰੀਜ਼ਾਂ ਪ੍ਰਤੀ ਲਾਗ ਲਾਉਂਦੇ ਹਨ।

(ਸ) ਜਿਥੇ ਪਤੀ ਪਤਨੀ ਦਾ ਮਾਨਸਿਕ ਜਾਂ ਸਰੀਕ ਸੁਮੇਲ ਨਹੀਂ, ਮਾਪਿਆਂ ਬੱਚਿਆਂ ਵਿਚਕਾਰ ਮਿਤਰਤਾ ਭਾਵ ਨਹੀਂ, ਕੰਮ ਉਤੇ ਕਠੋਰ ਅਫਸਰ ਜਾਂ ਬੇਦਰਦ ਸਹਿ-ਕਰਮੀਆਂ ਦੀ ਹੋਂਦ ਹੋਵੇ ਉਥੇ ਦੌਰੇ ਪੈਣੇ ਸੁਭਾਵਕ ਹੁੰਦੇ ਹਨ। ਇਸ ਨੂੰ ਜਜ਼ਬਾਤੀ ਦਮਾਂ ਵੀ ਕਹਿੰਦੇ ਹਨ। ਕ੍ਰੋਧ, ਬੇਬਸੀ, ਬੇ-ਇਨਸਾਫੀ, ਧੱਕਾ-ਸ਼ਾਹੀ ਵਰਗੇ ਤੇਜ਼ ਮਨੋਭਾਵ, ਨਰਮ ਸੁਭਾਵ ਵਾਲੇ ਵਿਅੱਕਤੀ ਲਈ ਸਹਾਰਨੇ ਬਹੁਤ ਮੁਸ਼ਕਲ ਹੋ ਜਾਂਦੇ ਹਨ। ਕੋਮਲ ਜਜ਼ਬਿਆਂ ਨੂੰ ਠੇਸ ਲਗਦੀ ਹੈ। ਸਾਧਾਰਨ ਜੀਵਨ ਉਥਲ ਪੁੱਥਲ ਹੋ ਜਾਂਦਾ ਹੈ। ਕਈ ਵਾਰੀ ਐਗਜ਼ੀਮਾਂ ਜਾਂ ਛਪਾਕੀ ਆਦਿ ਵੀ ਅੰਤਰ ਵਿਰੋਧ ਦੇ ਪ੍ਰਗਟਾਵੇ ਦਾ ਸਾਧਨ ਬਣ ਜਾਂਦਾ ਹੈ।

(ਹ) ਉਪਰੋਕਤ ਮਹਾਨ ਕੋਸ਼ ਅਨੁਸਾਰ " ਕਫ ਪ੍ਰਧਾਨ ਪ੍ਰਾਣ-ਵਾਯੂ, ਅੰਨ ਅਤੇ ਜਲ ਵਾਹੀ ਸ੍ਰੋਤਾਂ ਵਿਚ ਰੁਕ ਕੇ ਸਵਾਸ-ਨਾਲੀਆਂ ਨੂੰ ਭਰ ਦਿੰਦਾ ਹੈ ਤਦ ਸਾਹ ਖਿੱਚ ਕੇ ਦੁੱਖ ਨਾਲ ਆਉਂਦਾ ਹੈ, ਫੇਫੜੇ ਦੀਆਂ ਨਲਕੀਆਂ ਵਿਚੋਂ ਸੀਟੀ ਜਿਹੀ ਆਵਾਜ਼ ਨਿਕਲਦੀ ਹੈ। ਮਨ ਵਿਚ ਘਬਰਾਹਟ, ਮੱਥਾ ਭਾਰੀ, ਪੇਟ ਫੁਲਣਾ, ਖੰਘ ਵੇਲੇ ਅੱਥ੍ਰ, ਕਦੇ ਕੈ ਆ ਜਾਣੀ ਆਦਿ ਇਸ ਦੇ ਲੱਛਣ ਹਨ। ਦਮਾਂ ਦੁਪਹਿਰ ਪਿਛੋਂ ਅੱਧੀ ਰਾਤ ਤੱਕ ਜ਼ਿਆਦਾ ਦੁੱਖ ਦਿੰਦਾ ਹੈ।ਇਹ ਰੋਗ ਮਾਤਾ ਪਿਤਾ ਤੋਂ ਭੀ ਸੰਤਾਨ ਨੂੰ ਹੋਇਆ ਕਰਦਾ ਹੈ।" ਭਾਰਤ ਵਿਚ ਦੇਸੀ ਹਕੀਮਾਂ ਦਾ ਵਿਚਾਰ ਹੈ ਕਿ ਨਵੇਂ ਸਿਰਿਉਂ ਚੰਨ ਦੇ ਨਿਕਲਣ ਸਮੇਂ ਵੀ ਦਮੇਂ ਦੇ ਦੌਰੇ ਵੱਧ ਜਾਂਦੇ ਹਨ। ਪਰ ਇਸ ਵਿਸ਼ਵਾਸ਼ ਨੂੰ ਡਾਕਟਰੀ ਪੜਚੋਲ ਨੇ ਬੇ-ਬੁਨਿਆਦ ਸਿੱਧ ਕੀਤਾ ਹੈ।

ਪਰਹੇਜ਼ : ਕਈ ਦੇਸੀ ਹਕੀਮਾਂ ਦਾ ਮੱਤ ਹੈ ਕਿ ਕਈ ਚੀਜ਼ਾਂ ਵੱਤ, ਕਫ ਅਤੇ ਵਾਯੂ ਪੈਦਾ ਕਰਦੀਆਂ ਹਨ। ਜਿਵੇਂ ਦੁੱਧ, ਘਿਉ, ਲੱਸੀ, ਤੇਲ, ਕੇਲਾ ਬਲਗਮ ਪੈਦਾ ਕਰਦੇ ਹਨ। ਉਹ ਕਹਿੰਦੇ ਹਨ ਕਿ ਚਾਵਲ, ਮਾਂਹ ਅਤੇ ਕਈ ਹੋਰ ਦਾਲਾਂ ਹਲਵਾ ਕਦੂ, ਟਮਾਟਰ, ਨਿੰਬੂ, ਕੱਚੀ ਲੱਸੀ ਬਾਦੀ ਹੁੰਦੀਆਂ ਹਨ ਅਤੇ ਗੈਸ ਪੈਦਾ ਕਰਦੀਆਂ ਹੋਣ ਕਾਰਨ ਵਰਖਾ ਰੁਤ ਵਿਚ ਨਹੀਂ ਵਰਤਣੀਆਂ ਚਾਹੀਦੀਆਂ। ਮਹਾਨ ਕੋਸ਼ ਅਨੁਸਾਰ ਦਮੇਂ ਦੇ ਇਹਨਾਂ ਕਾਰਨਾਂ ਤੋਂ ਬਚਾਅ ਕੀਤਾ ਜਾਵੇ ਤਾਂ ਲਾਭ ਹੋ ਸਕਦਾ ਹੈ: ਜਿਵੇਂ " ਰੁੱਖੇ, ਭਾਰੀ ਅਤੇ ਕਾਬਿਜ਼ ਪਦਾਰਥ ਖਾਣੇ, ਕਫ ਵਧਾਉਣ ਵਾਲੀਆਂ ਚੀਜ਼ਾਂ ਵਰਤਣੀਆਂ, ਬੇਹਾ ਖਾਣਾ, ਬਹੁਤ ਠੰਡਾ ਪਾਣੀ ਪੀਣਾ, ਧੂੰਆਂ ਅਤੇ ਧੂੜ ਫੱਕਣੀ, ਬੀੜੀ/ਸਿਗਰਟ ਅਤੇ ਬਹੁਤੀ ਸ਼ਰਾਬ ਪੀਣੀ, ਫਾਕੇ ਕਰਨਾ, ਪਿਆਸ ਰੋਕਣੀ, ਮਲ-ਮੂਤਰ ਰੋਕਣਾ ਅਦਿ। " ਅਗੇ ਹੋਰ ਲਿਖਦੇ ਹਨ " ਦਮੇਂ ਦੇ ਰੋਗੀ ਨੂੰ ਚਾਹੀਏ ਕਿ ਭੋਜਨ ਪਿਛੋਂ ਦੋ ਘੜੀ ਤੀਕ ਪਾਣੀ ਨਾ ਪੀਵੇ ਜਾਂ ਬਹੁਤ ਘਟ ਪੀਵੇ, ਨਰਮ ਅਤੇ ਸੁਥਰੀ ਗਜ਼ਾ ਖਾਵੇ, ਖਟਾਈ, ਚਿਕਨੀ ਅਤੇ ਲੇਸਲੀਆਂ ਚੀਜ਼ਾਂ ਤੋਂ ਪਰਹੇਜ਼ ਕਰੇ।"

ਪਰ ਵਰਤਮਾਨ ਡਾਕਟਰੀ ਵਿਗਿਆਨ ਅਨੁਸਾਰ ਜੋ ਖਾਦਯ ਪਦਾਰਥ ਕਿਸੇ ਨੂੰ ਕੋਈ ਅਲਰਜੀ ਕਰਦਾ ਹੈ ਉਸ ਦੀ ਵਰਤੋਂ ਤੋਂ ਪਰਹੇਜ਼ ਲਾਹੇਵੰਦ ਹੈ। ਕਿਸੇ ਨੂੰ ਮਾਂਹ ਮੁਆਫਕ ਕਿਸੇ ਨੂੰ ਬਾਦੀ ਵਾਲੀ ਕਹਾਵਤ ਅਨੁਸਾਰ ਇਕ ਹੀ ਨਿਯਮ ਸਾਰਿਆਂ ਤੇ ਲਾਗੂ ਨਹੀਂ ਹੁੰਦਾ। ਕਈ ਵਾਰ ਬਹੁਤੇ ਬੱਚਿਆਂ ਨੂੰ ਆਂਡਾ, ਬਦਾਮ, ਮੂੰਗਫਲੀ, ਫਲੀਦਾਰ ਦਾਲਾਂ ਅਤੇ ਮੱਛੀ ਆਦਿ ਖਾਣ ਨਾਲ ਅਲਰਜੀ ਕਾਰਨ ਸਾਹ ਦੀ ਤਕਲੀਫ ਹੋ ਜਾਂਦੀ ਹੈ। ਇਹਨਾਂ ਅਲਰਜੀ ਪੈਦਾ ਕਰਨ ਵਾਲੀਆਂ ਚੀਜ਼ਾਂ ਪ੍ਰਤੀ ਬੱਚਿਆਂ ਦੀ ਉਤੇਜਨਾ 14/15 ਸਾਲ ਦੀ ਉਮਰ ਹੋਣ ਨਾਲ ਆਪਣੇ ਆਪ ਠੀਕ ਵੀ ਹੋ ਜਾਂਦੀ ਹੈ।

ਈ ਅਲੱਰਜੀ ਵਾਲੀਆਂ ਵਸਤਾਂ ਦੇ ਅਣੂ ਉਹਨਾਂ ਪ੍ਰਤੀ ਕੰਮ ਕਰਨ ਵਾਲਿਆਂ ਦੇ ਸਾਹ ਨਾਲ ਅੰਦਰ ਚਲੇ ਜਾਂਦੇ ਹਨ। ਇਸ ਤਰਾਂ ਵੀ ਸਾਹ ਦੀ ਤਕਲੀਫ ਹੋ ਜਾਂਦੀ ਹੈ ਜਿਵੇਂ ਬਰੈਡ ਬਣਾਉਣ ਵਾਲੀ ਬੇਕਰੀ ਵਿਚ ਕਾਮਿਆਂ ਨੂੰ ਆਟੇ ਦੀ ਧੂੜ ਨਾਲ, ਚਮੜਾ ਰੰਗਣ ਵਾਲਿਆਂ ਨੂੰ ਤੇਜ਼ਾਬੀ ਰਸਾਇਣਾਂ ਅਤੇ ਰੰਗਾਂ ਤੋਂ, ਕਪੜੇ ਦੀਆਂ ਫੈਕਟਰੀਆਂ ਵਿਚ ਭਾਂਤ ਸੁਭਾਂਤੇ ਰੰਗਾਂ/ਰਸਾਇਣਾਂ ਅਤੇ ਰੂੰ/ਧਾਗੇ ਦੇ ਉਡਦੇ ਕਣਾਂ ਤੋਂ, ਲਕੱੜ ਦੀਆਂ ਮਿਲੱਾਂ ਵਿਚ ਓਕ/ਲਾਲ ਸੀਡਰ ਦੇ ਬੂਰੇ ਤੋਂ ਅਲੱਰਜੀ ਹੋ ਜਾਣ ਨਾਲ ਸਾਹ ਦੀ ਤਕਲੀਫ ਹੋ ਜਾਣੀ ਸੁਭਾਵਕ ਹੈ। ਇਸ ਨੂੰ ਕੰਮਕਾਰੀ ਦਮਾਂ ਵੀ ਕਹਿੰਦੇ ਹਨ।

ਖੁਰਾਕ ਵਲ ਉਚੇਚਾ ਧਿਆਨ ਦਿੰਦਿਆਂ ਅਲਰਜੀ ਪੈਦਾ ਕਰਨ ਵਾਲੀਆਂ ਚੀਜ਼ਾਂ ਨੂੰ ਛਡ ਕੇ ਬੋਝਲ ਅਤੇ ਭਾਰ ਵਧਾਣ ਵਾਲੀ ਖੁਰਾਕ ਤੋਂ ਪਰਹੇਜ਼ ਕਰਨਾ ਚੰਗਾ ਹੈ। ਪਰੋਟੀਨ ਵਾਲੀਆਂ ਵਸਤਾਂ ਜਿਵੇਂ ਦੁੱਧ, ਦਹੀਂ, ਆਂਡੇ ਵੀ ਗੁਣਕਾਰੀ ਹਨ। ਰਾਤ ਨੂੰ ਕਵੇਲੇ ਅਤੇ ਪੇਟ ਤੁਸ ਕੇ ਖਾਧਾ ਭਾਰੀ ਖਾਣਾ ਮਿਹਦੇ ਦੀ ਝਿੱਲੀ ਨੂੰ ਤਣੀ ਰਖਦਾ ਹੈ। ਇਸ ਵਿਚ ਉਠਦੀਆਂ ਲਹਿਰਾਂ ਨਰਵ ਤਾਂਤੂਆਂ ਨੂੰ ਟੁਣਕਾਰਦੀਆਂ ਹਨ। ਇਸ ਨਾਲ ਫੇਫੜਿਆਂ ਦੇ ਤੰਤੂ ਝੰਜੋੜੇ ਜਾਂਦੇ ਹਨ। ਕੇਂਦਰੀ ਨਰਵ ਕੇਂਦਰ ਖਿਝ ਕੇ ਹਵਾ ਨਾਲੀਆਂ ਨੂੰ ਮੀਟੇ ਜਾਣ ਦਾ ਸੁਨੂਹਾ ਘਲਦਾ ਹੈ। ਇਸ ਤਰਾਂ ਵੀ ਦਮੇਂ ਦੇ ਦੌਰੇ ਦਾ ਚੱਕਰ ਅਰੰਭ ਹੋ ਜਾਂਦਾ ਹੈ।

ਡਾਕਟਰਾਂ ਵਲੋਂ ਸ਼ੂਗਰ, ਬਲੱਡ ਪ੍ਰੈਸ਼ਰ, ਦਿਲ ਦੇ ਰੋਗੀਆਂ, ਗਰਭਵਤੀ ਇਸਤਰੀਆਂ, ਆਪਣਾ ਦੁੱਧ ਚੁੰਘਾ ਰਹੀਆਂ ਮਾਵਾਂ ਅਤੇ ਬੱਚਿਆਂ ਨੂੰ ਦਮੇਂ ਦੀਆਂ ਦਵਾਈਆਂ ਬਹੁਤ ਸਾਵਧਾਨੀ ਨਾਲ ਦਿੱਤੀਆਂ ਜਾਂਦੀਆਂ ਹਨ। ਇਸ ਕਰਕੇ ਡਾਕਟਰੀ ਨੁਸਖੇ ਤੋਂ ਬਿਨਾਂ ਇਸ ਬੀਮਾਰੀ ਸੰਬੰਧੀ ਕਾਊਂਟਰ ਤੋਂ ਕੋਈ ਦਵਾਈ ਖ੍ਰੀਦ ਕੇ ਅਪਣੇ ਆਪ ਕਦੇ ਵੀ ਨਹੀਂ ਖਾਣੀ ਚਾਹੀਦੀ।

ਕਿਉਂਕਿ ਇਹ ਬੀਮਾਰੀ ਲਗਣ ਦੇ ਕਾਰਨ ਹਰ ਵਿਅੱਕਤੀ ਦੇ ਵਖਰੇ ਵਖਰੇ ਹੁੰਦੇ ਹਨ ਸੋ ਇਹ ਤੇਜ਼ ਦਵਾਈਆਂ ਕੁੱਝ ਗੰਭੀਰ ਪੁੱਠੇ ਅਸਰਾਂ ਕਾਰਨ ਲਾਭ ਦੀ ਥਾਂ ਵੱਧ ਨੁਕਸਾਨ ਕਰ ਸਕਦੀਆਂ ਹਨ ਅਤੇ ਬੀਮਾਰੀ ਦੀ ਤੀਖਣਤਾ ਅਨੁਸਾਰ ਕਿਹੜੀ ਦਵਾਈ ਕਿੰਨੀ ਮਾਤਰਾ ਵਿਚ ਅਤੇ ਕਿੰਨੀ ਦੇਰ ਖਾਣੀ ਹੈ ਕੇਵਲ ਮਾਹਰ ਡਾਕਟਰ ਹੀ ਦੱਸ ਸਕਦਾ ਹੈ।

ਇਲਾਜ : ਜੇਕਰ ਮਰੀਜ਼ ਨੂੰ ਸੁੱਕੀ ਖੰਘ ਜਾਂ ਮਾਮੂਲੀ ਕਸਰਤ ਨਾਲ ਦਮ ਚੜ੍ਹਦਾ ਹੋਵੇ, ਸਾਹ ਬਾਹਰ ਕੱਢਦਿਆਂ ਸੀਟੀ ਦੀ ਆਵਾਜ਼ ਆਵੇ ਅਤੇ ਛਾਤੀ ਦੀ ਘੁਟਣ ਮਹਿਸੂਸ ਹੋਵੇ, ਸਾਹ ਚੜ੍ਹਨ ਜਾਂ ਖੰਘ ਨਾਲ ਰੁਜ਼ਾਨਾ ਕੰਮ ਕਾਰ ਵਿਚ ਵਿਘਨ ਪੈ ਰਿਹਾ ਹੋਵੇ, ਛਾਤੀ ਦਰਦ ਜਾਂ ਖੰਘ ਨਾਲ ਰਾਤ ਨੂੰ ਪੂਰੀ ਨੀਂਦ ਨਾ ਆਵੇ, ਸਧਾਰਨ ਬੋਲ ਚਾਲ ਵਿਚ ਸਾਹ ਚੜ੍ਹੇ ਤਾਂ ਸੁਣੇ ਸੁਣਾਏ ਉਹੜ-ਪੋਹੜ ਨੂੰ ਛਡ ਕੇ ਫੌਰਨ ਅਪਣੇ ਡਾਕਟਰ ਕੋਲ ਜਾਣਾ ਚਾਹੀਦਾ ਹੈ। ਇਲਾਜ ਸ਼ੁਰੂ ਕਰਨ ਤੋਂ ਪਹਿਲਾਂ, ਦਮੇਂ ਬਾਰੇ ਨਿਸਚਾ ਕਰਨ ਲਈ, ਡਾਕਟਰ ਵਲੋਂ ਮਰੀਜ਼ ਦੇ ਪੀਕ ਫਲੋਅ ਮੀਟਰ ਰਾਂਹੀਂ ਸਾਹ ਦੀ ਗਤੀ ਦੇ ਟੈਸਟ, ਛਾਤੀ ਦੇ ਐਕਸ-ਰੇ ਅਤੇ ਅਲੱਰਜੀ ਦੇ ਚਮੜੀ-ਟੈਸਟ ਕੀਤੇ ਜਾਂਦੇ ਹਨ।

ਇਸ ਬੀਮਾਰੀ ਲਈ ਦੋ ਪਰਕਾਰ ਦੀ ਦਵਾਈ ਦਿੱਤੀ ਜਾਂਦੀ ਹੈ। ਪਹਿਲੀ, ਦਮੇਂ ਦੇ ਦੌਰੇ ਰੋਕਣ ਲਈ: ਫੇਫੜਿਆਂ ਅੰਦਰ ਸਾਹ ਦੀਆਂ ਬਹੁਤ ਬਾਰੀਕ ਨਾਲੀਆਂ, ਜਿਨਾਂ ਰਾਂਹੀਂ ਆਕਸੀਜ਼ਨ ਲਹੂ ਨਾਲ ਮਿਲਦੀ ਹੈ, ਦੀ ਸੋਜ ਨੂੰ ਹਟਉਣ ਲਈ। ਇਹ ਦਵਾਈ ਦੌਰਾ ਨਾ ਪੈਣ ਸਮੇਂ ਵੀ ਡਾਕਟਰ ਦੇ ਕਹਿਣ ਅਨੁਸਾਰ ਖਾਦੇ ਰਹਿਣਾ ਚਾਹੀਦਾ ਹੈ ਦੂਜੀ, ਦਮੇਂ ਦੇ ਦੌਰੇ ਨੂੰ ਨਰਮ ਕਰਨ ਲਈ ਭਾਵ ਸਾਹ ਸੌਖਾ ਕਰਨ ਲਈ: ਇਹ ਦਵਾਈਆਂ ਦਮੇਂ ਦੇ ਦੌਰੇ ਸਮੇਂ ਸਾਹ ਨਾਲੀਆਂ ਦੇ ਪੱਠਿਆਂ ਦਾ ਅਕੜਾ ਢਿਲਾ (relax) ਕਰਨ ਲਈ ਹੁੰਦੀਆਂ ਹਨ। ਮੱਥੇ ਦੇ ਭਾਰੇ ਪਨ ਨੂੰ ਦੂਰ ਕਰਨ ਲਈ ਡਾਕਟਰ ਨੱਕ ਵਿਚ ਪਾਉਣ ਲਈ ਦਵਾਈ ਦਿੰਦੇ ਹਨ। ਇਹਨਾਂ ਦੀ ਵਰਤੋਂ ਨਾਲ ਉਖੜਿਆ ਦਮ ਟਿਕ ਜਾਂਦਾ ਹੈ। ਮਰੀਜ਼ ਦੀ ਘਬਰਾਹਟ ਘਟਦੀ ਹੈ। ਦਮੇਂ ਦੇ ਹਮਲੇ ਦਾ ਕਾਰਨ ਭਾਵ ਜਿਸ ਚੀਜ਼ ਦੇ ਖਾਣ, ਵਰਤਣ ਜਾਂ ਸੰਪਰਕ ਨਾਲ ਇਹ ਤਕਲੀਫ ਵਧਣੀ ਅਰੰਭ ਹੋਈ ਹੈ ਅਤੇ ਸੂਟੇ ਵਾਲੀ ਜਾਂ ਹੋਰ ਦਵਾਈ ਦੀ ਵਰਤੋਂ ਨਾਲ ਕਿਨਾਂ ਕੁ ਆਰਾਮ ਆਇਆ ਹੈ, ਬਾਰੇ ਡਾਕਟਰ ਨੂੰ ਦੱਸਣ ਨਾਲ ਬੀਮਾਰੀ ਦੇ ਇਲਾਜ ਵਿਚ ਬਹੁਤ ਸਹਾਇਤਾ ਮਿਲਦੀ ਹੈ।

ਟੀਕੇ ਰਾਹੀਂ ਇਲਾਜ: ਇਸ ਵਿਧੀ ਰਾਹੀਂ ਅਲਰਜੀ ਦੇ ਅਣੂਆਂ ਨੂੰ ਦਮੇਂ ਦੀ ਉਤੇਜਨਾ ਘਟ ਕਰਨ ਜਾਂ ਦਮੇ ਦਾ ਹਮਲਾ ਰੋਕਣ ਲਈ ਵਰਤਿਆ ਜਾਂਦਾ ਹੈ। ਜੇ ਅਲਰਜੀ ਵਾਲੇ ਦਮੇਂ ਦੇ ਮਰੀਜ਼ ਦੇ ਸਰੀਰ 'ਚ, ਅਲਰਜੀ ਪੈਦਾ ਕਰਨ ਵਾਲੇ ਅਣੂਆਂ ਦੀ ਥੋੜੀ ਥੋੜੀ ਮਾਤਰਾ, ਟੀਕੇ ਰਾਹੀਂ ਦਾਖਲ ਕੀਤੀ ਜਾਵੇ ਅਤੇ ਫਿਰ ਹੌਲੀ ਹੌਲੀ ਇਹ ਅਣੂਆਂ ਦੀ ਮਾਤਰਾ ਵਧਾਈ ਜਾਵੇ ਤਾਂ ਮਰੀਜ਼ ਅੰਦਰ ਉਹਨਾਂ ਅਣੂਆਂ ਪ੍ਰਤੀ ਸਹਿਣ ਸ਼ਕਤੀ ਪੈਦਾ ਹੋ ਜਾਂਦੀ ਹੈ।ਸਿੱਟੇ ਵਜੋਂ ਫਿਰ ਅਜਿਹੇ ਅਣੂਆਂ ਦੇ ਸੰਪਰਕ ਵਿਚ ਆਉਣ ਨਾਲ ਦੌਰੇ ਨਹੀਂ ਪੈਂਦੇ, ਜੇ ਪੈ ਵੀ ਜਾਣ ਤਾਂ ਬਹੁਤੇ ਤੇਜ਼ ਨਹੀਂ ਹੁੰਦੇ। ਇਹ ਟੀਕੇ ਹਫਤੇ ਵਿਚ ਇੱਕ ਜਾਂ ਦੋ ਵਾਰ 2/3 ਸਾਲ ਤੱਕ ਲਗਦੇ ਰਹਿੰਦੇ ਹਨ। ਇਹ ਟੀਕੇ ਅਲਰਜੀ ਸਪੈਸ਼ਲਿਸਟ ਹੀ ਲਾਉਂਦੇ ਹਨ ਕਿਉਂਕਿ ਇਹਨਾਂ ਟੀਕਿਆਂ ਤੋਂ ਪ੍ਰਤੀ-ਕਰਮ/ ਰੀ-ਐਕਸ਼ਨ ਹੋਣ ਦਾ ਡਰ ਰਹਿੰਦਾ ਹੈ। ਇਸ ਲਈ ਅਜਿਹਾ ਟੀਕੇ ਲਗੱਣ ਪਿਛੋਂ 15/20 ਮਿੰਟ ਡਾਕਟਰ ਕੋਲ ਜ਼ਰੂਰ ਬੈਠਣਾ ਚਾਹੀਦਾ ਹੈ ਤਾਕਿ ਜੇਕਰ ਅਜਿਹਾ ਹੋ ਜਾਵੇ ਤਾਂ ਡਾਕਟਰ ਇਸ ਦੀ ਰੋਕ ਥਾਮ ਲਈ ਝਬਦੇ ਹੀ ਹੋਰ ਟੀਕਾ ਲਾ ਦਿੰਦਾ ਹੈ।

ਦਮੇਂ ਦੀ ਰੋਕਥਾਮ: ਦਮੇਂ ਦੇ ਵਡੇ ਕਾਰਨ ਅਲਰਜੀ-ਅਣੂੰ ਹਨ। ਇਹਨਾਂ ਨੂੰ ਦੋ ਵਡੀਆਂ ਕਿਸਮਾਂ ਵਿਚ ਵੰਡਿਆ ਜਾ ਸਕਦਾ ਹੈ। (ੳ) ਘਰ ਅੰਦਰਲੇ ਅਲਰਜੀ ਸਾਧਨ। ਇਹਨ ਤੋਂ ਦਮੇਂ ਦੇ ਮਰੀਜ਼ਾਂ ਸਾਰਾ ਸਾਲ ਇਸ ਪਰਕਾਰ

ਬਚਆ ਕਰਨਾ ਚਾਹੀਦਾ ਹੈ। (1) ਮਨੁੱਖਾਂ / ਪਸ਼ੂਆਂ ਦੇ ਮਹੀਨ ਵਾਲਾਂ ਦੇ ਟੁਕੜੇ, ਫਰਸ਼ ਵਾਲੇ ਰੱਗਾਂ (ਦਰੀਆਂ) ਦੀ ਧੂੜ ਅਤੇ ਉਸ ਵਿਚ ਖੁਰਦਬੀਨ ਨਾਲ ਵੇਖੇ ਜਾਣ ਵਾਲੇ ਜਿਉਂਦੇ ਕੀਟ (mite) (ਜੋ ਦੱਸ ਸੈਂਟ ਸਿੱਕੇ ਤੇ 7000 ਟਿਕ ਜਾਂਦੇ ਹਨ) ਅਲਰਜੀ ਕਰਕੇ ਦਮੇਂ ਨੂੰ ਉਤਸ਼ਾਹਿਤ ਕਰਦੇ ਹਨ। ਸਰਦੀਆਂ ਵਿਚ ਕਮਰੇ ਦੀ ਅੰਦਰਲੀ ਖੁਸ਼ਕ ਹੀਟ ਨਾਲ ਉਡਦੇ ਹੋਏ ਇਹ ਸਾਡੇ ਸੁੱਤਿਆਂ ਅੰਦਰ ਲੰਘ ਕੇ ਅਲਰਜੀ ਕਰਦੇ ਹਨ ਅਤੇ ਅਗੋਂ ਦਮੇਂ ਦਾ ਮੁੱਢ ਬਨੂੰਦੇ ਹਨ। ਇਹਨਾਂ ਤੋਂ ਬਚਾਅ ਲਈ: ਰੱਗ ਰਹਿਤ ਫਰਸ਼ਾ, ਕੰਧਾਂ, ਛੱਤ ਦੇ ਹੇਠਾਂ ਅਤੇ ਫਰਨੀਚਰ ਆਦਿ ਨੂੰ ਸਾਬਣ-ਪਾਣੀ ਦੇ ਗਿੱਲੇ ਕਪੜੇ ਨਾਲ ਸਾਫ ਕਰਦੇ ਰਹਿਣਾ; ਫਰਨਸ ਦਾ ਫਿਲਟਰ ਛੇਤੀ ਬਦਲਣਾ; ਖੁਸ਼ਕ ਹੀਟ ਦੀ ਥਾਂ ਪਾਣੀ ਵਾਲੀ ਹੀਟ ਲਾਉਣਾ; ਹਿਊਮਡੀਫਾਇਰ ਰਾਹੀਂ ਨੰਮੀ ਪੈਦਾ ਕਰਨਾ ਅਦਿ।

(2) ਸਲ੍ਹਾਬ ਜਾਂ ਉਲੀ (mould) ਤੋਂ ਅਲਰਜੀ ਲਈ ਬਚਾਅ: ਦਮੇਂ ਦੇ ਮਰੀਜ਼ਾਂ ਲਈ ਪੁਰਾਣੇ ਘਰਾਂ ਦੀਆਂ ਡੂੰਘੀਆਂ ਬੇਸਮੈਂਟਾਂ ਦਾ ਤਿਆਗ; ਉਲੀ ਲਗੇ ਗਾਰਬੇਜ ਕੈਨਾਂ, ਦਰਵਾਜ਼ੇ ਖਿੜਕੀਆਂ ਦੇ ਫਰੇਮਾਂ, ਕੰਧਾਂ ਵਾਲਾ ਪੇਪਰ ਅਤੇ ਵਾਸ਼ਰੂਮ ਦੇ ਟੱਬਾਂ ਨੂੰ ਉਲੀ ਰਹਿਤ ਕਰਨਾ; ਗਮਲਿਆਂ ਵਿਚ ਉਗੇ ਬੂਟਿਆਂ ਅਤੇ ਟੁਟੀਆਂ ਭਜੀਆਂ ਪੁਰਾਣੀਆਂ ਚੀਜ਼ਾਂ ਕਮਰਿਆਂ ਅੰਦਰ ਨਾ ਰੱਖਣਾ; ਘਰ ਵਿਚ ਰੱਖੇ ਬਿੱਲੀਆਂ ਕੁੱਤਿਆਂ ਨੂੰ ਸੌਣ / ਬੈਠਣ ਵਾਲੇ ਕਮਰਿਆਂ ਤੋਂ ਬਾਹਰ ਰੱਖਣਾ ।

(3) ਕਈ ਦਵਾਈਆਂ ਜਿਵੇ ਪੈਨਸਲੀਨ, ਟੈਟਰਾ-ਸਾਈਕਲੀਨ ਅਦਿ, ਛੋਟੇ ਬੱਚਿਆਂ ਨੂੰ ਜੇਕਰ ਪੀ-ਨੱਟ ਮੱਖਣ ਅਤੇ ਦੁੱਧ ਤੋਂ ਅਲਰਜੀ ਹੋਵੇ ਤਾਂ ਇਹਨਾਂ ਵਸਤਾਂ ਅਤੇ ਇਹਨਾਂ ਤੋਂ ਅੱਗੇ ਬਣੀਆਂ ਚੀਜ਼ਾਂ ਨੂੰ ਨਾ ਖਾਣ ਦੇਣਾ; ਭਾਂਤ ਸੁਭਾਂਤੇ ਖੁਸ਼ਬੂਦਾਰ ਤੇਲ ਅਤੇ ਕਰੀਮਾਂ, ਪੇਂਟ-ਰਸਾਇਣ, ਕੀੜੇ ਮਾਰ ਦਵਾਈਆਂ ਨੂੰ ਚਮੜੀ ਦੇ ਸੰਪਰਕ ਤੋਂ ਦੂਰ ਰੱਖਣਾ; ਦਹੀਂ, ਖੱਟੀ ਲੱਸੀ ਅਤੇ ਸ਼ਕੰਜਵੀ ਅਦਿ ਨੂੰ ਬਹੁਤੀ ਦੇਰ ਸਿਲਵਰ / ਕਾਂਸੀ ਦੇ ਭਾਂਡਿਆਂ ਵਿਚ ਨਾ ਰੱਖਣਾ ਆਦਿ।

(ਅ) ਬ੍ਰਿਛਾਂ/ਬੂਟਿਆਂ ਦੇ ਨਵੇਂ ਪੱਤੇ ਨਿਕਲਣ, ਫੁੱਲਾਂ ਦੇ ਖਿੜਨ ਅਤੇ ਘਾਹ ਦੇ ਫੁੱਟਣ ਅਤੇ ਫੁੱਲ ਨਿਕਲਣ ਸਮੇਂ, ਖਾਸ ਕਰ ਸਵੇਰੇ ਅਤੇ ਸ਼ਾਮ ਨੂੰ। ਬਸੰਤ ਰੁਤੇ ਘਾਹ ਅਤੇ ਖਿੜੇ ਫੁੱਲਾਂ ਦੇ ਪਰਾਗ ਕਣਾ ਤੋਂ ਹੋਣ ਵਾਲੀ ਅਲਰਜੀ ਤੋਂ ਬਚਣ ਲਈ ਇਸ ਰੁਤੇ ਦਰਵਾਜ਼ੇ ਖਿੜਕੀਆਂ ਬੰਦ ਰੱਖਣਾ; ਗਰੀਨ ਹਾਊਸਾਂ ਵਿਚ ਫੁੱਲ /ਸਬਜ਼ੀਆਂ ਤੋੜਨ ਦਾ ਕੰਮ ਨਾ ਕਰਨਾ; ਗਰਮੀ ਤੋਂ ਬੱਚਣ ਲਈ ਏਅਰ-ਕੰਡੀਸ਼ਨਾਂ ਦੀ ਵਰਤੋਂ ਕਰਨਾ; ਸਵੇਰੇ ਫੁੱਲਾਂ / ਘਾਹ ਤੋਂ ਅਤੇ ਹਰ ਸਮੇਂ ਗਰਦ ਗੁਬਾਰ ਤੇ ਜ਼ਹਿਰੀਲੇ ਬੂਟਿਆਂ ਤੋਂ ਦੂਰ ਰਹਿਣਾ; ਖੇਤੀ-ਫਾਰਮਾਂ, ਬਾਗਾਂ ਵਿਚ ਜਾਂਦਿਆਂ ਮੱਛਰਾਂ ਸ਼ਹਿਦ-ਮੱਖੀਆਂ ਤੋਂ ਬਚ ਕੇ ਰਹਿਣਾ ਅਦਿ। ਜੇ ਕਰ ਆਂਡਿਆਂ ਤੋਂ ਅਲਰਜੀ ਨਾ ਹੋਵੇ ਤਾਂ ਬਾਲਗਾਂ ਨੂੰ ਹਰ ਸਾਲ ਫਲੂ ਦੇ ਅਗੇਤੇ ਟੀਕੇ ਲਗਵਾਉਣੇ ਚਾਹੀਦੇ ਹਨ।।

ਕਸਰਤ : ਜੇਕਰ ਸਰੀਰ ਅੰਦਰਲਾ ਸੁਰੱਖਿਆ ਪ੍ਰਬੰਧ (immunity) ਤਕੜਾ ਹੋਵੇਗਾ ਅਤੇ ਮਨ ਚੜ੍ਹਦੀ ਕਲਾ ਵਿਚ ਰਹੇਗਾ ਤਾਂ ਦਮੇਂ ਨੂੰ ਰੋਕਣ ਵਿਚ ਸਹਾਇਤਾ ਮਿਲੇਗੀ ਹੈ। ਇਸ ਮਨੋਰਥ ਦੀ ਪੂਰਤੀ ਲਈ ਰੁੱਤ ਅਤੇ ਸਰੀਰਕ ਸਮਰੱਥਾ ਅਨੁਸਾਰ ਸ਼ਾਮ ਸਵੇਰੇ ਸਹਿੰਦੀ ਸਹਿੰਦੀ ਪੈਦਲ ਸੈਰ, ਸਾਈਕਲਿੰਗ ਅਦਿ ਬਾ-ਕਾਇਦਾ ਨਿੱਤ ਨੇਮ ਵਾਂਗ ਹਲਕੀ ਕਸਰਤ ਕਰਨੀ ਚਾਹੀਦੀ ਹੈ। ਸੁਹਾਵਣੇ ਮੌਸਮ ਵਿਚ ਖੁੱਲ੍ਹੀ ਥਾਂ ਲੰਮੇ ਲੰਮੇ ਸਾਹ ਲੈਣ ਦੀ ਕਸਰਤ ਵੀ ਫੇਫੜਿਆਂ ਨੂੰ ਮਜ਼ਬੂਤ ਕਰਦੀ ਹੈ। ਸਪਾਅ ਜਾਂ ਨਿੱਘੇ ਪਾਣੀ ਦੇ ਤਲਾਬ ਵਿਚ ਤਰਨਾ ਵੀ ਬਹੁਤ ਲਾਭਦਾਇਕ ਹੁੰਦਾ ਹੈ। ਸਾਹ ਦੀ ਤਕਲੀਫ ਵਾਲਿਆਂ ਨੂੰ ਸਿੱਲਾ ਵਾਤਾਵਰਨ ਸੁਖਦਾਈ ਹੁੰਦਾ ਹੈ। ਯੋਗਾ ਅਭਿਆਸ ਦੀਆਂ ਕਈ ਕਸਰਤਾਂ ਨਾਲ ਸਾਹ ਪੱਕਦਾ ਅਤੇ ਦਮੇਂ ਨੂੰ ਆਰਾਮ ਰਹਿੰਦਾ ਹੈ, ਮਨੋ-ਬਲ ਉੱਚਾ ਹੁੰਦਾ ਹੈ।। ਅਰੰਭ ਕਰਨ ਤੋਂ ਪਹਿਲਾਂ ਡਾਕਟਰ ਵਲੋਂ ਦਿੱਤੇ ਸਾਹ ਰਾਹੀ ਦਵਾਈ ਖਿੱਚਣ ਵਾਲੇ ਇਨਹੇਲਰ (inhaler) ਦੀ ਵਰਤੋਂ ਕਰਨੀ ਚਾਹੀਦੀ ਹੈ। ਸੈਰ ਤੇ ਹੋਰ ਕੰਮ ਕਾਰ ਲਈ ਘਰੋਂ ਬਾਹਰ ਜਾਣ ਲਗਿਆਂ ਇਸ ਇਨਹੇਲਰ ਨੂੰ ਆਪਣੇ ਪਾਸ ਰੱਖਣਾ ਜ਼ਰੂਰੀ ਹੈ।

ਦਮੇਂ ਦੇ ਮਰੀਜ਼ ਦਾ ਦਮਾਗੀ ਤੰਤੂ-ਕੇਂਦਰ ਬਹੁਤ ਸੂਖਮ ਹੋ ਜਾਂਦਾ ਹੈ। ਇਸ ਵਿਚ ਆਈ ਅਚਾਨਕ ਵਾਧ ਘਾਟ ਭਾਵ ਖੁਸ਼ੀ ਗਮੀ, ਟਿਕੇ ਹੋਏ ਸਮੁੰਦਰ ਵਿਚ ਆਏ ਤੂਫਾਨ ਵਾਂਗ ਉਥਲ ਪੁਥਲ ਪੈਦਾ ਕਰ ਦਿੰਦੀ ਹੈ। ਦਮਾਂ ਭਾਵੇ ਫੇਫੜਿਆਂ ਜਾਂ ਸਾਹ ਦਾ ਰੋਗ ਹੈ ਪਰ ਇਸ ਦੇ ਕਾਰਨ ਸਰੀਰ ਦੇ ਕਈ ਅੰਗਾਂ ਨਾਲ ਸੰਬੰਧਤ ਹਨ। ਸੋ ਸਾਰੇ ਸਰੀਰ ਦੀ ਸਮੁੱਚੀ ਸ਼ਖਸੀਅੱਤ ਨੂੰ ਧਿਆਨ ਵਿਚ ਰਖਦਿਆਂ ਇਸ ਦਾ ਇਲਾਜ ਕੀਤਾ ਜਾਣਾ ਮੁਨਾਸਬ ਹੈ।।

ਸੁਤੰਤਰਤਾ ਸੰਗਰਾਮਦਾ ਬਲਵਾਨ ਯੋਧਾ...

ਬਾਬਾ ਹੀਰਾ ਸਿੰਘ ਭੱਠਲ

ਭਾਰਤ ਦੇ ਸੁਤੰਤਰਤਾ ਸੰਗਰਾਮ ਦੇ ਇਤਿਹਾਸ 'ਚ ਜਿਨ੍ਹਾਂ ਦੇਸ਼ ਭਗਤਾਂ ਦਾ ਨਾਂ ਸੁਨਹਿਰੀ ਅੱਖਰਾਂ 'ਚ ਲਿਖਿਆ ਹੋਇਆ ਹੈ ਉਹਨਾਂ 'ਚੋਂ ਬਾਬਾ ਹੀਰਾ ਸਿੰਘ ਭੱਠਲ ਦਾ ਨਾਂ ਇੱਕ ਹੈ। ਬਾਬਾ ਹੀਰਾ ਸਿੰਘ ਭੱਠਲ ਜੀ ਦਾ ਜਨਮ 1885 ਈਸਵੀ ਵਿਚ ਰਿਆਸਤ ਨਾਭਾ ਦੇ ਇੱਕ ਪਿੰਡ ਭੱਠਲਾਂ ਵਿਚ ਇਕ ਸਧਾਰਨ ਕਿਸਾਨ ਸ: ਚੰਨਣ ਸਿੰਘ ਦੇ ਘਰ ਹੋਇਆ। ਉਹਨਾਂ ਦਿਨਾਂ 'ਚ ਭਾਰਤੀ ਉਪ-ਮਹਾਂਦੀਪ 'ਚ ਅੰਗਰੇਜ਼ੀ ਹਕੂਮਤ ਦਾ ਬੋਲਬਾਲਾ ਸੀ। ਬਾਬਾ ਹੀਰਾ ਸਿੰਘ ਭੱਠਲ ਅੰਗਰੇਜ਼ੀ ਹਕੂਮਤ ਦੇ ਜ਼ਬਰ ਜ਼ੁਲਮ ਦੇ ਖਾਤਮੇ ਲਈ ਇਨਕਲਾਬ ਦਾ ਚਿੰਨ ਬਣ ਕੇ ਉਭਰੇ। ਆਪ ਨੇ ਅੰਗਰੇਜ਼ੀ ਹਕੂਮਤ ਦੀਆਂ ਜੜ੍ਹਾਂ ਖੋਖਲੀਆਂ ਕਰਨ ਲਈ ਆਪਣੀ ਸਾਰੀ ਜ਼ਿੰਦਗੀ ਕੁਰਬਾਨ ਕਰ ਦਿੱਤੀ।

ਅੰਗਰੇਜ਼ੀ ਹਕੂਮਤ ਦੁਆਰਾ ਨਿਹੱਥੇ ਭਾਰਤੀਆਂ ਉਤੇ ਕੀਤੇ ਤਸ਼ੱਦਦ ਸਭ ਹੱਦਾਂ ਬੰਨੇ ਟੱਪ ਗਏ ਸਨ, ਸਾਡਾ ਦੇਸ਼ ਗੁਲਾਮੀ ਦੀਆਂ ਜੰਜੀਰਾਂ 'ਚ ਜਕੜਿਆ ਹੋਇਆ ਸੀ। ਅੰਗਰੇਜ਼ ਦੋਹੀਂ ਹੱਥੀਂ ਸਾਡੇ ਦੇਸ਼ ਨੂੰ ਲੁਟ ਰਹੇ ਸਨ ਇਸ ਮੌਕੇ ਬਾਬਾ ਹੀਰਾ ਸਿੰਘ ਭੱਠਲ ਨੇ ਅੰਗਰੇਜ਼ਾਂ ਨੂੰ ਵੰਗਾਰਿਆ। ਹੀਰਾ ਸਿੰਘ ਨੂੰ ਹਰ ਵੱਡੀ ਇਮਾਰਤ ਉੱਤੇ ਝੂਲਦਾ 'ਯੂਨੀਅਨ ਜੈਕ ਗੁਲਾਮ ਤੇ ਬੇਬਸ ਭਾਰਤੀਆਂ ਨੂੰ ਵੰਗਾਰਦਾ ਅਨੁਭਵ ਹੁੰਦਾ ਸੀ।

1857 ਦੇ ਗਦਰ ਦੇ ਖੂਨੀ ਸਾਕੇ, ਗਦਰ ਪਾਰਟੀ ਦੀਆਂ ਸਰਗਰਮੀਆਂ ਆਇਰਲੈਂਡ ਦੇ ਇਨਕਲਾਬੀ ਨੇਤਾ ਡੀ ਵਲੇਰਾ ਦੇ ਐਲਾਨਾ ਜਲ੍ਹਿਆਂ ਵਾਲੇ ਬਾਗ ਦੇ ਖੂਨੀ ਸਾਕੇ ਅਤੇ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਤੋਂ ਇਸ ਦੇ ਨਾਲ ਹੀ ਨਾਮਧਾਰੀ ਸੂਰਮਿਆਂ ਦੇ ਬਲੀਦਾਨ ਨੇ ਹੀਰਾ ਸਿੰਘ ਦੇ ਗੈਰਤਮੰਦ ਦਿਲ ਦਿਮਾਗ ਨੂੰ ਅਜਿਹਾ ਝੰਜੋੜਿਆ ਕਿ ਇਹ ਅਣਖੀਲੇ ਦੇਸ਼ ਭਗਤ ਨੇ ਆਪਣੀ ਜਿੰਦਗੀ ਦੇਸ਼ ਕੌਮ ਦੀ ਅਜ਼ਾਦੀ ਦੇ ਲੇਖੇ ਲਾ ਦਿੱਤੇ।

ਰਿਆਸਤ ਨਾਭਾ ਦਾ ਰਾਜਾ ਰਿਪੁਦਮਨ ਸਿੰਘ ਅੰਗਰੇਜ਼ ਵਿਰੋਧੀ ਸੀ। ਬਾਬਾ ਹੀਰਾ ਸਿੰਘ ਦੀਆਂ ਬਾਗੀ ਸਰਗਰਮੀਆਂ ਵਾਚ ਕੇ ਰਿਪੁਦਮਨ ਸਿੰਘ ਨੇ ਬਾਬਾ ਜੀ ਨਾਲ ਮਿਤਰਤਾ ਗੰਢ ਲਈ। ਇਸੇ ਦੇ ਫਲਸਰੂਪ ਮਹਾਰਾਜੇ ਨੂੰ ਰਿਆਸਤ ਦੇ ਰਾਜ-ਭਾਗ ਤੋਂ ਵੱਖ ਹੋਣਾ ਪਿਆ। ਬਾਬਾ ਹੀਰਾ ਸਿੰਘ ਨੂੰ ਵੀ ਅੰਗਰੇਜ਼ਾਂ ਨੇ ਲੰਮੀਆਂ ਕੈਦਾਂ ਤੇ ਜਲਾਵਤਨੀਆਂ ਦੀ ਅਗਨੀ ਪ੍ਰੀਖਿਆ ਵਿਚ ਸੁੱਟ ਦਿੱਤਾ। ਬਾਬਾ ਜੀ ਦੀਆਂ ਜੇਲ ਯਾਤਰਾਵਾਂ ਦੀ ਕਹਾਣੀ ਅਣਖ ਦੀ ਕਹਾਣੀ ਹੈ। ਫਰੀਦਕੋਟ, ਦੇਹਰਾਦੂਨ, ਫਿਰੋਜਪੁਰ, ਮੀਆਂਵਾਲੀ, ਲਾਹੌਰ, ਅੰਮ੍ਰਿਤਸਰ, ਗੁਰਦਾਸਪੁਰ ਨਾਭਾ, ਪਟਿਆਲਾ, ਅੰਬਾਲਾ ਅਤੇ ਦਿੱਲੀ ਦੀਆਂ ਜੇਲ੍ਹਾਂ ਦੀਆਂ ਕਾਲਕੋਠੜੀਆਂ 'ਚ ਪਰਿਵਾਰ ਸਮੇਤ ਕਈ ਦਿਨਾਂ ਅਤੇ 18 ਸਾਲ ਸੰਘਰਸ਼ਮਈ ਜੀਵਨ ਦੀ ਕਹਾਣੀ ਹੈ। ਉਹ ਅਣਖੀ ਯੋਧੇ ਦੀ ਯਾਦ ਆਉਂਦੀ ਹੈ ਜਿਸ ਨੂੰ ਅੰਗਰੇਜ਼ੀ ਹਕੂਮਤ ਦੇ ਕਠੋਰ ਤਸ਼ੱਦਦ, ਤਸੀਹੇ ਥਿੜਕਾ ਨਾ ਸਕੇ। ਕੈਦਾਂ, ਗ੍ਰਿਫਤਾਰੀਆਂ ਤਾਂ ਉਹਨਾਂ ਦੇ ਜੀਵਨ ਦਾ ਹਿੱਸਾ ਹੀ ਬਣ ਗਈਆਂ।

1923 ਵਿਚ ਜਦੋਂ ਬਾਬਾ ਜੀ ਨਾਭਾ ਜੇਲ 'ਚੇ ਕੈਦ ਸਨ ਅਤੇ ਲਾਲ ਸੰਤਰਾਮ ਨਾਭਾ ਉਹਨਾਂ ਦੇ ਇਕੋ ਇਕ ਬੰਦੀਵਾਨ ਸਾਥੀ ਸਨ, ਤਾਂ ਉਹਨਾਂ ਕੋਲ ਸ੍ਰੀ ਮਹਾਂਵੀਰ ਤਿਆਗੀ, ਕੇ ਸੰਤਾਨਮ। ਪੰਡਤ ਜਵਾਹਰ ਲਾਲ ਨਹਿਰੂ ਅਤੇ ਸ: ਮੰਗਲ ਸਿੰਘ ਹੁਰਾਂ ਨੂੰ ਹਥਕੜੀਆਂ ਸਮੇਤ ਲਿਆਂਦਾ ਗਿਆ। ਪੰਡਤ ਜਵਾਹਰ ਲਾਲ ਨੇ ਆਪਣੇ ਪਿਤਾ ਮੋਤੀ ਲਾਲ ਨਹਿਰੂ ਜੋ ਉਨ੍ਹਾਂ ਨੂੰ ਮਿਲਣ ਆਏ ਸਨ ਕੋਲ ਬਾਬਾ ਹੀਰਾ ਸਿੰਘ ਭੱਠਲ ਦੀ ਦੇਸ਼ ਭਗਤੀ ਤੇ ਕਰਬਾਨੀ ਦਾ ਸ਼ਰਧਾ ਭਰੇ ਸ਼ਬਦਾਂ 'ਚ ਜ਼ਿਕਰ ਕੀਤਾ। ਜਿਨੀ ਦੇਰ ਪੰਡਿਤ ਨਹਿਰੂ ਜੀਵਤ ਰਹੇ ਬਾਬਾ ਜੀ ਨੂੰ ਮਿਲਦਿਆਂ ਹੀ ਉਹ ਖੀਵੇ ਹੋ ਉਠਦੇ ਸਨ। ਸਰਦਾਰ ਕੈਰੋਂ ਬਾਬਾ ਜੀ ਨੂੰ ਆਜ਼ਾਦੀ ਦਾ ਜੰਗ ਤੇ ਬਲਵਾਨ ਜਰਨੈਲ ਦੇ ਨਾਂ ਨਾਲ ਯਾਦ ਕਰਦੇ ਸਨ। ਕੁਰਬਾਨੀ ਦੇ ਬਿਖੜੇ ਰਾਹਾਂ ਵਿਚ ਬਾਬਾ ਜੀ ਦੀ ਸਪੁੱਤਨੀ ਬੀਬੀ ਹਰਨਾਮ ਕੌਰ ਭੱਠਲ ਨੇ ਸੱਬਰ ਸੰਤੋਖ ਵਿਖਾਇਆ ਅਤੇ ਕੁਰਬਾਨੀਆਂ ਕੀਤੀਆਂ ਉਸ ਦੀ ਮਿਸਾਲ ਘੱਟ ਹੀ ਮਿਲਦੀ ਹੈ।

ਘੋਰ ਮਾਲੀ ਸੰਕਟਾਂ, ਤੰਗੀਆਂ-ਤੁਰਸੀਆਂ ਦੇ ਬਾਵਜੂਦ ਇਸ ਵੀਰਾਂਗਣ ਨੇ ਵਰਿਆਂ ਬੱਧੀ ਖਿੜੇ ਮੱਥੇ ਕੈਦ ਕੱਟੀ। ਇਸ ਤੋਂ ਵੱਡੀ ਕੁਰਬਾਨੀ ਦੀ ਮਿਸਾਲ ਕੀ ਹੋ ਸਕਦੀ ਹੈ ਕਿ ਬੀਬੀ ਭੱਠਲ ਦੇ ਕਈ ਬੱਚਿਆਂ ਨੇ ਵੱਖ ਵੱਖ ਜੇਲ੍ਹਾਂ ਵਿਚ ਹੀ ਜਨਮ ਲਿਆ ਜਿਨ੍ਹਾਂ ਨੂੰ ਮਾਂ ਦੀ ਮਮਤਾ ਦੇ ਨਾਲ ਭਾਰਤ ਮਾਂ ਦੀ ਅਜ਼ਾਦੀ ਦੀ ਗੁੜ੍ਹਤੀ ਮਿਲਦੀ ਰਹੀ। ਪੰਜਾਬ ਵਿਧਾਨ ਸਭਾ ਦੀ ਮੈਂਬਰ ਬੀਬੀ ਰਾਜਿੰਦਰ ਕੌਰ ਭੱਠਲ ਨੇ ਸਤੰਬਰ 1945 ਵਿਚ ਲਾਹੌਰ ਦੀ ਜੇਲ ਵਿਚ ਹੀ ਜਨਮ ਲਿਆ ਸੀ।

ਬਾਬਾ ਹੀਰਾ ਸਿੰਘ ਦਾ ਸਾਰਾ ਜੀਵਨ ਸੰਘਰਸ਼ ਦੀ ਇਕ ਬੇਮਿਸਾਲ ਕਿਤਾਬ ਹੈ। ਜਦੋਂ ਵੀ ਕਦੇ ਸੁਤੰਤਰਤਾ ਸੰਗਰਾਮੀਆਂ ਦੀ ਗੱਲ ਤੁਰੇਗੀ, ਭਾਰਤ ਦੀ ਅਜ਼ਾਦੀ ਦੀ ਕਹਾਣੀ ਛਿੜੇਗੀ ਤਾਂ ਬਾਬਾ ਜੀ ਤੇ ਉਹਨਾਂ ਦੇ ਪਰਿਵਾਰ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਜਾਂਦਾ ਰਹੇਗਾ। ਬਾਬਾ ਜੀ ਦਾ ਜੀਵਨ ਆਉਂਦੀਆਂ ਪੀੜੀਆਂ ਨੂੰ ਦੇਸ਼ ਕੌਮ ਲਈ ਕੁਰਬਾਨੀਆਂ ਕਰਨ ਲਈ ਪ੍ਰੇਰਨਾ ਦਿੰਦਾ ਰਹੇਗਾ।

ਇੰਡੀਅਨ ਓਵਰਸੀਜ਼ ਕਾਂਗਰਸ ਨੇ ਆਜ਼ਾਦੀ ਜਸ਼ਨ ਮਨਾਏ

ਇੰਡੀਅਨ ਓਵਰਸੀਜ਼ ਕਾਂਗਰਸ ਆਈ ਐਸੋਸੀਏਸ਼ਨ ਆਫ ਕੈਨੇਡਾ ਨੇ 12 ਅਗਸਤ ਨੂੰ ਫਰੇਜ਼ਰ ਵਿਓ ਹਾਲ ਵਿਚ ਭਾਰਤ ਦਾ 54ਵਾਂ ਆਜ਼ਾਦੀ ਦਿਵਸ ਮਨਾਇਆ। ਇਸ ਸਮਾਗਮ ਦੇ ਮੁਖ ਮਹਿਮਾਨ ਪੰਜਾਬ ਕਾਂਗਰਸ ਦੇ ਸੀਨੀਅਰ ਜਨਰਲ ਸਕੱਤਰ ਬੀਰ ਦਵਿੰਦਰ ਸਿੰਘ ਸਨ। ਜਿਨਾਂ ਨੇ ਆਪਣੇ ਭਾਸ਼ਨ ਦੌਰਾਨ ਆਖਿਆ ਕਿ ਪਛਮ ਵਿਚ ਭਾਰਤ ਦੇ ਵਿਕਾਸ ਦੀ ਤਸਵੀਰ ਨੂੰ ਧੁੰਦਲਾ ਕਰਕੇ ਵਿਖਾਇਆ ਜਾਂਦਾ ਹੈ। ਭਾਰਤ ਮਹਾਨ ਹੁਣ ਪਹਿਲਾਂ ਵਾਲਾ ਨਹੀਂ ਹੈ ਜਦੋਂ ਆਜ਼ਾਦੀ ਤੋਂ ਪਹਿਲਾਂ ਆਪਣੀ 40 ਕਰੋੜ ਵਸੋਂ ਦਾ ਢਿਡ ਵੀ ਨਹੀਂ ਭਰ ਸਕਦਾ ਸੀ ਅਤੇ ਹੁਣ ਇਕ ਅਰਬ ਵਸੋਂ ਵਾਲੇ ਦੇਸ਼ ਪਾਸ ਕਰੋੜਾਂ ਟਨ ਅਨਾਜ ਭੰਡਾਰਾਂ ਵਿਚ ਪਿਆ ਹੈ। ਅਤੇ ਉਹ ਭਾਰਤ ਜੋ ਆਜ਼ਾਦੀ ਵੇਲੇ ਇਕ ਸੂਈ ਤਕ ਇੰਗਲੈਂਡ ਤੋਂ ਬਣਕੇ ਆਉਂਦੀ ਸੀ। ਹੁਣ ਨਿਉਕਲੀਅਰ ਪਾਵਰ ਬਣ ਗਿਆ ਹੈ। ਉਨ੍ਹਾਂ ਆਪਣੇ ਲੰਬੇ ਚੌੜੇ ਭਾਸ਼ਨ ਦੌਰਾਨ ਕੁਰੱਪਸ਼ਨ ਦਾ ਜਿਕਰ ਕਰਦਿਆਂ ਮੰਨਿਆ ਕਿ ਭਰਿਸ਼ਟਾਚਾਰ ਤਾਂ ਸਾਰੇ ਦੇਸ਼ਾਂ ਵਿਚ ਹੀ ਹੈ ਪਰ ਅਸੀਂ ਕੁਝ ਵਧੇਰੇ ਬਦਨਾਮ ਹੋ ਗਏ ਹਾਂ। ਇਕ ਹੋਰ ਗਲ ਉਨਾਂ ਸਪਸ਼ਟ ਕੀਤਿ ਪ੍ਰਵਾਸੀ ਭਾਰਤੀਆਂ ਦੀ ਦੂਹਰੀ ਨਾਗਰਿਕਤਾ ਬਾਰੇ ਕਿ ਨੇਤਾ ਲੋਕ ਤੁਹਾਡੇ ਨਾਲ ਝੂਠੇ ਵਾਅਦੇ ਕਰ ਜਾਂਦੇ ਹਨ ਇਹ ਕਿਸੇ ਵੀ ਸਰਕਾਰ ਨੇ ਨਹੀਂ ਮੰਨਣੀ ਕਿਉਂਕਿ ਇਸ ਨਾਲ ਭਾਰਤ ਦੀ ਸੁਰੱਖਿਆ ਜੁੜੀ ਹੋਈ ਹੈ। ਉਨ੍ਹਾਂ ਕਿਹਾ ਕਿ ਜਦੋਂ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਬਣੀ ਤਾਂ ਐਨ.ਆਰ.ਆਈ. ਲਈ ਇਕ ਵਖਰਾ ਮਹਿਕਮਾ ਸਥਾਪਤ ਕਰ ਦਿਤਾ ਜਾਏਗਾ ਜੋ ਇਕ ਵਜੀਰ ਦੇ ਅਧੀਨ ਹੋਏਗਾ। ਉਨਾਂ ਪ੍ਰਵਾਸੀ ਭਾਰਤੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਭਾਰਤੀ ਸਭਿਆਚਾਰ ਅਤੇ ਪਿਛੋਕੜ ਉਤੇ ਗੌਰਵ ਕਰਨ।

ਸਮਾਗਮ ਵਿਚ ਵੈਨਕੋਵਰ ਵਿਚ ਭਾਰਤ ਦੇ ਕੌਂਸਲ ਜਨਰਲ ਸੀ.ਬੀ. ਜੈ ਸ਼ੰਕਰ ਨੇ ਵੀ ਭਾਸ਼ਨ ਦਿਤਾ। ਕੈਨੇਡੀਅਨ ਕਾਂਗਰਸ ਦੇ ਪ੍ਰਧਾਨ ਮਲਕੀਤ ਸਿੰਘ ਪ੍ਰਹਾਰ, ਬੀ.ਸੀ. ਕਾਂਗਰਸ ਦੇ ਪ੍ਰਧਾਨ ਸ੍ਰੀ ਮੋਹਨ ਸਿੰਘ ਵਰਿਆ ਅਤੇ ਸਕਤਰ ਸ਼ਰਨਜੀਤ ਗੁਰਾਂਇਆ ਤੋਂ ਇਲਾਵਾ ਬੀ.ਸੀ. ਦੇ ਰਾਜ ਮੰਤ੍ਰੀ ਕੇਵਿਨ ਫਾਲਕਨ, ਡਾ: ਗੁਲਜਾਰ ਚੀਮਾ ਰਾਜ ਮੰਤ੍ਰੀ, ਸੇਹਤ ਵਿਭਾਗ, ਦੇਵ ਹੇਅਰ ਲਿਬਰਲ ਐਮ.ਐਲ.ਏ., ਟੋਨੀ ਭੁਲਰ, ਸੁਖ ਧਾਲੀਵਾਲ, ਤਰਨਜੀਤ ਪੁਰੇਵਾਲ, ਲਖਬੀਰ ਸਿੰਘ ਤੱਖਰ, ਸਤਵੰਤ ਕੌਰ ਸੰਘਾ, ਚਰਨਪਾਲ ਗਿਲ, ਗੁਰਮੰਤ ਗਰੇਵਾਲ, ਸਾਬਕਾ ਪ੍ਰਾਈਮੀਅਰ ਉਜਲ ਦੁਸਾਂਝ ਨੇ ਵੀ ਪੰਜ ਕੁ ਸੌ ਦੀ ਹਾਜ਼ਰੀ ਵਾਲੇ ਆਜ਼ਾਦੀ ਦਿਵਸ ਦੇ ਜਸ਼ਨ ਮਨਾ ਰਹੇ ਸਮਾਗਮ ਨੂੰ ਸੰਬੋਧਨ ਕੀਤਾ। ਸਭਿਆਚਾਰਕ ਆਈਟਮਾਂ, ਗੀਤ, ਨਾਚ ਅਤੇ ਭੰਗੜਾ ਵੀ ਪਾਇਆ ਗਿਆ।

ਸਮਾਗਮ ਤੋਂ ਪ੍ਰਤਖ ਲਗਦਾ ਸੀ ਕਿ ਕੈਨੇਡਾ ਵਿਚ ਵੀ ਕਾਂਗਰਸ ਦੋ ਧੜਿਆਂ ਵਿਚ ਵੰਡੀ ਹੋਈ ਹੈ। ਕੁਝ ਦਿਨ ਪਹਿਲਾਂ ਗਦਰੀ ਬਾਬਿਆਂ ਦੇ ਮੇਲੇ ਉਤੇ ਬੀਬੀ ਭਠਲ ਆਈ ਸੀ ਉਸ ਦੇ ਸਨਮਾਨ ਵਿਚ ਲੰਚ ਦੂਜੇ ਗਰੁਪ ਨੇ ਦਿਤਾ।

ਅਕਾਲੀ ਦਲ ਬਾਦਲ ਦਾ ਯੂਥ ਵਿੰਗ ਵੀ ਵੰਡਿਆ ਗਿਆ। ਮੇਜਰ ਸਿੰਘ ਮੁਲਾਪੁਰੀ ਨੇ ਅਮਰਜੀਤ ਸਿੰਘ ਜੌਹਲ ਨੂੰ ਜਥੇਬੰਦੀ ਵਿਚੋਂ ਇਸਲਈ ਕਢ ਦਿਤਾ ਕਿ ਜੌਹਲ ਸਾਹਿਬ ਨੇ ਬੀਬੀ ਭਠਲ, ਦਾ ਸਨਮਾਨ ਕਿਉਂ ਕੀਤਾ। ਇਸਤਰ੍ਹਾਂ ਪੰਜਾਬ ਦੀ ਰਾਜਨੀਤੀ ਦੇ ਪ੍ਰਛਾਵੇਂ ਕੈਨੇਡਾ ਵਾਲੀਆਂ ਜਥੇਬੰਦੀਆਂ ਵਿਚ ਪ੍ਰਤਖ ਦਿਸਦੇ ਹਨ।







Some Highlights from the Independance Day Celebration held by the India Overseas Congress (I) Association of Canada

ਸਥਾਨਕ ਖਬਰਾਂ

ਐਸ.ਈ.2 ਵਿਰੋਧੀ ਮੀਟਿੰਗ ਵਿਚ ਹਾਜ਼ਰ ਹੋਏ

ਪਿਛਲੇ ਦਿਨੀਂ ਵਾਸ਼ਿੰਗਟਨ ਸਟੇਟ ਇਨਰਜੀ ਫਸਿਲਿਟੀ ਸਾਈਟ ਇਵੈਲੂਏਸ਼ਨ ਕਾਉਂਸਲ ਵਲੋਂ ਵਾਸ਼ਿੰਗਟਨ ਸਟੇਟ ਦੇ ਸ਼ਹਿਰ ਐਵਰਸਨ ਵਿਚ ਐਸ.ਈ.2. ਸਬੰਧੀ ਇਕ ਜਾਣਕਾਰੀ ਬੈਠਕ ਦਾ ਆਯੋਜਨ ਕੀਤਾ ਗਿਆ। ਉਸ ਵਿਚ ਐਸ.ਈ.2. ਦਾ ਵਿਰੋਧ ਕਰ ਰਹੇ ਚਿਲਾ-ਵੈਕ-ਕੈਂਟ ਦੇ ਐਮ.ਐਲ.ਏ. ਬੈਰੀ ਪੈਨਰ ਅਤੇ ਐਬਟਸਫੋਰਡ ਦੇ ਐਮ.ਐਲ.ਏ. ਜੋਨ-ਵੈਨ-ਡਾਂਜਨ ਹਾਜ਼ਰ ਹੋਏ। ਸਾਰੀਆਂ ਧਿਰਾਂ ਨੇ ਆਪਣੇ ਆਪਣੇ 'ਜਾਣਕਾਰੀ ਟੇਬਲ' ਲਾਏ ਹੋਏ ਸਨ। ਗੈਸਪ (ਜੈਨਰੇਸ਼ਨਜ਼ ਅਗੇਂਸਟ ਸੈਂਸਲੈਸ ਪਾਵਰ) ਨੇ ਵੀ 'ਸਾਂਝਾ ਏਅਰ ਸ਼ੈਡ, ਸਾਂਝਾ ਵਿਰੋਧ' ਲੋਗੋ ਵਾਲਾ ਝੰਡਾ ਲਾਇਆ ਹੋਇਆ ਸੀ। ਪੈਨਰ ਨੇ ਇਸ ਬਾਰੇ ਕਿਹਾ ਕਿ ਇਹ ਮਹੱਤਵਪੂਰਨ ਸੁਨੇਹਾ ਹੈ।

ਗੋਲੀਆਂ ਚਲੀਆਂ - ਆਦਮੀ ਜ਼ਖ਼ਮੀ

ਅਗਸਤ 17:ਪੁਲੀਸ ਨੇ ਪਿਛੇ ਜਿਹੇ ਗੋਲੀ ਚਲਾਉਣ ਵਾਲੇ ਸ਼ੱਕੀ ਬੰਦੇ ਦੀ ਪਛਾਣ ਕਰ ਲਈ ਹੈ ਅਤੇ ਇਸ ਦੇ ਘੋਖਵੀਂ ਪੜਤਾਲ ਹੋ ਰਹੀ ਹੈ। ਉਹ ਸ਼ੱਕੀ ਬੰਦਾ '6-1" ਲੰਮਾ ਭੂਰੇ ਵਾਲਾਂ ਅਤੇ ਬਿੱਲੀਆਂ ਅੱਖਾਂ ਵਾਲਾ ਖਤਰਨਾਕ ਗੋਰਾ ਜੇਸਨ ਮੈਕ-ਲਿਨਟਾਕ ਹੈ। ਜੇ ਕਿਸੇ ਨੂੰ ਉਸ ਦਾ ਪਤਾ ਲਗੇ ਤਾਂ ਉਹ ਪੁਲਸ ਨੂੰ ਇਤਲਾਹ ਦੇਣ ਦੀ ਕਿਰਪਾ ਕਰੇ।

ਮੂਰਖ ਨਾ ਬਣੋ

ਅਗਸਤ 14 ਇਕ ਆਦਮੀ ਮਸ਼ੀਨ ਤੋਂ ਪੈਸੇ ਲੈਕੇ ਜਦੋਂ ਬਾਹਰ ਨਿਕਲਿਆ ਤਾਂ ਉਸ ਕੋਲ ਇਕ ਅਣ-ਜਾਣ ਬੰਦਾ ਆਇਆ ਤੇ ਕਹਿਣ ਲੱਗ ਕਿ ਮੈਨੂੰ ਕਿਤੇ ਜਾਣ ਲਈ ਰਾਈਡ ਦੇਣ ਦੀ ਕਿਰਪਾ ਕਰੋ। ਉਹ ਉਸ ਅਣਜਾਣ ਬੰਦੇ ਨੂੰ ਚਾਰ ਪੰਜ ਥਾਵਾਂ ਤੇ ਲੈਕੇ ਗਿਆ ਅਤੇ ਇਸ ਦੌਰਾਨ ਉਹ ਉਸ ਕੋਲੋਂ ਇਕ ਵਾਰੀ $50 ਅਤੇ ਦੂਜੀ ਵਾਰੀ $100 ਮੰਗ ਕੇ ਲੈ ਗਿਆ। ਭਾਵੇਂ ਦੇਣ ਵਾਲੇ ਨੇ ਪੁਲਸ ਨੂੰ ਦੱਸਿਆ ਕਿ ਉਸ ਨਾਲ ਕੋਈ ਧੱਕਾ ਨਹੀਂ ਹੋਇਆ ਪਰ $170 ਦਾ ਚੂਨਾ ਤਾਂ ਉਸ ਨੂੰ ਲੱਗ ਹੀ ਗਿਆ। ਪੁਲਸ ਵਾਲਿਆਂ ਵਲੋਂ ਸਭ ਨੂੰ ਸਲਾਹ ਦਿਤੀ ਜਾਂਦੀ ਹੈ ਕਿ ਕਿਸੇ ਅਣਜਾਣ ਬੰਦੇ ਨੂੰ ਰਾਈਡ ਨਾ ਦੇਵੋ। ਅਜਿਹੀ ਰਾਈਡ ਤੁਹਾਡੇ ਲਈ ਖਤਰਨਾਕ ਹੋ ਸਕਦੀ ਹੈ।

ਮਿਸ਼ਨ ਦੇ ਮੇਅਰ ਦੀ ਖਾਲੀ ਹੋਈ ਥਾਂ ਦਾ ਮਸਲਾ

ਪਿਛਲੀ ਸੂਬਾਈ ਚੋਣਾਂ ਵਿਚ ਮਿਸ਼ਨ ਦੇ ਮੇਅਰ ਰੈਂਡੀ ਹਾਜ਼ ਐਮ.ਐਲ.ਏ. ਚੁਣੇ ਗਏ। ਇਸਦੇ ਫਲ ਸਰੂਪ ਉਨ੍ਹਾਂ ਨੇ ਆਪਣੇ ਪਦ ਤੋਂ ਅਸਤੀਫਾ ਦੇ ਦਿਤਾ। ਉਸ ਉਪਰੰਤ ਮੇਅਰ ਪਦ ਲਈ ਛੇ ਕਾਉਂਸਲਰਾਂ ਨੂੰ ਵਾਰੀ ਵਾਰੀ ਆਰਜ਼ੀ ਮੇਅਰ ਬਣਾ ਕੇ ਕੰਮ ਚਲਾਇਆ ਗਿਆ ਕਿਉਂਕਿ ਪੱਕੇ ਮੇਅਰ ਦੀ ਚੋਣ 29 ਸਤੰਬਰ ਤੋਂ ਪਹਿਲਾਂ ਹੋਣੀ ਸੰਭਵ ਨਹੀਂ ਸੀ। ਨਾਲ ਹੀ ਕਾਉਂਸਲਰ ਏਬ ਨਿਊਫੈਲਡ ਨੇ ਮੇਅਰ ਦੀ ਚੋਣ ਲੜਨ ਲਈ ਆਪਣੇ ਪਦ ਤੋਂ ਅਸਤੀਫਾ ਦੇ ਦਿਤਾ ਹੈ ਜਿਸ ਨਾਲ ਕਈ ਸੰਸਥਾਵਾਂ ਵਿਚ ਉਨ੍ਹਾਂ ਦੀ ਗੈਰ ਹਾਜ਼ਰੀ ਨਾਲ ਵੀ ਕਈ ਮੁਸ਼ਕਲਾਂ ਆ ਰਹੀ ਹਨ। ਇਸ ਤਰ੍ਹਾਂ ਮਿਸ਼ਨ ਕਾਉਂਸਲ ਦਾ ਕੰਮ ਲੜਖੜਾ ਕੇ ਹੀ ਚਲ ਰਿਹਾ ਹੈ।

ਸਿਖਿਆ ਜ਼ਰੂਰੀ ਸੇਵਾ ਬਣਾਈ ਗਈ

ਬੀ.ਸੀ. ਦੀ ਲਿਬਰਲ ਸਰਕਾਰ ਨੇ ਆਪਣੇ ਚੋਣ ਵਾਅਦਿਆਂ ਨੂੰ ਪੂਰਾ ਕਰਨ ਲਈ ਸਿਖਿਆ ਨੂੰ ਜ਼ਰੂਰੀ ਸੇਵਾ ਬਨਾਉਣਾ ਦਾ ਕਾਨੂੰਨ ਪਾਸ ਕਰ ਦਿਤਾ ਹੈ। ਬੀ.ਸੀ. ਲਿਬਰਲ ਦੀ ਭਾਰੀ ਬਹੁਗਿਣਤੀ ਕੋਈ ਵੀ ਕਾਨੂੰਨ ਪਾਸ ਕਰਨ ਦੇ ਸਮੱਥ ਹੈ। ਪਰ ਸਿਖਿਆ ਸਬੰਧੀ ਇਸ ਕਾਨੂੰਨ ਬਾਰੇ ਸਰਕਾਰ ਦਾ ਕਹਿਣਾ ਹੈ ਕਿ ਇਹ ਕਾਨੂੰਨ ਮਾਪਿਆਂ ਦੀਆਂ ਭਾਵਨਾਵਾਂ ਅਨੁਸਾਰ ਹੈ। ਮਾਪੇ ਚਾਹੁੰਦੇ ਹਨ ਕਿ ਕਿਸੇ ਵੀ ਹਾਲਤ ਵਿਚ ਉਨ੍ਹਾਂ ਦੇ ਬੱਚਿਆਂ ਨੂੰ ਅਧਿਆਪਕਾਂ ਦੀਆਂ ਸੇਵਾਵਾਂ ਉਪਲਬਧ ਹੋਣੀਆਂ ਚਾਹੀਦੀਆਂ ਹਨ। ਇਸ ਕਾਨੂੰਨ ਅਧੀਨ ਅਧਿਆਪਕਾਂ ਵਲੋਂ ਕੀਤੀ ਹੜਤਾਲ ਗੈਰ ਕਾਨੂੰਨੀ ਹੋਵੇਗੀ। ਹੜਤਾਲ ਸਮੇਂ ਪਿਕਿੱਟਿੰਗ ਨਹੀਂ ਹੋ ਸਕੇਗੀ।

ਅਧਿਆਪਕਾਂ ਦੀ ਐਸੋਸੀਏਸ਼ਨ ਨੇ ਇਸ ਨੂੰ ਦੂਹਰਾ ਮਾਪਦੰਡ ਆਖਿਆ ਹੈ ਕਿਉਂਕਿ ਟ੍ਰਾਂਜ਼ਿਟ/ਬੱਸ ਸੇਵਾ ਨੂੰ ਜ਼ਰੂਰੀ ਸੇਵਾ ਨਹੀਂ ਬਣਾਇਆ ਗਿਆ ਪਰ ਸਿਖਿਆ ਨੂੰ ਜ਼ਰੂਰੀ ਸੇਵਾ ਬਣਾ ਦਿਤਾ ਗਿਆ ਹੈ। ਹੁਣ ਜਦੋਂ ਵੀ ਕੋਈ ਵਿਵਾਦ ਪੈਦਾ ਹੋ ਜਾਵੇ ਅਤੇ ਸਿਖਿਆ ਦੇ ਕੰਮ ਨੂੰ ਖਤਰਾ ਹੋਵੇ ਤਾਂ ਮਿਨਿਸਟਰ ਔਰ ਸਕਿੱਲਜ਼ ਐਂਡ ਲੇਬਰ, ਲੇਬਰ ਰਿਲੇਸ਼ਨਜ਼ ਬੋਰਡ ਸਿਖਿਆ ਨੂੰ ਜ਼ਰੂਰੀ ਸੇਵਾ ਕਰਾਰ ਦੇਣ ਦਾ ਆਦੇਸ਼ ਦੇ ਸਕਦੀ ਹੈ।

ਮੱਛੀ ਮਹਿਕਮੇ ਵਲੋਂ ਪੜਤਾਲ ਜਾਰੀ

ਡੋਜ਼ ਰੋਜ਼ ਤੇ ਸਥਿਤ ਇਕ ਪ੍ਰਾਪਰਟੀ ਵਿਚੋਂ ਦੀ ਪਾਣੀ ਦਾ ਨਾਲਾ ਲੰਘਦਾ ਹੈ। ਉਸ ਦੇ ਮਾਲਕ ਮਿ:ਰਿਚਰਡਸਨ ਨੇ ਉਸ ਤੇ ਪੁਲੀ ਜਿਹੀ ਬਣਾਕੇ ਪਾਣੀ ਦਾ ਵਹਾ ਜਾਰੀ ਰੱਖਿਆ ਪਰ ਕੁਝ ਥਾਂ ਮਿੱਟੀ ਨਾਲ ਪੂਰ ਦਿਤੀ। ਮੱਛੀ ਮਹਿਕਮੇ ਵਾਲੇ ਇਸ ਗਲ ਦੀ ਪੜਤਾਲ ਕਰ ਰਹੇ ਹਨ ਕਿ ਇਹ ਕਿਉਂ ਕੀਤਾ ਗ੍ਰਿਆ। ਫਿਸ਼ਰੀ ਐਕਟ ਅਧੀਨ ਇਉਂ ਕਰਨ ਲਈ ਪ੍ਰਾਪਰਟੀ ਦੇ ਮਾਲਕ ਨੂੰ ਮੱਛੀ ਮਹਿਕਮੇ ਤੋਂ ਆਗਿਆ ਲੈਣੀ ਪੈਂਦੀ ਹੈ, ਨਹੀਂ ਤਾਂ ਮਾਲਕ ਨੂੰ ਭਾਰੀ ਜੁਰਮਾਨਾ ਹੋ ਸਕਦਾ ਹੈ। ਮਾਲਕ ਇਸ ਪ੍ਰਾਪਰਟੀ ਦੀ ਸਿਟੀ ਤੋਂ ਰੀ-ਜ਼ੋਨਿੰਗ ਕਰਵਾਉਣਾ ਚਾਹੁੰਦਾ ਹੈ ਅਤੇ ਉਸ ਨੇ ਇਸ ਮੰਤਵ ਲਈ ਅਰਜ਼ੀ ਵੀ ਦਿਤੀ ਹੋਈ ਹੈ। ਉਹ ਪੜਤਾਲ ਤੋਂ ਇੰਨਾ ਔਖਾ ਹੈ ਕਿ ਉਸ ਦਾ ਕਹਿਣਾ ਹੈ ਕਿ ਇਥੇ ਤਾਂ ਤੁਹਾਨੂੰ ਸਾਹ ਲੈਣ ਲਈ ਵੀ ਆਗਿਆ ਲੈਣੀ ਪੈਂਦੀ ਹੈ। ਪਰ ਮੱਛੀ ਮਹਿਕਮਾ ਆਪਣੇ ਕਾਨੂੰਨਾਂ ਦੀ ਪਾਲਣਾ ਨੂੰ ਮਹੱਤਵਪੂਰਨ ਅਤੇ ਜ਼ਰੂਰੀ ਸਮਝਦਾ ਹੈ ਤਾਂ ਜੋ ਮੱਛੀਆਂ ਦੀ ਸੁਰੱਖਿਆ ਕੀਤੀ ਜਾ ਸਕੇ।

ਫਰੇਜ਼ਰ ਵੈਲੀ ਵਿਚ ਹਵਾ ਦੀ ਸੁਅੱਛਤਾ ਦਾ ਅਧਿਐਨ

ਅੱਜ ਕਲ ਪੈਸਿਫਿਕ 2001 ਏਅਰ ਕੁਆਲਿਟੀ ਸਟੱਡੀ ਕੀਤੀ ਜਾ ਰਹੀ ਹੈ ਜੋ ਵਾਤਾਵਰਨ ਕੈਨੇਡਾ, ਜੀ.ਆਰ.ਵੀ.ਡੀ., ਕੈਨੇਡਾ ਦੀ 14 ਯੂਨੀਵਰਸਿਟੀਆਂ, ਅਮ੍ਰੀਕਾ, ਯੂ.ਕੇ. ਅਤੇ ਨਾਸਾ ਦਾ ਸਾਂਝਾ ਉਪਰਾਲਾ ਹੈ। ਹਵਾ ਦੇ ਮਾਹਰਾਂ ਦਾ ਕਹਿਣਾ ਹੈ ਕਿ ਸੂਰਜ ਦੀ ਰੌਸ਼ਨੀ ਅਤੇ ਓਜ਼ੋਨ ਦੇ ਆਪਣੀ ਪ੍ਰਤੀਕ੍ਰਮ ਨਾਲ ਹਵਾ ਦੀ ਕੁਆਲਿਟੀ ਮੰਦੇਰੀ ਹੋ ਜਾਂਦੀ ਹੈ ਪਰ ਨਾਲ ਹੀ ਸੂਰਜ ਦੀ ਰੌਸ਼ਨੀ ਅਰਥਾਤ ਵੱਧ ਗਰਮੀ ਨਾਲ ਲੋਕਾਂ ਦੀ ਆਵਾਜਾਈ ਘੱਟ ਹੋ ਜਾਣ ਕਰਕੇ ਵੀਹਕਲਾਂ ਦਾ ਪ੍ਰਦੂਸ਼ਨ ਘਟ ਜਾਂਦਾ ਹੈ। ਠੰਡਕ, ਜ਼ਰਾ ਤੇਜ਼ ਹਵਾ ਅਤੇ ਬੱਦਲਵਾਈ ਨਾਲ ਹਵਾ ਦੀ ਕੁਆਲਿਟੀ ਚੰਗੇਰੀ ਹੋ ਜਾਂਦੀ ਹੈ। ਉਪਰੋਕਤ ਸਾਂਝੇ ਕੰਮ ਨਾਲ 130 ਵਿਗਿਆਨੀ ਅਤੇ ਤਕਨੀਸ਼ੀਅਨ ਜੁੜੇ ਹੋਏ ਹਨ। ਖੋਜੀ ਇਹ ਲੱਭਣ ਦਾ ਯਤਨ ਕਰ ਰਹੇ ਹਨ ਕਿ ਕਿਹੜੀਆਂ ਚੀਜ਼ਾਂ ਨਾਲ ਗਹਿਰ ਜਾਂ ਗੁਬਾਰ ਪੈਦਾ ਹੁੰਦਾ ਹੈ ਅਤੇ ਉਨ੍ਹਾਂ ਨਾਲ ਹਵਾ ਦੀ ਕੁਆਲਿਟੀ ਮਾੜੀ ਹੋ ਜਾਂਦੀ ਹੈ। ਉਨ੍ਹਾਂ ਪ੍ਰਦੂਸ਼ਕਾਂ ਨੂੰ ਕਿਵੇਂ ਘਟਾਇਆ ਜਾਵੇ। ਜਿਥੋਂ ਤਕ ਸਥਾਨਕ ਹਵਾ ਦਾ ਸਬੰਧ ਹੈ, ਪਿਛਲੇ ਜਿਹੇ ਫਰੇਜ਼ਰ ਵੈਲੀ ਦੀ ਹਵਾ ਦੀ ਕੁਆਲਿਟੀ ਮਾੜੀ ਹੋ ਗਈ ਸੀ। ਦਮੇ ਵਾਲਿਆਂ ਤਾਂ ਦਮ ਘੁਟਣ ਵੀ ਅਨੁਭਵ ਹੋਣ ਲੱਗੀ ਸੀ, ਪਰ ਇਸ ਸਮੇਂ ਹਵਾ ਠੀਕ ਹੋ ਗਈ ਹੈ।

ਫਾਰਮਾਂ ਦੀਆਂ ਪਟਾਕੇ-ਪਾਊ ਗੰਨਾਂ ਦੀ ਸਮੱਸਿਆ

ਪਿਛਲੇ ਦਿਨੀਂ ਸਿਟੀ ਕਾਉਂਸਲ ਦੀ ਮੀਟਿੰਗ ਵਿਚ ਬਲਿਊ ਬੇਰੀ ਫਾਰਮਰ ਰੋਜਰ ਕਲੈਪ ਹੈਮ ਨੇ ਕਾਉਂਸਲ ਨੂੰ ਦਸਿਆ ਕੀ ਪ੍ਰੋਪੇਨ ਦੀਆਂ ਗੰਨਾਂ ਜੋ ਬਲਿਊ ਬੇਰੀ ਦੀ ਫਸਲ ਨੂੰ ਪੰਛੀਆਂ ਤੋਂ ਬਚਾਉਣ ਲਈ ਵਰਤੀਆਂ ਜਾਂਦੀਆਂ ਹਨ, ਇੰਨੀਆਂ ਚੀਕਵੀਆਂ ਅਤੇ ਕੰਨ-ਪਾੜਵੀਆਂ ਹੁੰਦੀਆਂ ਹਨ ਕਿ ਅਸੀਂ ਤੰਗ ਆ ਜਾਂਦੇ ਹਨ। ਮੇਅਰ ਫਰਗੂਸਨ ਨੇ ਦਸਿਆ ਕਿ ਫਾਰਮਰਾਂ ਤੋਂ ਪਤਾ ਲਗਾ ਹੈ ਕਿ ਗੰਨਾਂ ਨਾਲ ਪੰਛੀ ਉਡਦੇ ਵੀ ਨਹੀਂ। ਜੇ ਉਡਦੇ ਵੀ ਹਨ, ਤਾਂ ਝੱਟ ਵਾਪਸ ਆ ਜਾਂਦੇ ਹਨ। ਕੁਝ ਫਾਰਮਰ ਸਾਰੀ ਫਸਲ ਉਪਰ ਜਾਲ ਪਾਕੇ ਤੀਲੀਅਰਾਂ, ਚਿੜੀਆਂ ਆਦਿ ਤੋਂ ਫਸਲ ਬਚਾ ਲੈਂਦੇ ਹਨ ਪਰ ਜਾਲ ਪਾਉਣਾ ਬਹੁਤ ਹੀ ਮਹਿੰਗਾ ਪੈਂਦਾ ਹੈ, ਅਜ ਕਲ ਮਿਨਿਸਟਰੀ ਔਫ ਐਗਰੀਕਲਚਰ, ਗੰਨਾਂ ਦੇ ਬਦਲਵੇਂ ਢੰਗ ਤੇ ਭਰਪੂਰ ਵਿਚਾਰ ਕਰ ਰਹੀ ਹੈ ਤਾਂ ਜੋ ਅਗਲੇ ਸਾਲ ਦੀ ਫਸਲ ਤੋਂ ਕਾਫੀ ਪਹਿਲਾਂ ਫਾਰਮਰਾਂ ਨੂੰ ਕੋਈ ਹੋਰ ਤਰੀਕਾ ਦਸਿਆ ਜਾ ਸਕੇ। ਇਹ ਸਮੱਸਿਆ ਬਹੁਤ ਵੱਡੀ ਹੈ ਅਤੇ ਇਸ ਨੂੰ ਹਲ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

ਡਾਕਖਾਨੇ ਵਿਚ ਲੁੱਟ-ਖੋਹ ਦੀ ਵਾਰਦਾਤ

ਸਾਉਥ ਫਰੇਜ਼ਰ ਵੇਅ ਤੇ ਸਥਿਤ ਕੈਨੇਡਾ ਪੋਸਟ ਆਫਿਸ ਵਿਚ ਦੋ ਸ਼ੱਕੀ ਗੋਰੇ ਗਭਰੂ ਵੜੇ। ਆਉਂਦਿਆਂ ਹੀ ਉਨ੍ਹਾਂ ਨੇ ਤਿੰਨ ਇਸਤ੍ਰੀ ਸੱਟਾਫ ਮੈਂਬਰਾਂ ਅਤੇ ਛੇ ਗਾਹਕਾਂ ਨੂੰ ਇਕ ਕਮਰੇ ਵਿਚ ਬੰਦ ਕਰ ਦਿਤਾ। ਆਪ ਮੌਜ ਨਾਲ ਨਕਦੀ ਆਦਿ ਲੈ ਕੇ ਪਿਛਲੇ ਦਰਵਾਜ਼ੇ ਵਿਚੋਂ ਦੀ ਤਿੱਤਰ ਹੋ ਗਏ। ਬੰਦ ਹੋਏ ਵਿਅਕਤੀਆਂ ਵਿੱਚੋਂ ਇੱਕ ਨੇ ਕਿਸੇ ਨਾ ਕਿਸੇ ਤਰ੍ਹਾਂ ਬੰਦੀ-ਮੁਕਤ ਹੋਕੇ ਪੁਲਸ ਨੂੰ ਫੋਨ ਕੀਤਾ। ਅਜੇ ਤਕ ਉਨ੍ਹਾਂ ਦਾ ਕੋਈ ਥਹੁ-ਪਤਾ ਨਹੀਂ ਲਗਿਆ।

ਬੱਚਿਆਂ ਦੇ ਜੁਰਮਾਂ ਲਈ ਮਾਪਿਆਂ ਨੂੰ ਅਦਾਇਗੀ ਕਰਨੀ ਪਵੇਗੀ

ਬੀ.ਸੀ. ਲਿਬਰਲ ਸਰਕਾਰ ਆਪਣੀ ਭਾਰੀ ਬਹੁ ਗਿਣਤੀ ਦੇ ਬਲਬੋਤੇ ਧੜਾ ਧੜ ਨਵੇਂ ਕਾਨੂੰਨ ਬਣਾ ਰਹੀ ਹੈ। ਸਾਲਿਸਟਰ ਜੈਨਰਲ ਰਿਚਕੋਲਮੈਨ ਅਨੁਸਾਰ ਸਰਕਾਰ ਇਕ ਨਵਾਂ ਕਾਨੂੰਨ ਪੇਸ਼ ਕਰ ਰਹੀ ਹੈ ਜਿਸ ਅਧੀਨ ਜੇ ਕੋਈ ਨਾ-ਬਾਲਗ ਬੱਚਾ ਕੋਈ ਅਪਰਾਧ ਕਰਦਾ ਹੈ ਤਾਂ ਮਾਪਿਆਂ ਨੂੰ ਵੱਧ ਤੋਂ ਵੱਧ $10,000 ਤਕ ਦੇ ਕਲੇਮਾਂ ਲਈ ਸਮਾਲ ਕਲੇਮ ਕੋਰਟ ਵਿਚ, ਅਦਾਇਗੀ ਕਰਨੀ ਪਵੇਗੀ। ਇਸ ਸਬੰਧੀ ਐਬਟਸਫੋਰਡ ਪੁਲੀਸ ਡਿਪਟੀ ਚੀਫ ਪਾਲ ਟਿੰਜ਼ਲੇ ਦਾ ਕਹਿਣਾ ਹੈ ਕਿ ਇਹ ਕਾਨੂੰਨ ਬੱਚਿਆਂ ਅਤੇ ਮਾਪਿਆਂ ਨੂੰ ਵਧੇਰੇ ਜ਼ੁਮੇਵਾਰ ਬਣਾਵੇਗਾ ਪਰ ਬਹੁਤ ਸਾਰੇ ਗਰੀਬ ਮਾਪਿਆਂ ਲਈ ਆਪਣੇ ਵਿਗੜੇ ਹੋਏ ਬੱਚਿਆਂ ਦੇ ਅਪਰਾਧਾਂ ਲਈ ਜੁਰਮਾਨਾ ਭਰਨਾ ਔਖਾ ਹੋਵੇਗਾ। ਇਸ ਕਾਨੂੰਨ ਅਧੀਨ ਜਿਹੜੇ ਬੱਚੇ ਸਰਕਾਰੀ ਸੰਭਾਲ ਵਿਚ ਹਨ, ਉਨਾਂ ਦੇ ਅਪਰਾਧਾਂ ਲਈ ਸਰਕਾਰ ਨੇ ਆਪਣੇ ਆਪ ਨੂੰ ਮੁਕਤ ਰੱਖਿਆ ਹੈ। ਇਹ ਗਲ ਦੋਗਲੇ ਮਾਪ-ਦੰਡ ਦੀ ਲਖਾਇਕ ਹੈ।

ਰਾਸ ਰੋਡ ਤੇ ਚੱਲੀ ਗੋਲੀ ਦੀ ਪੜਤਾਲ ਜਾਰੀ

ਕੁਝ ਦਿਨ ਪਹਿਲਾਂ ਰਾਸ ਰੋਡ ਤੇ ਅੱਧੀ ਰਾਤ ਜਦੋਂ ਅੱਠ ਜਾਣੇ, (ਵੱਡੇ ਛੋਟੇ) ਘਰ ਵਿਚ ਸੌਂ ਰਹੇ ਸਨ ਤਾਂ ਕੁਝ ਵਿਅਕਤੀ ਘਰ ਅੰਦਰ ਵੜੇ ਅਤੇ ਉਨਾਂ ਨੇ ਅੰਦਰਲਿਆਂ ਨੂੰ ਵੱਖਰੇ ਕਮਰਿਆਂ ਵਿਚ ਬੰਦ ਕਰ ਦਿੱਤਾ। ਇਕ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿਤਾ ਗਿਆ। ਦਸਿਆ ਜਾਂਦਾ ਹੈ ਕਿ ਕੋਈ ਗੁਆਂਢਣ ਉਸ ਨੂੰ ਹਸਪਤਾਲ ਲੈ ਕੇ ਗਈ ਜਿਥੋਂ ਉਸ ਨੂੰ ਵੈਨਕੂਵਰ ਪਹੁੰਚਾਇਆ ਗਿਆ। ਉਸ ਦੀ ਹਾਲਤ ਗੰਭੀਰ ਅਤੇ ਚਿੰਤਾ ਜਨਕ ਦਸੀ ਜਾਂਦੀ ਹੈ। ਕਾਂਸਟੇਬਲ ਸ਼ਿੰਦਰ ਕਰਕ ਦਾ ਕਹਿਣਾ ਹੈ ਕਿ ਸ਼ੱਕੀ ਬੰਦਿਆਂ ਦੀ ਪਛਾਣ ਅਜੇ ਤਕ ਨਹੀਂ ਹੋਈ ਅਤੇ ਨਾ ਹੀ ਪੜਤਾਲ ਕਰਤਾ ਇਸ ਸਬੰਧੀ ਬਹੁਤ ਕੁਝ ਦੱਸ ਰਹੇ ਹਨ। ਨਿਸਚਿਤ ਰੂਪ ਵਿਚ ਇਹ ਨਹੀਂ ਕਿਹਾ ਜਾ ਸਕਦਾ ਕਿ ਇਸ ਗੋਲੀ ਚਲਣ ਦਾ ਸਬੰਧ ਉਥੇ ਉਗਾਏ ਜਾ ਰਹੇ ਸੁੱਖੇ/ਭੰਗ ਨਾਲ ਹੈ ਜਾਂ ਨਹੀਂ।

Summer Goes by Fast Enough....Don't Speed Through it

From the desk of Doug Kinton: ICBC – Abbotsford Claim Centre Manager

This is the message of a public awareness campaign ICBC is conducting throughout the Fraser Valley this month in an effort to draw attention to the type of driving behaviour that is a leading cause of car crashes.

Last year nineteen people died on the roads and highways around Abbotsford. Tragically,

many of these deaths could have been prevented. The reason being that many of the motorists involved were speeding.

Abbotsford is just one of scores of communities across British Columbia that is affected by this needless loss of life. Across the province, the yearly carnage adds up to over four hundred people killed. This is the equivalent to the passenger carrying capacity of a Jumbo jet. As shocking as that statistic is to everyone who takes the time to think about it, the reality is that the same number of people will probably lose their lives in the same way this year. The number of fatalities we have experienced this year to date at my Claim Centre is already on a par with last year. Sooner or later we have to realize that the number of deaths that occur in vehicle crashes and the painful after effects felt in our communities is not one we have to accept as part of modern-day living.

This then begs the question as to how we stop this waste of life occurring?

Unlike other complex social issues facing our society at this present time, the answer is not difficult to come by. In fact, it is stunningly simple. If motorists would slow down and obey the posted speed limits the majority of these deaths would not happen. However, the issue we have to deal with is changing driver behaviour and that is a very complicated and challenging proposition. Having said that, I passionately believe it is one we should continue to strife to address.

Generally, most people drive above the posted speed limit because they don't realize the consequences. They don't recognize the risks involved. They feel they can handle the speed. If you asked them if they were safe at the speed they were driving — no matter how much over the posted speed limit they were — practically everyone would say "yes." Very few drivers deliberately drive

unsafely. Without even considering the legal aspects, speed limits are a guideline, And they are the best guideline all motorists have in determining what is safe in the varying conditions we drive in. If only we could all just remember that when we get behind the wheel!

ICBC RoadSense

ਗਰਮੀਆਂ ਜਲਦੀ ਨਿੱਕਲ ਜਾਂਦੀਆਂ ਹਨ...ਇਸ ਲਈ ਗਰਮੀਆਂ ਵਿਚ ਤੇਜ਼ੀ ਨਾਲ ਨਾ ਜਾਉ ਜੀ।

ਆਈ.ਸੀ.ਬੀ.ਸੀ. ਇਸ ਮਹੀਨੇ ਇਹ ਉਪਰ ਲਿਖਿਆ ਸੁਨੇਹਾ ਪਬਲਿਕ ਅਵੇਅਰਨਿੱਸ ਕੈਂਪੇਅਨ ਵਿਚ ਫਰੇਜ਼ਰ ਵੈਲੀ ਦੇ ਰਹਿਣ ਵਾਲਿਆ ਤੱਕ ਪਹੁੰਚਾ ਰਹੀ ਹੈ। ਇਹ ਕੋਸ਼ਿਸ਼ ਇਸ ਵਾਸਤੇ ਕੀਤੀ ਜਾ ਰਹੀ ਹੈ ਤਾਂ ਕਿ ਐਕਸੀਡੈਂਟ ਕਾਰਣ ਹੋ ਰਹੀਆਂ ਮੌਤਾਂ ਘੱਟ ਸਕਣ। ਔਰ ਆਪਾਂ ਗੱਡੀ ਚਲਾਉਣ ਵਾਲਿਆਂ ਵਿਚ ਕੁਝ ਵਰਤਾਉ ਲਿਆ ਸਕੀਏ।

ਪਿਛਲੇ ਸਾਲ ਐਬਟਸਫੋਰਡ ਦੀਆਂ ਸੜਕਾਂ ਤੇ 19 ਬੰਦਿਆਂ ਦੀ ਮੌਤ ਹੋਈ। ਅਫਸੋਸ ਇਸ ਗਲਾ ਦਾ ਹੈ ਕਿ ਇਹਨਾਂ ਮੌਤਾਂ ਵਿਚੋਂ ਬਹੁਤ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਕਿਉਂਕਿ ਇਹਨਾਂ ਮੌਤਾਂ ਦਾ ਕਾਰਣ ਜਿਆਦਾ ਗੱਡੀ ਤੇਜ਼ ਚਲਾ ਰਹੇ ਡਰਾਈਵਰ ਸਨ।

ਐਬਟਸਫੋਰਡ ਬਹੁਤ ਸਾਰੀਆਂ ਬੀ.ਸੀ. ਦੀਆਂ ਸ਼ਹਿਰਾਂ ਵਿਚੋ ਇੱਕ ਸ਼ਹਿਰ ਹੋ ਜਿਥੇ ਬਿਨਾਂ ਵਜਹ ਮੌਤਾਂ ਹੁੰਦੀਆਂ ਹਨ। ਸਾਰੀ ਬੀ.ਸੀ. ਵਿਚ ਜਦੋਂ ਐਕਸੀਡੈਂਟ ਕਾਰਣ ਮੌਤਾਂ ਵੇਖਦੇ ਹਾਂ ਤਾਂ ਚਾਰ ਸੌ ਤੋਂ ਜਿਆਦਾ ਗਿਣਤੀ ਹੈ। ਇਹ ਨੰਬਰ ਇਕ ਵੱਡੇ ਪਲੇਨ ਵਿਚ ਬੈਠੇ ਬੰਦਿਆਂ ਦੀ ਗਿਣਤੀ ਦੇ ਬਰਾਬਰ ਆ ਜਾਂਦਾ ਹੈ। ਉਸ ਹਰ ਇੱਕ ਇਨਸਾਨ ਨੂੰ ਹੈਰਾਨੀ ਹੁੰਦੀ ਹੈ ਜੋ ਇਹਦੇ ਬਾਰੇ ਥੋੜਾ ਸੋਚਦਾ ਹੈ ਲੇਕਿਨ ਹਕੀਕਤ ਇਹ ਹੈ ਕਿ ਇਸ ਬਾਰ ਵੀ ਇਸ ਗਲ ਵਿਚ ਇਤਨੇ ਹੀ ਇਨਸਾਨਾਂ ਦੀ ਮੌਤ ਹੋਵੇਗੀ। ਮੇਰੇ ਕਲੇਮ ਸੈਂਟਰ ਵਿਚ ਅੱਜ ਤੱਕ ਜੋ ਮੌਤਾਂ ਦੀ ਕਲੇਮਜ਼ ਆਈਆਂ ਹਨ ਉਹ ਪਿਛਲੇ ਸਾਲ ਦੇ ਨੰਬਰਾਂ ਚੇ ਬਰਾਬਰ ਹੀ ਹੰਨ। ਕਦੇ ਨਾ ਕਦੇ ਤਾਂ ਆਪਾਂ ਨੂੰ ਇਹ ਮਹਿਸੂਸ ਕਰਨਾ ਹੀ ਹੈ ਕਿ ਕਾਰਾਂ ਦੇ ਐਕਸੀਡੈਂਟ ਵਜੋਂ ਮੌਤ ਔਰ ਉਸ ਮੌਤ ਨਾਲ ਜੁੜਿਆ ਹੋਇਆ ਦੁਖ ਜੋ ਪ੍ਰੀਵਾਰ ਅਤੇ ਕਮਿਉਨਿਟੀ ਨੂੰ ਹੁੰਦਾ ਹੈ ਉਹ ਆਪਣੀ ਰੋਜ਼ਾਨਾ ਜਿੰਦਗੀ ਦਾ ਹਿੱਸਾ ਨਹੀਂ ਹੈ।

ਲੇਕਿਨ ਫਿਰ ਇਹ ਸਵਾਲ ਉਠਦਾ ਹੈ ਕਿ ਆਪਾਂ ਕਿਸ ਤਰ੍ਹਾਂ ਕਿਸੇ ਜਿੰਦਗੀ ਨੂੰ ਖ਼ਰਾਬ ਹੋਣ ਤੋਂ ਬਚਾ ਸਕਦੇ ਹਾਂ?

ਆਪਣੀ ਕਮਿਉਨਿਟੀ ਵਿਚ ਬਹੁਤ ਸਾਰੇ ਅਜਿਹੇ ਸਵਾਲ ਹਨ ਜਿੰਨਾਂ ਦਾ ਹੱਲ ਨਹੀਂ ਲੱਭਿਆ ਜਾਂ ਸਕਦਾ ਲੇਕਿਨ ਇਸ ਸਵਾਲ ਦਾ ਜਵਾਬ ਬਹੁਤ ਹੀ ਆਸਾਨ ਹੈ।

ਆਸਾਨ ਹੀ ਨਹੀਂ ਬਹੁਤ ਸਿੱਧਾ ਵੀ ਹੈ। ਅਗਰ ਗੱਡੀ ਹੌਲੀ ਅਤੇ ਜਿੰਨਾ ਸਪੀਡ ਲਿਮਿਟ ਲਿਖਿਆ ਹੈ, ਉਹਦੇ ਵਿਚ ਚਲਾਈ ਜਾਵੇ ਤਾਂ ਇਹ ਬਹੁਤ ਸਾਰੀਆਂ ਮੌਤਾਂ ਨਹੀਂ ਹੋਣਗੀਆਂ। ਲੇਕਿਨ ਫਿਰ ਵੀ ਸਾਨੂੰ ਜਿਸ ਗੱਲ ਤੇ ਥੋੜਾ ਕਠਿੰਨ ਕੰਮ ਕਰਣਾ ਪਵੇਗਾ ਉਹ ਹੈ ਡਰਾਈਵਰ ਦੀ ਸੋਚਣੀ ਅਤੇ ਇਹ ਬਹੁਤ ਉਲਝਾ ਹੋਇਆ ਕੰਮ ਹੈ। ਔਰ ਇਹ ਸਭ ਕਹਿਣ ਦੇ ਨਾਲ ਨਾਲ ਮੈਂ ਇਹ ਵੀ ਕਹਾਂਗਾ ਕਿ ਆਪਾਂ ਨੂੰ ਰੱਲ ਕੇ ਕੰਮ ਕਰਨਾ ਚਾਹੀਦਾ ਹੈ ਤਾਂ ਕਿ ਆਪਾਂ ਇਸ ਮੰਜਿਲ ਤਕ ਪਹੁੰਚ ਸਕੀਏ।

ਆਮ ਤੌਰ ਤੇ ਹਰ ਇਕ ਇਨਸਾਨ ਸਪੀਡ ਲਿਮਟ ਤੋਂ ਉਪਰ ਹੀ ਗੱਡੀ ਚਲਾਉਂਦਾ ਹੈ ਕਿਉਂਕਿ ਉਹਨਾਂ ਕਿਸੇ ਨੂੰ ਵੀ ਨਤੀਜੇ ਦਾ ਨਹੀਂ ਪਤਾ ਕਿ ਕੀ ਹੈ। ਉਹ ਖਤਰੇ ਦਾ ਅੰਦਾਜ਼ਾ ਨਹੀਂ ਲਗਾ ਸਕਦੇ, ਉਹਨਾਂ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਉਹ ਤੇਜ਼ ਸਪੀਡ ਤੇ ਵੀ ਗੱਡੀ ਕੰਨਟਰੋਲ ਵਿਚ ਰੱਖ ਸਕਦੇ ਹਨ। ਅਗਰ ਤੁਸੀਂ ਤੇਜ਼ ਜਾਂਦੇ ਡਰਾਈਵਰ ਨੂੰ ਪੁੱਛੋ ਕਿ ਕੀ ਉਹ ਗੱਡੀ ਸੁਰਖਿਅਤ ਸਪੀਡ ਤੇ ਚਲਾ ਰਹੇ ਹਨ ਤਾਂ ਉਹਨਾਂ ਦਾ ਜਵਾਬ ਹਮੇਸ਼ਾ ਹੀ "ਹਾਂ" ਵਿਚ ਹੋਵੇਗਾ। ਬਹੁਤ ਘੱਟ ਡਰਾਈਵਰ ਜਾਣ ਬੁੱਝ ਕੇ ਗੱਡੀ ਤੇਜ਼ ਨਹੀਂ ਚਲਾਉਂਦੇ। ਅਗਰ ਤੁਸੀਂ ਕਾਨੂੰਨੀ ਤੌਰ ਤੇ ਤੇਜ ਗੱਡੀ ਚਲਾਉਣ ਬਾਰੇ ਨਾ ਵੀ ਸੋਚੋ ਫਿਰ ਵੀ ਸਪੀਡ ਲਿਮਟ ਦੇ ਵਿਚ ਹੀ ਗੱਡੀ ਚਲਾਓ। ਸਪੀਡ ਲਿਮਟ ਹੀ ਗਾਈਡ ਲਾਈਨ ਹਨ ਇਹ ਫੈਸਲਾ ਕਰਨ ਦੇ ਕਿ ਕੀ ਸੁਰਖਿਅਤ ਹੈ ਹਾਲਾਤ ਮੁਤਾਬਿਕ ਗੱਡੀ ਚਲਾਉਣ ਲਈ। ਔਰ ਹੁਣ ਅਗਰ ਸਿਰਫ਼ ਆਪਾਂ "ਯਾਦ" ਰੱਖੀਏ ਕਿ ਗੱਡੀ ਚਲਾਉਂਦੇ ਸਮੇ ਸਪੀਡ ਲਿਮਟ ਵਿਚ ਹੀ ਚਲਾਈਏ!

Fraser Valley Hindu Society Temple in Abbotsford Celebrated Krishana Janam Ashtami on Saturday August 11th, 2001 with Bhajan Singing. Dances performed by young girls and visits from various dignitaries from the Fraser Valley

ਜੋਕਾਂ

ਕਰਮ ਸਿੰਘ 'ਮਾਨ'



ਬਿਸ਼ਨ ਸਿੰਘ ਪਿਛਲੀ ਰਾਤ ਦਸ ਵਜੇ ਬੇਰੀ ਤੋੜ ਕੇ ਖੇਤੋਂ ਮੁੜਿਆ ਸੀ। ਉਹ ਨਹਾ ਧੋ ਕੇ ਰੋਟੀ ਖਾ ਕੇ ਮੁਸ਼ਕਲ ਨਾਲ ਗਿਆਰਾਂ ਵਜੇ ਦੇ ਲਗਭਗ ਹੀ ਸੁੱਤਾ ਹੋਵੇਗਾ। ਸਵੇਰ ਦੇ ਪੰਜ ਵਜੇ ਤੜਕੇ ਅਲਾਰਮ ਨਾਲ ਉਸ ਦੀ ਅੱਖ ਖੁਲ੍ਹ ਗਈ। ਪਿਛਲੇ ਦਿਨ ਦੇ ਥਕੇਵੇਂ ਤੇ ਅੱਧੀ ਰਾਤ ਬਾਦ ਖੜਕੀ ਟੈਲੀਫੂਨ ਦੀ ਘੰਟੀ ਕਾਰਨ ਉਸ ਨੂੰ ਗੂੜ੍ਹੀ ਨੀਂਦ ਨਹੀਂ ਪਈ ਸੀ। ਸਾਰੀ ਰਾਤ ਬੈਰੀ ਦੇ ਗੁੱਛਿਆਂ ਦੇ ਗੁੱਛੇ ਉਸ ਦੇ ਦਿਮਾਗ ਵਿਚ ਲਟਕਦੇ ਰਹੇ ਸਨ। ਅਲਾਰਮ ਸੁਣਦੇ ਹੀ ਉਸ ਨੇ ਉਠਣ ਦਾ ਯਤਨ ਤਾਂ ਕੀਤਾ, ਪਰ ਉਠ ਨਾ ਸਕਿਆ। ਨੰਦ ਕੌਰ ਨੇ ਉਸ ਨੂੰ ਅਵਾਜ਼ ਦਿੱਤੀ, "ਛੇਤੀ ਉਠੋ, ਬਾਥ ਰੂਮ ਹੋ ਆਓ , ਦਸ ਪੰਦਰਾਂ ਮਿੰਟ ਤੱਕ ਕਿੰਨੇ ਹੋਰ ਬਾਥ-ਰੂਮ ਜਾਣ ਵਾਲੇ ਹਨ, ਮੁੰਡਿਆਂ ਨੇ ਮਿਲ ਦੇ ਕੰਮ ਤੇ ਵੀ ਜਾਣਾ ਹੋਵੇਗਾ।" ਉਹ ਉਠਿਆ, ਬੁਰਸ਼ ਕੀਤਾ ਤੇ ਬਾਥ-ਰੂਮ ਵਿਚੋਂ ਸਾਰਾ ਕੰਮ ਨਿਬੇੜ ਕੇ ਗੋਡਿਆਂ ਤੇ ਹੱਥ ਧਰਦਾ, ਚਾਹ ਪੀਣ ਲਈ ਮੇਜ਼ ਤੇ ਆ ਗਿਆ। ਨੰਦ ਕੌਰ ਨੇ ਲਾਲ ਲਾਲ ਗੇਰੂ ਰੰਗੀ ਚਾਹ ਉਸ ਅੱਗੇ ਧਰ ਦਿੱਤੀ। ਉਸ ਕਿਹਾ, "ਲਿਆ ਇਸ ਦੇ ਨਾਲ ਇਕ ਕੈਂਡੀ ਵੀ ਦੇ ਦੇ। ਫਿਰ ਹੀ ਸੁਆਰ ਕੇ ਹੱਥ ਖੁਲੂਗਾ।" ਟਾਈਲਨਲ ਥਰੀ ਦੀ ਗੋਲੀ ਨੂੰ ਸਾਰੇ ਬੈਰੀ ਪਿੱਕਰ ਕੈਂਡੀ ਹੀ ਦੱਸਦੇ ਸਨ।

"ਹੁਣੇ ਕੀਆ ਕੈਂਡੀ ਨੂੰ, ਬਥੇਰਾ ਦਿਨ ਪਿਆ ਖਾਣ ਨੂੰ। ਦਹੀਂ ਨਾਲ ਇਕ ਪਰੌਂਠਾ ਲੈ ਲਾ। ਮੈਂ ਉਨਾ ਚਿਰ ਲੰਚ-ਕਿੱਟਾਂ ਵਿਚ ਲੰਚ ਪਾ ਲੈਂਨੀ ਆਂ।" ਨੰਦ ਕੌਰ ਨੇ ਕਿਹਾ।

"ਲੱਸੀ ਲਿਜਾਣੀ ਨਾ ਭੁੱਲ ਜੀਂ। ਲੂਣ ਖਾਸਾ ਸਾਰਾ ਪਾ ਲਈਂ। ਸਾਰਾ ਦਿਨ ਗਰਮੀ ਨਾਲ ਮੁੜ੍ਹਕੇ ਨਾਲ ਨੁੱਚੜ ਕੇ ਕਾਂਬਾ ਲੱਗ ਲੱਗ ਜਾਂਦਾ ਹੈ। ਜੇਕਰ ਲੂਣ ਪਾਇਆ ਹੋਵੇ ਤਾਂ ਸਰੀਰ ਠੀਕ ਰਹਿੰਦਾ ਹੈ।" ਬਿਸ਼ਨ ਸਿੰਘ ਨੇ ਤਾੜਨਾ ਕੀਤੀ ਤੇ ਆਪ ਉਂਘਲਾਂਦਾ ਮੀਂਹ ਵਾਲੇ ਕਪੜੇ ਚੁੱਕਣ ਲਈ ਥੱਲੇ ਬੇਸਮੈਂਟ ਵਿਚ ਉਤਰ ਗਿਆ। ਨੰਦ ਕੌਰ ਨੇ ਲੰਚ ਕਿੱਟਾਂ ਚੁੱਕੀਆਂ ਤੇ ਦੋਵੇਂ ਜਾਣੇ ਡਰਾਈਵੇ ਵਿਚ ਠੇਕੇਦਾਰ ਦੀ ਵੈਨ ਨੂੰ ਉਡੀਕਣ ਲੱਗੇ।

"ਚਿੜੀ ਚੂਕਦੀ ਨਾਲ ਜਾ ਤੁਰੇ ਪਾਂਧੀ, ਪਈਆਂ ਚਾਟੀਆਂ ਵਿਚ ਮਧਾਣੀਆਂ ਨੀਂ-"

ਬਿਸ਼ਨ ਸਿੰਘ ਨੇ ਹਰ ਰੋਜ਼ ਵਾਂਗ ਹੀਰ ਗੁਣਗੁਣਾਉਣੀ ਸ਼ੁਰੂ ਕਰ ਦਿੱਤੀ। ਪਰ ਅੱਜ ਉਸ ਦਾ ਚਿਹਰਾ ਉਦਾਸ ਸੀ। ਉਸ ਨੂੰ ਪਹਿਲੀ ਉਮਰ ਵਿਚ ਵੀ ਹੀਰ ਗਾਉਣ ਦਾ ਬੜਾ ਹੀ ਸ਼ੌਕ ਸੀ। ਉਸ ਦੀ ਲੰਮੀ ਤੇ ਉਚੀ ਮਿੱਠੀ ਹੇਕ ਸੁਣਨ ਲਈ ਲੋਕ ਤਰਸਦੇ ਰਹਿੰਦੇ ਸਨ। ਹੁਣ ਵੀ ਜਦ ਉਹ ਵਜਦ ਵਿਚ ਆਕੇ ਕਿਤੇ ਇਕ ਅੱਧਾ ਟੱਪਾ ਖੇਤ ਵਿਚ ਗਾ ਦਿੰਦਾ ਤਾਂ ਰੰਗ ਬੰਨ ਦਿੰਦਾ ਸੀ।

"ਚੱਲ ਖੇਤ, ਚਿੜੀਆਂ ਹੀ ਚਿੜੀਆਂ ਉਡਦੀਆਂ ਫਿਰਨਗੀਆਂ, ਪਰ ਧੌਣ ਚੁੱਕ ਕੇ ਉਨ੍ਹਾਂ ਵੱਲ ਉਪਰ ਵੇਖਣ ਦਾ ਸਮਾਂ ਕਿਸ ਕੋਲ ਹੈ। ਹੋਰ ਕੋਈ ਫਲੈਟ ਭਰਨ ਵਿਚ ਹੀ ਲੱਗਿਆ ਰਹੂਗਾ। ਨਾਲੇ ਜਿਹੜੀਆਂ ਵਿਚਾਰੀਆਂ ਜਾਲ ਵਿਚ ਫਸ ਜਾਂਦੀਆਂ ਨੇ ਉਹ ਕਿਵੇਂ ਦਮ ਤੋੜਦੀਆਂ ਨੇ। ਚੱਲ ਉਨ੍ਹਾਂ ਚਿੜੀਆਂ ਦਾ ਤਾਂ ਛੱਡ। ਕੀ ਹਾਲ ਹੁੰਦਾ ਹੈ ਆਪਣੀਆਂ ਨਵੀਆਂ ਕੁੜੀਆਂ ਚਿੜੀਆਂ ਦਾ, ਜੋ ਪਹਿਲੇ ਸਾਲ ਹੀ ਆ ਕੇ ਫਸੀਆਂ ਹੁੰਦੀਆਂ ਸਨ। ਘਰੇ ਵਿਚਾਰੀਆਂ ਤੇ ਕਪਾਹ ਵੀ ਨੀਂ ਚੁੰਗੀ ਹੁੰਦੀ, ਪਰ ਇਥੇ ਤਾਂ ਬੁਰਾ ਹਾਲ ਹੋ ਜਾਂਦਾ ਹੈ। ਕਿਵੇਂ ਬੁੱਕਲ ਵਿਚ ਸਿਰ ਦੇ ਕੇ ਰੋਂਦੀਆਂ ਹਨ। ਮੈਨੂੰ ਤਾਂ ਬਹੁਤ ਹੀ ਤਰਸ ਆਉਂਦਾ ਹੈ ਵਿਚਾਰੀਆਂ ਤੇ।"

"ਕੋਈ ਗੱਲ ਨਹੀਂ, ਆਪੇ ਆਦਤ ਪੈ ਜਾਂਦੀ ਐ, ਕੰਮ ਕਰਨ ਦੀ। ਨਾਲੇ ਸਿਆਣੇ ਕਹਿੰਦੇ ਨੇ ਕਿ ਉਖਲੀ ਵਿਚ ਸਿਰ ਦਿੱਤਾ ਮੋਹਲਿਆਂ ਦਾ ਕੀ ਡਰ। ਪਰ ਹਾਂ ਸੱਚ...." ਬਿਸ਼ਨ ਸਿੰਘ ਨੇ ਕਿਹਾ।

ਨੰਦ ਕੌਰ ਤੇ ਉਪਰ ਅਕਾਸ਼ ਵੱਲ ਤੱਕਦੀ ਹੋਈ ਨੇ ਕਿਹਾ, "ਇਥੇ ਨਾ ਤਾਂ ਮੁਰਗੇ ਨੇ ਬਾਂਗ ਦੇਣੀ ਹੈ, ਨਾਹੀ ਤਾਰੇ ਦਿਸਦੇ ਹਨ, ਨਾ ਕੋਈ ਪੈਦਲ ਤੁਰਦਾ ਦਿਸਦਾ ਹੈ, ਨਾ ਦੋਧੀਆਂ ਦੇ ਖੜਕਦੇ ਢੋਲ ਹੀ ਸੁਣਾਈ ਦਿੰਦੇ ਹਨ। ਬੱਸ ਵੈਨਾਂ, ਕਾਰਾਂ ਭੱਜੀਆਂ ਹੀ ਫਿਰਦੀਆਂ ਹਨ। ਇਉਂ ਭੱਜੇ ਫਿਰਦੇ ਹਨ ਜਿਵੇਂ ਅੱਗ ਲੱਗੀ ਹੋਵੇ। ਬੱਸ ਮਸ਼ੀਨ ਦੇ ਨਾਲ ਮਸ਼ੀਨ ਹੋਏ ਭੱਜੇ ਫਿਰਦੇ ਹਨ। ਜਿਵੇਂ ਹਰ ਕੋਈ ਛੇਤੀ ਦੇਕੇ ਭੱਜਣ ਟੁੱਟਣ ਲਈ ਬਣਦਾ ਹੈ।"

"ਦੇਸ਼ ਤਾਂ ਚਾਹ ਪਾਣੀ, ਰੋਟੀ ਟੁੱਕ ਸਭ ਜੱਟ ਦੇ ਘਰ ਹੁੰਦਾ। ਕਾਮੇ ਪਰਿਵਾਰ ਦਾ ਅੰਗ ਸਮਝੇ ਜਾਂਦੇ, ਡੂੰਘੀ ਸਾਂਝ। ਇੱਥੇ ਤਾਂ ਕਹਿਣਗੇ ਕਿ ਪੀਣ ਵਾਲੇ ਪਾਣੀ ਦੇ ਗੈਲਨ ਵੀ ਘਰੋਂ ਭਰਕੇ ਲਿਆਓ। ਠੇਕੇਦਾਰ ਦੇ ਰਹਿਮ ਤੇ ਹਾਂ, ਚਾਹੇ ਘੱਟ ਦੇਵੇ ਚਾਹੇ ਵੱਧ। ਸਾਰਾ ਦਿਨ ਚੰਮ ਲਾਹੁੰਦੇ ਨੇਂ। ਜਦੋਂ ਲੋੜ ਹੈ ਕਹਿਣਗੇ ਕਿ ਅਸੀਂ ਪੰਜਾਬੀ ਭਰਾ ਹਾਂ। ਬੇਰੀ ਤੋੜਨ ਵਾਲੇ ਪੰਜਾਬੀ, ਖੇਤ ਪੰਜਾਬੀਆਂ ਦੇ ਤੇ ਠੇਕੇਦਾਰ ਪੰਜਾਬੀ। ਪਰ ਸਾਂਝ ਸੁੰਝ ਕੋਈ ਨਹੀਂ, ਬੱਸ ਛਿੱਲ ਲਾਹੁਣ ਦੀ ਹੀ ਸਾਂਝ ਹੈ।" ਬਿਸ਼ਨ ਸਿੰਘ ਨੇ ਕਿਹਾ।

ਇੰਨੇ ਨੂੰ ਠੇਕੇਦਾਰ ਦੀ ਬੱਸ ਆ ਗਈ। ਨੰਦ ਕੌਰ ਤੇ ਬਿਸ਼ਨ ਸਿੰਘ ਹੱਡ ਗੋਡੇ ਸੰਭਾਲਦੇ ਹੋਏ ਬੱਸ ਤੇ ਸਵਾਰ ਹੋਏ। ਬੱਸ ਬੇਰੀ ਪਿੱਕਰਾਂ ਨਾਲ ਤੂੜੀ ਪਈ ਸੀ। ਬਹੁਤੀ ਗਿਣਤੀ ਬਜ਼ੁਰਗਾਂ ਦੀ ਸੀ। ਪਟਵਾਰੀ, ਤਹਿਸੀਲਦਾਰ, ਸਰਪੰਚ, ਨੰਬਰਦਾਰ, ਅਧਿਆਪਕ, ਥਾਣੇਦਾਰ ਅਤੇ ਪਿੰਡਾਂ ਦੇ ਮੰਨੇ ਪਰਮੰਨੇ; ਜ਼ਿੰਦਗੀ ਦੇ ਹਰ ਵਰਗ ਨਾਲ ਸਬੰਧਤ ਲੋਕ ਸਵਾਰ ਹੋ ਰਹੇ ਸਨ। ਠੇਕੇਦਾਰ ਨੇ ਸੂਰਜ ਦੇ ਚੜ੍ਹਨ ਤੋਂ ਪਹਿਲਾਂ ਸਭ ਨੂੰ ਖੇਤ ਵਿਚ ਉਤਾਰ ਦਿੱਤਾ। ਨੰਦ ਕੌਰ ਤੇ ਬਿਸ਼ਨ ਸਿੰਘ ਵੀ ਆਪਣੇ ਫਲੈਟ ਸੰਭਾਲਦੇ ਰੋਆਂ ਵਿਚ ਚਲੇ ਗਏ। ਬਹੁਤ ਸਾਰੇ ਕਾਮੇ ਕਾਰਾਂ ਤੇ ਵੈਨਾਂ ਵਿਚ ਸਿੱਧੇ ਆਏ ਹੋਏ ਸਨ। ਬੁੱਢਿਆਂ, ਜਵਾਨਾਂ, ਗੱਭਰੂਆਂ, ਮੁਟਿਆਰਾਂ ਦੇ ਬੱਚਿਆਂ ਨਾਲ ਖੇਤ ਭਰਿਆ ਪਿਆ ਸੀ।

ਬੀ.ਸੀ. ਵਿਚ ਜੂਨ ਤੋਂ ਅਗਸਤ ਦੇ ਮਹੀਨੇ ਤੱਕ ਖੇਤਾਂ ਦੇ ਖੇਤ ਬੈਰੀ ਪਿੱਕਰਾਂ ਨਾਲ ਭਰੇ ਹੋਏ ਹੁੰਦੇ ਹਨ। ਕੜਕਦੀ ਧੁੱਪ ਤੇ ਛੜਾਕੇਦਾਰ ਮੀਂਹ ਲੁਕਣ-ਮੀਚੀ ਖੇਡਦੇ ਕਾਮਿਆਂ ਦੇ ਸਿਦਕ ਅੱਗੇ ਹਾਰ ਮੰਨ ਲੈਂਦੇ ਹਨ। ਕੰਮ ਤੇ ਗੱਲਬਾਤ ਦਾ ਸਿਲਸਿਲਾ ਲਗਾਤਾਰ ਚਲਦਾ ਰਹਿੰਦਾ ਹੈ। ਵੱਖੋ-ਵੱਖਰੀਆਂ ਟੋਲੀਆਂ ਵੱਖੋ ਵੱਖਰੀਆਂ ਰੋਆਂ ਵਿਚ ਪੰਜਾਬ ਦੇ ਇਤਿਹਾਸ, ਮਿਥਹਾਸ, ਰਾਜਨੀਤੀ ਦੇ ਵਰਕੇ ਫਰੋਲਦੀਆਂ, ਦੁੱਖ-ਸੁੱਖ, ਸ਼ੁਗਲ, ਹਾਸਾ, ਮਖੌਲ, ਗਮੀ-ਸ਼ਾਦੀ ਦੀਆਂ ਗੱਲਾਂ ਕਰਦੀਆਂ, ਔਖ ਸੌਖ ਨਾਲ ਹੌਕਾ ਲੈਂਦੀਆਂ, ਸਭ ਗੱਲਾਂ ਤੋਂ ਬੇਪਰਵਾਹ ਹੋ ਕੇ ਹਨੇਰਾ ਪਸਰਨ ਤੱਕ ਜਾਂ ਉਦੋਂ ਤੱਕ ਬੇਰੀ ਤੋੜਦੀਆਂ ਰਹਿੰਦੀਆਂ ਹਨ ਜਦ ਤਕ ਕੰਮ ਬੰਦ ਕਰਨ ਦਾ ਹੁਕਮ ਨਹੀਂ ਮਿਲਦਾ ਜਾਂ ਗੂੜ੍ਹਾ ਹਨੇਰਾ ਪਸਰ ਨਹੀਂ ਜਾਂਦਾ।

ਬਿਸ਼ਨ ਸਿੰਘ ਤੇ ਨੰਦ ਕੌਰ ਦੇ ਸੱਜੇ ਪਾਸੇ ਦੀ ਰੋਅ ਵਿਚ ਭਗਵੰਤ ਕੌਰ ਤੇ ਰੱਜੋ ਬੇਰੀ ਤੋੜ ਰਹੀਆਂ ਸਨ। ਉਸ ਦੀ ਖੱਬੇ ਪਾਸੇ.ਦੀ.ਰੋਅ ਵਿਚ ਭੋਲਾ ਸਿੰਘ ਤੇ ਸੰਤ ਕੌਰ ਬੇਰੀ ਤੋੜ ਰਹੇ ਸਨ ਤੇ ਉਨ੍ਹਾਂ ਤੋਂ ਤੀਜੀ ਰੋਅ ਵਿਚ ਰਾਜੂ ਤੇ ਜਸਵੰਤ। ਇਸੇ ਤਰ੍ਹਾਂ ਦੂਰ ਤੱਕ ਵੱਖੋ ਵੱਖਰੀਆਂ ਰੋਆਂ ਵਿਚ ਲੋਕ ਬੇਰੀ ਤੋੜਦੇ ਗੱਲਾਂ ਬਾਤਾਂ ਕਰ ਰਹੇ ਸਨ।

"ਬਜ਼ੁਰਗ ਤਾਂ ਇੱਥੇ ਬਹੁਤ ਕੀਮਤੀ ਹੁੰਦੇ ਹਨ। ਅਸੀਂ ਤਾਂ ਤਰਸਦੇ ਸੀ ਕਿ ਨੰਦ ਕੌਰ ਵਾਂਗ ਮੇਰੇ ਵੀ ਬੇਬੇ ਹੁੰਦੀ। ਉਸ ਦੇ ਹੱਥਾਂ ਦੀਆਂ ਪੱਕੀਆਂ ਖਾਂਦੇ ਤੇ ਉਨ੍ਹਾਂ ਦੇ ਚੈਕਾਂ ਨਾਲ ਘਰ ਉਸਾਰ ਲਏ ਹੁੰਦੇ।" ਰਾਜੂ ਨੇ ਕਿਹਾ।

"ਭੋਲੇ ਬੁੱਢੇ ਤਾਂ ਏਥੇ ਬੜੇ ਕੰਮ ਦੇ ਨੇ।" ਖਾਂਦੇ ਘੱਟ ਨੇ ਤੇ ਕੰਮ ਵੱਧ ਕਰਦੇ ਨੇ। ਇਨ੍ਹਾਂ ਦੀਆਂ ਚਿੱਕਾਂ ਹੀ ਚਿੱਕਾਂ ਡਿਗਦੀਆਂ ਨੇ। ਜੇ ਬਿਮਾਰ ਹੋ ਜਾਣ ਤਾਂ ਹਸਪਤਾਲ ਦੇ ਜ਼ੁੰਮੇਂ।" ਦੂਰ ਪਰੇ ਕਿਸੇ ਰੋਅ ਵਿਚੋਂ ਕਿਸੇ ਨੇ ਟਕੋਰ ਕੀਤੀ।

"ਤਾਈ ਸੰਤੀ ਵੱਲ ਵੇਖ, ਸਾਹ ਆਉਂਦਾ ਨੀ, ਕਿਸੇ ਦਿਨ ਫੜਕ ਕੇ ਡਿਗ ਪੈਣਾ, ਘਰੇ ਨੀ ਬੈਠ ਹੁੰਦਾ।" ਰਾਜੂ ਨੇ ਕਿਹਾ। ਉਸ ਨੇ ਰਾਤ ਦੀ ਸ਼ਿਫਟ ਮਿਲ ਵਿਚ ਕੰਮ ਤੇ ਜਾਣਾ ਸੀ। ਉਹ ਆਪਣੀ ਘਰ ਵਾਲੀ ਜਸਵੰਤ ਨਾਲ ਮਦਦ ਕਰਵਾਣ ਆਇਆ ਸੀ ਉਸ ਦੀਆਂ ਭਾਰੀਆਂ ਸਟੈਂਪਾਂ ਬਣਾਉਣ ਲਈ।

"ਪੁੱਤਰ, ਘਰੇ ਤੁਸੀਂ ਹੀ ਬਿਠਾਉਣਾ ਸੀ," ਮੰਮੀਂ ਡੈਡੀ ਮ੍ਰਿਤ, ਬੁੱਢਾ ਬੁੱਢੀ ਕੀਹਦੇ ਚਿੱਤ। ਭਾਈ ਬੁੱਢੇ ਤਾਂ ਆਲੂਆਂ ਦੇ ਭਾਅ ਵਿਕਦੇ ਨੇ ਤੇ ਮੰਮੀ ਡੈਡੀ ਨੂੰ ਹੱਥੀਂ ਛਾਵਾਂ ਹੁੰਦੀਆਂ ਹਨ। "ਇਹ ਕਹਿ ਕੇ ਨੰਦ ਕੌਰ ਨੇ ਆਪਣੇ ਮਨ ਦਾ ਗੁਬਾਰ ਕੱਢ ਲਿਆ ਸੀ। ਜਦ ਤੋਂ ਉਸ ਦੀ ਕੁੜਮ ਕੁੜਮਣੀ ਆਏ ਸਨ, ਉਸ ਦੀ ਨੂੰਹ ਤੇ ਸਹੁਰਿਆਂ ਨੇ ਰਲਕੇ ਉਸ ਦਾ ਨੱਕ ਵਿਚ ਦਮ ਕੀਤਾ ਪਿਆ ਸੀ। ਉਹ ਘਰ ਦੀ ਇੱਜ਼ਤ ਦੀ ਮਾਰੀ ਬੜੀ ਔਖ ਨਾਲ ਦਿਨ ਕੱਟ ਰਹੀ ਸੀ।

"ਪੁੱਤ ਰਾਜੂ, ਜੇਕਰ ਤੇਰੇ ਵਾਂਗ ਸਾਰੇ ਖਿਆਲ ਰੱਖਣ ਤਦ ਹੀ ਜੀਅ ਲਗਦਾ ਹੈ। ਆਹ ਜਸਵੰਤ ਨੂੰ ਵੇਖ, ਅਜੇ ਸੱਤ ਦਿਨ ਵੀ ਨਹੀਂ ਹੋਏ ਅਜੇ ਵਿਚਾਰੀ ਆਈ ਨੂੰ, ਕਿਵੇਂ ਮੁੜਕੋ ਮੁੜਕੀ ਹੋਈ ਪਈ ਐ ਵਿਚਾਰੀ। ਕੋਈ ਨੀਂ ਪੁੱਤ, ਇੱਥੇ ਸਾਰੇ ਇਸੇ ਤਰ੍ਹਾਂ ਹੀ ਤੁਰਦੇ ਨੇ। ਬੰਦੇ ਦਾ ਕੰਮ ਨਾਲ ਹੀ ਮੁੱਲ ਹੈ। ਦੇਸ ਤਾਂ ਮਾਂ ਪਿਉ ਨੇ ਕਪਾਹ ਚੁਗਣ ਵੀ ਨਹੀਂ ਭੇਜੀ ਹੋਣੀ। ਇੱਥੇ ਵਿਚਾਰੀ ਦਾ ਰੰਗ ਚੋਅ ਚੋਅ ਫਲੈਟਾਂ ਵਿਚ ਪਈ ਜਾਂਦਾ ਹੈ। ਕੰਮ ਦੀ ਰੁੱਤ ਮੁੱਕਣ ਤੇ ਚਾਰ ਅੱਖਰ ਪੜ੍ਹ ਕੇ ਕੋਈ ਚੰਗਾ ਕੰਮ ਕਰ ਲਈਂ।" ਸੰਤ ਕੌਰ ਨੇ ਹਾਲੋਂ ਬੇਹਾਲ ਹੋਈ ਜਸਵੰਤ ਵਲ ਵੇਖ ਕੇ ਕਿਹਾ।

ਪਹਾੜੀ ਦੇ ਪਿੱਛਵਾੜਿਉਂ ਸੂਰਜ ਪੂਰੇ ਜੋਸ਼ ਨਾਲ ਉਪਰ ਆ ਗਿਆ ਸੀ। ਹਵਾ ਬਿਲਕੁਲ ਹੀ ਬੰਦ ਹੋਣ ਕਾਰਨ ਹੁੰਮਸ ਮਹਿਸੂਸ ਹੁੰਦਾ ਸੀ। ਅਸਮਾਨ ਵਿਚ ਉਡਦੀਆਂ ਚਿੜੀਆਂ ਦੀ ਲੰਮੀ ਡਾਰ ਆਈ। ਠਾਹ ਠਾਹ ਵਜਦੇ ਪਟਾਕੇ ਕਿਸੇ ਰਣਭੂਮੀ ਦੇ ਮੈਦਾਨ ਜਾਂ ਦੀਵਾਲੀ ਦੇ ਦਿਨ ਚੱਲਣ ਵਾਲੇ ਪਟਾਕਿਆਂ ਦੀ ਯਾਦ ਦਿਵਾਉਂਦੇ ਸਨ।

"ਅੰਕਲ ਜੀ, ਕੀ ਗੱਲ ਹੈ, ਅੱਜ ਪਿੱਛੇ ਹੀ ਪਿੱਛੇ ਜਾਨੇ ਹੋ, ਆਂਟੀ ਨੇ ਚਾਹ ਨਾਲ ਕੈਂਡੀ ਨੀਂ ਖੁਆਈ?" ਰੱਜੋ ਨੇ ਕਿਹਾ ਜੋ ਆਪਣੇ ਮਾਤਾ-ਪਿਤਾ ਨਾਲ ਸੱਤਵੀਂ ਵਿਚ ਪੜ੍ਹਦੀ ਹੀ ਕੈਨੇਡਾ ਆ ਗਈ ਸੀ। ਉਹ ਆਪਣੀ ਮਾਂ ਭਗਵੰਤ ਨਾਲ ਬੇਰੀ ਤੋੜ ਰਹੀ ਸੀ।

ਸੂਰਜ ਪੂਰਾ ਭਖ ਉਠਿਆ ਸੀ ਤੇ ਉਸਦੇ ਨਾਲ ਹੀ ਕਾਮੇ ਭਖ ਉਠੇ ਸਨ। ਇਸਦੇ ਨਾਲ ਹੀ ਗੱਲਬਾਤ ਵਧੇਰੇ ਰੋਚਕ ਹੋ ਰਹੀ ਸੀ। ਅੱਜ ਬਿਸ਼ਨ ਸਿੰਘ ਤੇ ਨੰਦ ਕੌਰ ਹੰਭਲਾ ਮਾਰਨ ਤੇ ਵੀ ਦੂਜੇ ਕਾਮਿਆਂ ਦੇ ਨਾਲ ਨਹੀਂ ਰਲ ਰਹੇ ਸਨ।

"ਅੱਜ ਕੀ ਹੋ ਗਿਆ ਤੈਨੂੰ? ਕੀ ਗੱਲ ਕੁਝ ਦੁੱਖਦਾ ਐ?" ਨੰਦ ਕੌਰ ਨੇ ਚਿੰਤਾਤੁਰ ਹੁੰਦੇ ਪੁੱਛਿਆ,

"ਕੁੱਛ ਨਹੀਂ, ਬਸ ਐਵੇਂ ਹੀ।" ਬਿਸ਼ਨ ਨੇ ਇਹ ਕਹਿ ਕੇ ਚੁੱਪ ਵੱਟ ਲਈ।

"ਬਸ ਮਨ ਖੁਸ਼ ਜਿਹਾ ਨਹੀਂ।"

"ਘਰੋਂ ਤਾਂ ਚੰਗਾ ਭਲਾ ਤੁਰਿਆ ਸੀ। ਹਾਂ, ਸੱਚ ਰਾਤ ਫੂਨ ਦੀ ਘੰਟੀ ਖੜਕੀ ਸੀ, ਕੀਹਦਾ ਫੂਨ ਸੀ।"

"ਪਿੰਡ ਤੋਂ ਸੀ, ਜਰਨੈਲ ਦਾ।"

"ਕਿਵੇਂ ਸਨ ਸਾਰੇ, ਤੈਂ ਮੇਰੇ ਨਾਲ ਕੋਈ ਗਲ ਨਹੀਂ ਕਰਾਈ?"

"ਠੀਕ ਸਨ। ਜੇ ਮੇਰੇ ਨਾਲ ਮੁੱਕਦੀ, ਤਾਂਹੀ ਤੇਰੇ ਨਾਲ ਕਰਵਾਉਂਦਾ। ਨਾਲੇ ਉਨ੍ਹਾਂ ਕਿਹੜਾ ਕਿਹਾ ਸੀ ਤੇਰੇ ਨਾਲ ਗਲ ਕਰਨ ਨੂੰ।"

"ਆਹੋ ਤੂੰ ਜੋ ਹੈਗਾ ਗੱਲਾਂ ਕਰਨ ਨੂੰ। ਮੈਥੋਂ ਕਿਸ ਨੇ ਕੀ ਲੈਣਾ।"

"ਗੱਲ ਤਾਂ ਸਾਰੀ ਲੈਣ ਦੀ ਸੀ।"

"ਸਾਰਾ ਕੁੱਝ ਤਾਂ ਉਸ ਨੂੰ ਦੇ ਆਏ ਹਾਂ। ਨਾਲੇ ਸੁੱਖ ਨਾਲ ਦੋਵੇਂ ਜੀਅ ਵੀਹ ਹਜ਼ਾਰ ਮਹੀਨੇ ਦਾ ਲੈ ਲੈਂਦੇ ਹਨ। ਜੇ ਇੱਕ ਵਾਰ ਇੱਧਰ ਆ ਕੇ ਵੇਖੇ, ਬਈ ਅਸੀਂ ਸਾਰੇ ਇੱਥੇ ਕਿੰਨੇ ਔਖੇ ਹਾਂ।"

"ਕਹਿੰਦਾ ਸੀ, ਮੈਂ ਚਾਰ ਕਿੱਲੇ ਜ਼ਮੀਨ ਦਾ ਸੌਦਾ ਕਰ ਲਿਆ ਹੈ, 12 ਲੱਖ ਵਿਚ। ਪੈਸੇ ਭੇਜੋ ਦਸ ਲੱਖ।

"ਫਿਰ ਤੈਂ ਦੱਸਿਆ ਨੀਂ, ਬਈ ਇੱਥੇ ਕਿਹੜੇ ਢਾਮੇ ਪਏ ਨੇ ਸਾਡੇ ਕੋਲੇ?"

"ਮੈਂ ਕਿਹਾ, ਤੈਂ ਸੌਦਾ ਕਰਨ ਤੋਂ ਪਹਿਲਾਂ ਸਾਨੂੰ ਪੁੱਛ ਲੈਣਾ ਸੀ। ਮੈਂ ਕਿਹਾ ਦਲਬੀਰ ਨੇ ਇਸੇ ਸਾਲ ਘਰ ਲਿਆ ਹੈ ਜੋ ਕੁਝ ਵੀ ਸਾਡੇ ਕੋਲ ਸੀ, ਅਸੀਂ ਇਸ ਲਈ ਘਰ ਵਿਚ ਪਾ ਦਿੱਤੈ। ਸਾਡੇ ਕੋਲੋਂ ਕੋਈ ਝਾਕ ਨਾ ਰੱਖੀਂ।"

"ਫਿਰ ਕੀ ਬੋਲਦਾ ਸੀ? ਕਹਿਣਾ ਸੀ, ਬਈ ਦੋ ਲੱਖ ਸਾਡੀ ਜ਼ਮੀਨ ਦਾ ਠੇਕੇ ਦਾ ਖਾਈ ਜਾਨੈਂ, ਤੇਰੇ ਭਰਾਵਾਂ ਨੇ ਕਾਣੀ ਕੌਡੀ ਵੀ ਨਹੀਂ ਮੰਗੀ। ਕਿਰਸ ਕਰ ਕੇ ਜੋ ਬਚਦਾ ਹੈ ਬਚਾ ਲੋ।"

"ਪੁੱਠਾ ਹੀ ਬੋਲਦਾ ਸੀ, ਬੱਸ। ਮੈਨੂੰ ਚੰਗਾ ਨਹੀਂ ਲੱਗਿਆ। ਮੈਂ ਕਿਹਾ ਕਿ ਆਪਦੇ ਪਲਾਟ ਵੇਚਕੇ ਆਪਦਾ ਸਿਰ ਆਪ ਗੁੰਦ।"

"ਕਹਿੰਦਾ, ਇਨ੍ਹਾਂ ਨੂੰ ਕਹਿ ਦਿਉ ਕਿ ਹਿੱਸਾ ਰੱਖ ਲੈਣ।"

"ਫਿਰ ਉਹ ਕੀ ਦਵਾਲ ਹੋਊਗਾ, ਨੀਅਤ ਤਾਂ ਉਸ ਦੀ ਪਹਿਲਾਂ ਹੀ ਸਾਫ ਨਹੀਂ।" ਨੰਦ ਕੌਰ ਨੇ ਕਿਹਾ।

"ਇਨਸਾਨ ਦੇ ਲਾਲਚ, ਲੋਭ ਤੇ ਤਿਰਸ਼ਨਾ ਦੀ ਕੋਈ ਸੀਮਾ ਨਹੀਂ। ਬਸ ਇਹ ਵਧਦਾ ਹੀ ਜਾਂਦਾ ਹੈ, ਜੰਗਲ ਦੀ ਅੱਗ ਵਾਂਗੂੰ। ਮਾਪੇ ਸਾਰੀ ਉਮਰ ਜੋ ਨਰਕ ਭੋਗਦੇ ਹਨ, ਉਹ ਕਿਸੇ ਨੂੰ ਯਾਦ ਨਹੀਂ। ਸਭ ਜੜ੍ਹਾਂ ਕੱਟਕੇ ਸੁੱਖ ਭਾਲਦੇ ਨੇ। ਉਲਟਾ ਧਮਕੀ ਦਿੰਦਾ ਸੀ ਕਿ ਜੇਕਰ ਇਹ ਮੇਰੀ ਸਹਾਇਤਾ ਨਹੀਂ ਕਰਨਗੇ ਤਾਂ ਮੈਂ ਪਿੰਡ ਵਾਲੀ ਇਨ੍ਹਾਂ ਦੀ ਜ਼ਮੀਨ ਦੱਬਜੂੰ।" ਇਹ ਕਹਿਕੇ ਦੋਵੇਂ ਚੁੱਪ ਕਰਕੇ ਬੇਰੀ ਤੋੜ ਰਹੇ ਸਨ।

"ਛੇੜੋ ਭਾਈ ਕੋਈ ਗੱਲਬਾਤ। ਅੱਜ ਆਂਟੀ ਨੰਦ ਕੌਰ ਨੀ ਕੋਈ ਗੱਲ ਤੋਰਦੀ? ਇਉਂ ਲੱਗਦਾ ਐ ਜਿਵੇਂ ਅੰਕਲ ਨਾਲ ਰੁੱਸੀ ਹੋਵੇ।"

"ਰੁਸਣਾ ਕਾਹਤੋਂ, ਹੁਣ ਪਤਾ ਨਹੀਂ ਕਿੰਨੀ ਕੁ ਬਾਕੀ ਰਹਿੰਦੀ ਹੈ।" ਨੰਦ ਕੌਰ ਨੇ ਫੋਕਾ ਜਿਹਾ ਹਾਸਾ ਬੁਲ੍ਹਾਂ ਤੇ ਲਿਆਉਂਦੇ ਕਿਹਾ।

"ਐਵੇਂ ਦਿਲ ਤੇ ਨਾ ਲਾ ਬੈਠੀਂ? ਘਰ ਘਰ ਇਹੀ ਹਾਲ ਹੈ। ਪੁਰਾਣੇ ਜ਼ਮਾਨੇ ਵਿਚ ਕਹਿੰਦੇ ਸੀ ਕਿ ਧੀ ਪੁੱਤਰ ਤਾਂ ਬੁਢਾਪੇ ਦੀ ਡੰਗੋਰੀ ਹੁੰਦੇ ਹਨ। ਪਰ ਹੁਣ ਤਾ ਇਹ ਖੂਨ ਪੀਣ ਲਈ ਜੋਕਾਂ ਬਣ ਕੇ ਲੱਗੇ ਹੋਏ ਨੇਂ।" ਨੰਦ ਕੌਰ ਨੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ।

ਆਂਟੀ ਨੰਦ ਕੌਰ ਨੂੰ ਚੁੱਪ ਵੇਖ ਕੇ ਰੱਜੋ ਨੇ ਆਪਣੀ ਮਾਂ ਨੂੰ ਕਿਹਾ, "ਬੀਬੀ ਤੂੰ ਹੀ ਆਪਣੇ ਸਮੇਂ ਦੀ ਗੱਲ ਸੁਣਾ?"

ਕਟਾਰ ਵਾਂਗ ਤੇਜ ਜ਼ਬਾਨ ਵਾਲੀ ਭਗਵੰਤ ਨੇ ਕਿਹਾ, "ਤੁਸੀਂ ਕੀ ਜਾਣੋਂ, ਅਸੀਂ ਕਿਹੜੇ ਕਿਹੜੇ ਦੁੱਖ ਭੋਗੇ ਹਨ। ਸਾਡੇ ਵੇਲੇ ਜਾਏ ਖਾਣੇ ਦੇ ਸਾਬਣ ਵੀ ਜੁੜਦਾ ਨਹੀਂ ਸੀ। ਤੇਰੀ ਦਾਦੀ ਨੇ ਕਹਿਣਾ ਕਿ ਆਹ ਕੱਲਰ ਦੀ ਮਿੱਟੀ ਲਿਆਈ ਆਂ ਇਸ ਨਾਲ ਕਪੜੇ ਧੋ ਲੈ, ਚੰਗਾ ਨਿਖਾਰ ਹੋਜੂ। ਬੱਸ ਉਸੇ ਨਾਲ ਹੀ ਧੋ ਛੱਡਣੇ। ਖੱਦਰ ਦੇ ਮੈਲੇ ਕੁੜਤੇ ਤੇ ਕਛਹਿਰੇ ਬਾਹਾਂ ਲੈ ਲੈਂਦੇ। ਚੱਕੀ ਪੀਹਣੀ, ਗੋਹਾ ਕੂੜਾ ਕਰਨਾ, ਪੱਠੇ ਕੁਤਰਨੇ, ਪਾਣੀ ਭਰਨਾ, ਤਾਣੀ ਲਾਉਣੀ, ਕੱਤਣਾ, ਤੁੰਬਣਾ, ਦਰੀਆਂ ਤੇ ਖੇਸ ਬੁਣਨੇ। ਕਿਤੇ ਤਿੱਥ ਤਿਉਹਾਰ ਨੂੰ ਪੇਕੇ ਜਾਣਾ। ਮੈਂ ਮਾਂ ਨੂੰ ਮਿਲਣ ਜਾਣਾ ਸੀ ਤੇਰੇ ਬਾਪੂ ਨੇ ਮੈਨੂੰ ਇੱਕ ਰੁਪਿਅ ਹੀ ਦਿੱਤਾ।"

"ਤਾਂ ਤੇ ਬੜਾ ਮਾਈਜ਼ਰ ਸੀ। ਹੁਣ ਤਾਂ ਸਕੱਚ ਪੀਂਦਾ ਵੀ ਕਹਿੰਦਾ, ਮੈਨੂੰ ਬੈ ਕਰਦੀ ਐ।" ਰੱਜੋ ਨੇ ਹੱਸਦੇ ਹੋਏ ਕਿਹਾ।

"ਨਹੀਂ ਧੀਏ, ਉਸ ਵੇਲੇ ਸਭ ਦਾ ਹੀ ਇਹੀ ਹਾਲ ਸੀ। ਪੈਸਾ ਕਿਤੋਂ ਬਣਦਾ ਨਹੀਂ ਸੀ।"

"ਫਸਲ ਸੇਮ ਨਾਲ ਮਰ ਜਾਂਦੀ ਸੀ। ਡਰੇਨਾਂ ਪੁੱਟੀਆਂ ਗਈਆਂ। ਕੈਰੋਂ ਨੇ ਖੇਤੀਬਾੜੀ ਯੂਨੀਵਰਸਿਟੀ ਖੋਲ੍ਹੀ। ਨਵੇਂ

Continued On Page 31

ਸਮਾਚਾਰ ਤੇ ਵਿਚਾਰ

ਪੰਜਾਬ ਕਾਂਗਰਸ ਨੇ ਮਨਮੋਹਣ ਸਿੰਘ ਦਾ ਪਤਾ ਸੁਟਿਆ

ਪੰਜਾਬ ਕਾਂਗਰਸ ਦੇ ਪਹਿਲੀ ਪਾਲ ਦੇ ਨੇਤਾਵਾਂ ਵਿਚ ਤਾਂ ਮਨ-ਮੁਟਾਵ ਵੀ ਹੋ ਗਿਆ ਅਤੇ ਏਕਤਾ ਵੀ। ਹੁਣ ਹਲਕਿਆਂ ਦੀ ਪਧਰ ਦੀ ਧੜੇਬੰਦੀ ਟਿਕਟ ਅਭਿਲਾਸ਼ੀਆਂ ਦਾ ਹਲਾ ਗੁਲਾ ਜਿਹਾ ਹੋ ਰਿਹਾ ਹੈ। ਕੇਂਦਰ ਦੇ ਡਸਿਪਲਨ ਦੇ ਡੰਡੇ ਦੇ ਡਰੋਂ ਸਾਰੇ ਨੇਤਾ ਇਕ ਹੋ ਗਏ ਹਨ ਤਾਂ ਕਾਂਗਰਸ ਦੀ ਚੋਣ ਮੁਹਿੰਮ ਭਾਂਵੇਂ ਪਛੜਕੇ ਹੀ ਚਲੀ ਰਫਤਾਰ ਫੜ ਗਈ ਲਗਦੀ ਹੈ। ਕਿਉਂਕਿ ਚੋਣ ਕਮਿਸ਼ਨ ਨੇ ਵੀ ਇਹ ਕਹਿ ਕੇ ਹਰੀ ਝੰਡੀ ਦੇ ਦਿਤੀ ਹੈ ਕਿ ਪੰਜਾਬ ਦੀਆਂ ਚੋਣਾਂ ਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਹੁਣ ਇਹ ਤਾਂ ਬਾਦਲ ਦੀ ਮਰਜ਼ੀ ਹੈ ਜਦੋਂ ਚੋਣਾਂ ਕਰਾਉਣੀਆਂ ਚਾਹੇ ਕਰਵਾ ਲਵੇ।

ਇਸਦੇ ਪੇਸ਼ ਨਜ਼ਰ ਕਾਂਗਰਸ ਨੇ ਇਕ ਹੋਰ ਪਤਾ ਵਰਤਿਆ ਹੈ ਪੰਜਾਬ ਦਾ ਅਗਲਾ ਕਾਂਗਰਸੀ ਮੁਖ ਮੰਤ੍ਰੀ ਸਾਬਕਾ ਕੇਂਦਰੀ ਖਜ਼ਾਨਾ ਮੰਤ੍ਰੀ ਮਨਮੋਹਣ ਸਿੰਘ ਨੂੰ ਪੇਸ਼ ਕਰਨ ਦਾ। ਇਸ ਨਾਲ ਸਿਖ ਵੋਟਾਂ ਨੂੰ ਵੀ ਖਿਚਿਆ ਜਾਏਗਾ ਅਤੇ ਮਨਮੋਹਣ ਸਿੰਘ ਦੀ ਯੋਗਤਾ ਤੇ ਭਰੋਸੇ ਯੋਗਤਾ ਜਿਸ ਉਤੇ ਹਰ ਸਿਖ ਅਤੇ ਪੰਜਾਬੀ ਨੂੰ ਵਿਸ਼ਵਾਸ ਹੈ ਵਰਤਿਆ ਜਾ ਸਕਦਾ ਹੈ। ਮਨਮੋਹਣ ਸਿੰਘ ਉਤੇ ਕਿਸੇ ਕਿਸਮ ਦਾ ਭਰਿਸ਼ਟਾਚਾਰ ਦਾ ਪ੍ਰਛਾਵਾਂ ਵੀ ਨਹੀਂ ਅਤੇ ਧੜੇਬੰਦੀ ਦਾ ਕਲੰਕ-ਕਲੇਸ਼ ਤੋਂ ਵੀ ਉਹ ਸੁਚਾ ਹੈ।

ਕਾਂਗਰਸ ਦੇ ਇਸ ਪਤੇ ਨਾਲ ਚੋਣ ਮੁਹਿੰਮ ਨੂੰ ਹੋਰ ਹੁਲਾਰਾ ਮਿਲੇਗਾ।

ਦੂਜੇ ਪਾਸੇ ਕਾਂਗਰਸ ਖਬੇ ਪਖੀ ਪਾਰਟੀਆਂ ਨਾਲ ਗਠਜੋੜ ਬਨਾਉਣ ਵਿਚ ਕਾਫੀ ਹਦ ਤਕ ਅਗੇ ਜਾ ਚੁਕੀ ਹੈ। ਭਾਂਵੇਂ ਇਸ ਸਮੇਂ ਅਨੁਮਾਨ ਲਾਉਣਾ ਸਮੇਂ ਤੋਂ ਪਹਿਲਾਂ ਦੀ ਗਲ ਹੈ ਪਰ ਜੋ ਕਨਸੋਆਂ ਆ ਰਹੀਆਂ ਹਨ ਇਸ ਵੇਲੇ ਉਹ ਕਿਸੇ ਵੀ ਧਿਰ ਲਈ ਸੁਖਾਵੀਂ ਜਿਤ ਦੀਆਂ ਨਹੀਂ। ਪੰਜਾਬ ਵਿਚ ਇਸ ਵੇਲੇ ਕੋਈ ਲਹਿਰ ਨਹੀਂ। ਨਾ ਕਿਸੇ ਦੀ ਸੰਗਤ ਦਰਸ਼ਨ ਲਹਿਰ ਹੈ ਅਤੇ ਨਾ ਹੀ ਕਾਂਗਰਸ ਵਿਰੋਧ ਜਾਂ ਪਖੀ ਲਹਿਰ ਹੈ। ਰਾਜਸੀ ਮਹੌਲ ਕਾਫੀ ਗਰਮ ਹੈ ਪਰ ਜੰਤਾ ਗੁੰਮਸ਼ੁਮ ਹੈ।

ਪੰਜਾਬ ਦਾ ਪੰਥਕ ਮੋਰਚਾ

ਪੰਜਾਬ ਦੇ ਮੁਖ ਮੰਤ੍ਰੀ ਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸ: ਪ੍ਰਕਾਸ਼ ਸਿੰਘ ਬਾਦਲ ਵਿਰੋਧੀ ਅਕਾਲੀ ਧੜਿਆਂ ਨੇ; ਇਕ ਨਵਾਂ ਪੰਥਕ ਮੋਰਚਾ ਸਥਾਪਤ ਕੀਤਾ ਹੈ। ਜਿਸ ਵਿਚ ਮੁਖ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਮਾਨ ਗਰੁਪ), ਸਰਬ ਹਿੰਦ ਸ਼੍ਰੋਮਣੀ ਅਕਾਲੀ ਦਲ (ਟੌਹੜਾ ਗਰੁਪ) ਅਤੇ ਅਕਾਲੀ ਦਲ ਪੰਥਕ (ਜਸਵੀਰ ਸਿੰਘ ਰੋੜੇ ਗਰੁਪ) ਤੋਂ ਇਲਾਵਾ ਬਾਦਲ ਵਰਗਾ ਹੀ ਧਨੀ ਤੇ ਸਾਬਕਾ ਸਪੀਕਰ ਪੰਜਾਬ ਅਸੰਬਲੀ ਰਵੀਇੰਦਰ ਸਿੰਘ ਤੇ ਅਕਾਲ ਤਖਤ ਦਾ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਸ਼ਾਮਲ ਹਨ। ਜਥੇਦਾਰ ਕੁਲਦੀਪ ਸਿੰਘ ਵਡਾਲਾ ਅਜੇ ਤਕ ਇਸ ਵਿਚ ਸ਼ਾਮਲ ਨਹੀਂ ਹੋਇਆ। ਇਸਦੇ ਕਨਵੀਨਰ ਬਾਬਾ ਸਰਬਜੋਤ ਸਿੰਘ ਬੇਦੀ ਬਣਾਏ ਗਏ ਹਨ। ਭਾਵੇਂ ਪਿਛਲੀਆਂ ਜ਼ਿਮਨੀ ਚੋਣਾਂ ਵਿਚ ਵੀ ਇਹ ਸਾਰੇ ਦਲ ਸਮੇਤ ਕੁਝ ਹੋਰ ਪਾਰਟੀਆਂ ਦੇ ਰਲਕੇ ਹਿਸਾ ਲੈਂਦੇ ਰਹੇ ਹਨ। ਇਨਾਂ ਹੋਈਆਂ ਚੋਣਾਂ ਵਿਚ ਇਨ੍ਹਾਂ ਦੇ ਉਮੀਦਵਾਰ ਜ਼ਮਾਨਤਾ ਵੀ ਨਾ ਬਚਾ ਸਕੇ। ਕਿਹਾ ਜਾਂਦਾ ਹੈ ਕਿ ਜ਼ਿਮਨੀ ਚੋਣਾਂ ਅਤੇ ਜਨਰਲ ਚੋਣਾਂ ਵਿਚ ਫਰਕ ਹੁੰਦਾ ਹੈ। ਨਵੇਂ ਬਣੇ ਪੰਥਕ ਮੋਰਚੇ ਨੂੰ ਆਸ ਹੈ ਕਿ ਉਹ ਬਾਦਲ ਸਾਹਿਬ ਨੂੰ ਕਰਾਰੀ ਹਾਰ ਦੇ ਦੇਣਗੇ ਅਤੇ ਅਗਾਲੀ ਸਰਕਾਰ ਉਨਾਂ ਦੀ ਹੀ ਹੋਵੇਗੀ। ਭਾਵੇਂ ਅਜੇ ਤਕ ਉਨਾਂ ਨੇ ਆਪਣੀ ਨਵੀਂ ਬਣਨ ਵਾਲੀ ਸਰਕਾਰ ਦੇ ਮੁਖੀ ਦਾ ਨਾਂ ਹੀ ਨਹੀਂ ਟਿਕਿਆ ਪਰ ਬੀ.ਐਸ.ਪੀ.ਦਾ ਪ੍ਰਧਾਨ ਕਾਂਸੀ ਰਾਮ ਤਾਂ ਰਵੀਇੰਦਰ ਸਿੰਘ ਨੂੰ ਅਗਲਾ ਮੁਖ ਮੰਤ੍ਰੀ ਵੀ ਟਿਕੀ ਬੈਠੀ ਹੈ ਅਤੇ ਇਹ ਵੀ ਕਹੀ ਜਾਂਦਾ ਹੈ ਕਿ ਮੈਂ ਕਿਸੇ ਮੋਰਚੇ ਵਿਚ ਨਹੀਂ ਰਲਣਾ ਤੇ ਸਾਰੀਆਂ ਹੀ 117 ਸੀਟਾਂ ਲੜਾਗਾ ਜਿੰਨਾਂ ਵਿਚੋਂ 60 ਜੀਤਾਂਗਾ ਤੇ ਰਵੀਇੰਦਰ ਸਿੰਘ (ਜਟ) ਨੂੰ ਮੁਖ ਮੰਤ੍ਰੀ ਬਣਾਵਾਂਗੇ ਇਸ ਬਾਰੇ ਅਜੇ ਤਕ ਰਵੀਇੰਦਰ ਸਿੰਘ ਨੇ ਆਪਣੀ ਪੁਜੀਸ਼ਨ ਸਪਸ਼ਟ ਨਹੀਂ ਕੀਤੀ। ਕਿ ਕੀ ਉਹ ਬੀ.ਐਸ.ਪੀ. ਵਿਚ ਚਲੇ ਗਏ ਜਾਂ ਕਿਸੇ ਅਕਾਲੀ ਦਲ ਵਿਚ ਹੀ ਰਲਣ ਦਾ ਇਰਾਦਾ ਹੈ।

ਪਰ ਰਾਜਸੀ ਹਲਕੇ ਪੰਥਕ ਮੋਰਚੇ ਵਾਲਿਆਂ ਦੇ ਲੰਬੇ ਚੌੜੇ ਦਾਅਵਿਆਂ ਨੂੰ ਇੰਨ ਬਿੰਨ ਤਾਂ ਪ੍ਰਵਾਨ ਨਹੀਂ ਕਰਦੇ ਇਹ ਵਿਚਾਰ ਆ ਰਹੇ ਹਨ ਕਿ ਇਸ ਮੋਰਚੇ ਦੇ ਉਮੀਦਵਾਰ ਭਾਂਵੇਂ ਬਹੁਤੇ ਨਾ ਵੀ ਜਿਤਣ ਤਾਂ ਵੀ ਬਾਦਲ ਦੀ ਬੇੜੀ ਡੋਬਣ ਵਿਚ ਆਪਣੇ ਵਦੇ ਜਰੂਰ ਪਾ ਦੇਣਗੇ। ਜਿੰਨਾ ਕੁ ਨੁਕਸਾਨ ਕਾਂਸੀ ਰਾਮ ਕਾਂਗਰਸ ਦਾ ਕਰੇਗਾ ਉਨਾ ਕੁ ਹੀ ਪੰਥਕ ਮੋਰਚਾ ਬਾਦਲ ਅਕਾਲੀ ਦਲ ਦਾ ਕਰ ਜਾਏਗਾ। ਹੁਣ ਇਹ ਤਾਂ ਚੋਣਾਂ ਵੇਲੇ ਹੀ ਪਤਾ ਲਗੇਗਾ ਕਿ ਲੋਕ ਕਿਸ ਦੇ ਸਿਰ ਉਤੇ ਤਾਜ ਰਖਦੇ ਹਨ ਦਾਹਵੇ ਦਾਰ ਤਾਂ ਬਹੁਤ ਹਨ।

ਪੰਥਕ ਮੋਰਚੇ ਦੀਆਂ ਨੀਤੀਆਂ ਸਪਸ਼ਟ ਨਹੀਂ ਹਨ ਸਿਵਾਏ ਬਾਦਲ ਦੇ ਵਿਰੋਧ ਦੀ ਨੀਤੀ ਦੇ। ਇਸਦੀਆਂ ਨੀਤੀਆਂ ਕੇਵਲ ਸਿਖ ਵਰਗ ਤਕ ਹੀ ਸੀਮਤ ਹਨ। ਜੇ ਕਿਸੇ ਨੇ ਸਰਕਾਰ ਦਾ ਸੁਪਨਾ ਲੈਣਾ ਵੀ ਹੈ ਤਾਂ ਉਹ ਦੂਜੇ ਵਰਗਾਂ ਅਤੇ ਧਰਮਾਂ ਨੂੰ ਨਾਲ ਲੈਕੇ ਹੀ ਜਿਤ ਸਕਦਾ ਹੈ। ਜਿਵੇਂ ਬਾਦਲ ਨੇ ਬੀ.ਜੇ.ਪੀ. ਨਾਲ ਗਠਜੋੜ ਕਰਕੇ ਹਿੰਦੂ ਵੋਟਾਂ ਪ੍ਰਾਪਤ ਕਰ ਲਈਆਂ।

ਮੰਨ ਲਓ ਪੰਜਾਬ ਵਿਚ ਸਿਖਾਂ ਦੀਆਂ 50 ਪ੍ਰਤੀਸ਼ਿਤ ਤੋਂ ਵਧ ਵੋਟਾਂ ਹਨ ਪਰ ਇਹ ਵੋਟਾਂ, ਅਕਾਲੀ ਦਲ ਬਾਦਲ, ਕਾਂਗਰਸ-ਕਮਿਉਨਿਸਟ ਗਠਜੋੜ ਅਤੇ ਪੰਥਕ ਮੋਰਚੇ ਵਿਚ ਵੰਡੀਆਂ ਜਾਣਗੀਆਂ। ਜੇ ਇਹ ਬਰਾਬਰ ਬਰਾਬਰ ਵੀ ਹਿਸਾ ਲੈ ਜਾਣ ਤਾਂ ਪੰਥਕ ਮੋਰਚੇ ਦੇ ਹਿਸੇ ਕੇਵਲ 17% ਹੀ ਵੋਟ ਆਏਗੀ। ਏਨੀ ਵੋਟ ਨਾਲ ਕਿਸ ਹਲਕੇ ਵਿਚੋਂ ਐਮ.ਐਲ.ਏ. ਜਿਤੇਗਾ ਪੰਥਕ ਮੋਰਚੇ ਦਾ। ਇਹ ਠੀਕ ਹੈ ਕਿ ਕਈ ਸ਼ਖਸੀਅਤਾਂ ਆਪਣੇ ਅਸਰ ਰਸੂਖ ਵਾਲੀਆਂ ਹਨ ਮੋਰਚੇ ਵਿਚ ਉਹ ਆਪਣੇ ਤੌਰ ਉਤੇ ਤਾਂ ਸੰਭਵ ਹੈ ਕਿ ਜਿਤ ਜਾਣ। ਪਰ ਬਤੌਰ ਪੰਥਕ ਮੋਰਚੇ ਕਰਕੇ ਉਨਾਂ ਦੀ ਜਿਤ ਅਸੰਭਵ ਹੋਵੇਗੀ। ਜਿਵੇਂ ਇਸ ਮੋਰਚੇ ਦਾ ਮਕਸਦ ਕੇਵਲ ਤੇ ਕੇਵਲ ਬਾਦਲ ਦਲ ਨੂੰ ਹਰਾਉਣਾ ਹੀ ਲਗਦਾ ਹੈ।

ਢੁਡੀਕੇ ਸ਼ਹੀਦ ਯਾਦਗਾਰ ਕਮੇਟੀ ਵਲੋਂ ਪੰਜਵੀਂ ਸਲਾਨਾ ਪਿਕਨਿਕ

ਢੁੱਡੀਕੇ ਨਿਵਾਸੀਆਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ। 2 ਸਤੰਬਰ ਦਿਨ ਐਤਵਾਰ ਗਰਾਂਟ ਪਾਰਕ ਕਲੀਅਰ ਬਰੁੱਕ ਰੋਡ ਐਬਟਸਫੋਰਡ ਸਮਾਂ ਸਵੇਰੇ 10 ਵਜੇ ਤੋਂ ਸ਼ਾਮ ਦੇ 7 ਵਜੇ ਤੱਕ ਮਨਾਈ ਜਾ ਰਹੀ ਹੈ। ਸਾਰੇ ਕੰਮ ਕਾਰ ਛੱਡਕੇ ਪਿਕਨਿਕ ਵਿਚ ਸ਼ਾਮਲ ਹੋਣ ਲਈ ਖੁੱਲਾ ਸੱਦਾ ਦਿਤਾ ਜਾਂਦਾ ਹੈ (ਸਪੈਸ਼ਲੀ ਦਿਤਾ ਜਾਂਦਾ ਹੈ)। ਬਚਿਆਂ ਤੋਂ ਲੈ ਕੇ 60 ਸਾਲ ਦੀ ਉਮਰ ਤਕ ਟੋੜਾਂ, ਰੱਸਾ ਕਸੀ, ਮਿਊਜੀਕਲ ਕਰਸੀ ਦੀ ਰੇਸ, ਵਾਲੀਵਾਲ, ਫੁੱਟਵਾਲ, ਆਦਿ ਗੇਮਾਂ ਕਰਾਈਆਂ ਜਾਣਗੀਆਂ। ਪਹਿਲੇ ਦੂਜੇ ਨੰਬਰ ਤੇ ਆਉਣ ਵਾਲਿਆਂ ਨੂੰ ਇਨਾਮ ਦਿਤੇ ਜਾਣਗੇ। ਭੰਗੜਾ, ਨੱਚਣ ਟੱਪਣ ਦਾ ਵੀ ਪ੍ਰੋਗਰਾਮ ਹੋਵੇਗਾ। ਖਾਣਾ ਆਪਣੇ ਮਨ ਪਸੰਦ ਦਾ ਬਣਾ ਕੇ ਲਿਆਉਣਾ। ਹੋਰ ਜਾਣਕਾਰੀ ਲਈ ਫੋਨ ਕਰੋ।

ਪਾਲ ਗਿੱਲ ਐਬਸਟਫੋਰਡ
852-8650
807-6957,
ਬਲਵਿੰਦਰ ਸਿੰਘ ਸਰੀ
543-3992

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ

"ਗੁਰਮਤਿ ਦੇ ਦਸ ਮਹਾਨ ਨੁਕਤੇ"

ਮਾ: ਮਨਜੀਤ ਸਿੰਘ 'ਦਿਉਲ' ਡਾਗੋਂ
ਸਰੀ ਬੀ.ਸੀ.

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਤੱਕ ਸਿੱਖ ਧਰਮ ਦੀ ਬੁਨਿਆਦ ਨੂੰ ਗੁਰੂ ਸਾਹਿਬ ਜੀ ਨੇ ਪੱਕਿਆਂ ਹੀ ਨਹੀਂ ਕੀਤਾ ਸੱਗੋਂਸਿੱਖ ਕੌਮ ਨੂੰ ਸਦੀਵੀ ਸਦਾ ਅਮਰ ਰਹਿਣ ਵਾਲਾ ਵੱਡਮੱਲਾ ਖਜ਼ਾਨਾ ਧੁਰ ਕੀ ਬਾਣੀ ਦਾ ਭੰਡਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ

ਬਖਸ਼ਿਆ। ਇਸ ਸਰੂਪ ਦੇ ਨਾਲ ਪੰਥ ਖਾਲਸਾ ਦੀ ਸਾਜਨਾ ਕਰਕੇ ਪੰਚ ਪਰਧਾਨੁ-ਪਰਮੇਸ਼ਰ ਦਾ ਰੂਪ ਬਖਸ਼ਿਆ। ਗੁਰੂ ਸਾਹਿਬਾਨ ਜੀ ਦੇ ਪਾਏ

ਪੂਰਨਿਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਜੀਵਨ ਸੇਧ ਲੈ ਕੇ ਸਿੱਖ ਨੇ ਆਪਣੇ ਜੀਵਨ ਨੂੰ ਦੂਜਿਆਂ ਲਈ ਮਿਸ਼ਾਲਯੋਗ ਬਣਾਉਣਾ ਹੈ। ਆਉ ਕੁਝਜਰੂਰੀ ਗੱਲਾਂ ਉਪਰ ਧਿਆਨ ਕਰੀਏ-ਕਰਕੇ-ਮੰਨੀਏ ਤਾਂ ਜੀਵਨ ਸਫਲ ਹੋ ਸਕਦਾ ਹੈ। ਜੇਕਰ ਕਰਕੇ ਮੰਨ ਲਈਏ ਤਾਂ ਪ੍ਰਤੱਖ ਨੂੰ ਪਰਮਾਣ ਦੀ ਲੋੜ ਨਹੀਂ ਰਹੇਗੀ।।

ਅੰਮ੍ਰਿਤ ਛਕ ਲੈ :- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੋਖਾ ਅਤੇ ਨਰੋਆ ਆਦਰਸ਼ ਸਥਾਪਿਤ ਕੀਤਾ ਕਿ ਗੁਰੂ ਸਿੱਖ ਵੀ ਹੈ ਅਤੇਂ ਸਿੱਖ ਗੁਰੂ ਵੀ। ਗੁਰੂ ਨੂੰ ਸਿੱਖ ਤੇ ਮਾਣ ਹੈ ਅਤੇ ਸਿੱਖ ਨੂੰ ਗੁਰੂ ਤੇ। ਗੁਰੂ ਸਿੱਖਾਂ ਨੂੰ ਅੰਮ੍ਰਿਤ ਬਖਸ਼ਦਾ ਹੈ। ਫਿਰ ਆਪ ਉਨਾਂ ਤੋਂ ਇਸ ਦਾਤ ਦੀ ਮੰਗ ਕਰਦਾ ਹੈ।

"ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।"
ਖਾਲਸਾ ਖਾਸ ਕਹਾਵੈ ਸੋਈ
ਜਾ ਕੇ ਹਿਰਦੇ ਭਰਮ ਨਾ ਹੋਈ
ਭਰਮ ਭੇਖ ਤੇ ਰਹੇ ਨਿਆਰਾ
ਸੋ ਖਾਲਸਾ ਸਤਿਗੁਰ ਹਮਾਰਾ।।

ਵਿਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ਕੇ ਜਾਤ-ਪਾਤ-ਵੈਰ-ਵਿਰੋਧ ਨੂੰ ਖਤਮ ਕਰਕੇ ਭਾਈ ਦੀ ਬਰਾਦਰੀ ਦਾ ਕਰਜਾ ਦੇ ਦਿੱਤਾ। ਸੋ ਪਹਿਲੀ ਗੱਲ ਸਾਨੂੰ ਸਿੱਖੀ ਸਰੂਪ ਨੂੰ ਧਾਰਨ ਕਰਕੇ ਅੰਮ੍ਰਿਤ ਛਕਣਾ ਬਹੁਤ ਜ਼ਰੂਰੀ ਹੈ।

"ਸੁਰਿ ਨਰ ਮੁਨਿ ਜਨ ਅੰਮ੍ਰਿਤ ਖੋਜਦੇ
ਸੁ ਅੰਮ੍ਰਿਤ ਗੁਰ ਤੇ ਪਾਇਆ।।"
"ਜਿਨਿ ਕਿਨੈ ਪਾਇਆ ਸਾਧ ਸੰਗਤੀ
ਸੰਗਤਿ ਕਰ :- ਪੂਰੈ ਭਾਗਿ ਬੈਰਾਗਿ ।।"

ਹਰ ਸਿੱਖ ਨੂੰ ਸਵੇਰੇ-ਸ਼ਾਮ ਸਮਾਂ ਕੱਢਕੇ ਗੁਰੂ ਜੀ ਦੀ ਸੰਗਤਿ ਵਿੱਚ ਜ਼ਰੂਰ ਜਾਣਾ ਚਾਹੀਦਾ ਹੈ। ਜੇਕਰ ਅਸੀਂ ਨਿਤਨੇਮ ਜਾਂ ਸੰਗਤ ਨਹੀਂ ਕਰਦੇ ਤਾਂ ਅਸੀਂ ਰੱਬ ਦੇ ਨੇੜੇ ਕਿਵੇਂ ਹੋ ਸਕਦੇ ਹਾਂ। ਭਾਵੇਂ ਮਨੁੱਖ ਨੂੰ ਪਰਮਾਤਮਾ ਨੇ ਹੀ ਪੈਦਾ ਕੀਤਾ ਹੈ ਪਰ ਉਸ ਨੂੰ ਯਾਦ ਰੱਖਣਾ ਵੀ ਬਹੁਤ ਜ਼ਰੂਰੀ ਹੈ।

"ਹਰਿ ਜੀਉ ਸ਼ਬਦ ਪਛਾਣੀਐ ਸਾਚਿ ਰਤੇ ਗੁਰ ਵਾਕਿ।।
ਤਿਤੁ ਤਨਿ ਮੈਲੁ ਨ ਲਗਈ ਸਚ ਘਰਿ ਜਿਸੁ ਓਤਾਕੁ।।
ਨਦਰਿ ਕਰੇ ਸਚੁ ਪਾਈਐ ਬਿਨ ਨਾਵੈ ਕਿਆ ਸਾਕੁ।।

ਸਿਮਰਨ ਕਰ:- ਸੰਗਤਿ ਵਿੱਚ ਜਾ ਕੇ ਵਾਹਿਗੁਰੂ-ਵਾਹਿਗੁਰੂ ਦੇ ਸਿਮਰਨ ਦੀਆਂ ਝੜੀਆਂ ਲਾ ਦੇਣੀਆ ਚਾਹੀਦੀਆਂ ਹਨ। ਹਰ ਸਿੱਖ-ਗੁਰਸਿੱਖ ਨੂੰ ਪੂਰੀ ਬਿਰਤੀ ਉਕਾਗਰ ਕਰਕੇ ਸਿਮਰਨ ਕਰਨਾ ਚਾਹੀਦਾ ਹੈ। ਸਿਮਰਨ ਕਰਦੇ ਸਮੇਂ ਮਨੋ-ਬਿਰਤੀ ਪਰਮਾਤਮਾਂ ਨਾਲ ਜੁੜੀ ਹੋਣੀ ਜ਼ਰੂਰੀ ਹੈ।

"ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ।।
ਨ ਘਟਿ ਹੈ ਨਾ ਬਾਢਿ ਹੈ ਨਾ ਘਾਟਿ ਬਾਢਿ ਹੋਤ ਹੈ।।"

ਸਭ ਪਾਸੇ ਪਰਮਾਤਮਾਂ ਦਾ ਹੀ ਪ੍ਰਕਾਸ਼ ਹੈ।

ਚਰਨ ਧੂੜ ਲੈ :- ਰੱਬ ਆਪ ਪ੍ਰਕਾਸ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਸਾਰੇ ਹੀ ਗੁਰੂ ਸਾਹਿਬਾਨ ਜੀ।

ਜਿਨਾਂ ਦੀ ਜਾਗਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਧੂੜ ਲੈਣੀ ਚਾਹੀਦੀ ਹੈ। ਪੰਜ ਪਿਆਰੇ ਅਤੇ ਸਾਧ ਸੰਗਤਿ ਦੇ ਦਰਸ਼ਨ ਕਰਨੇ, ਇਨਾਂ ਦੀ ਚਰਨ ਧੂੜ ਗੁਰੂ ਨਾਨਕ ਦਾ ਰੂਪ ਮੰਨਕੇ ਹੀ ਮਸਤਿਕ ਨਾਲ ਲਾਉਣੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਟੇਕ-ਆਸਰਾ ਲੈ ਕੇ ਜੀਵਨ

ਢਾਲਣਾ ਗੁਰੂ ਦੀ ਚਰਨ ਧੂੜ ਹੀ ਮੰਨ ਲੈਣੀ ਵਧੀਆ ਗੱਲ ਹੋਵੇਗੀ।

ਸੁਭਾ ਬਦਲ ਲੈ :- ਆਪਣਾ ਸੁਭਾ ਮਿਠੁਤ-ਨੀਵੀਂ ਨਾਨਕਾ ਵਾਲਾ ਕਰ ਲੈਣਾ। ਹਿਰਦੇ ਅੰਦਰੋਂ ਵਾਹਿਗੁਰੂ ਦੇ ਸਿਮਰਨ ਦਾ ਹੀ ਵਲਵਲਾ ਉਠਣਾ ਚਾਹੀਦਾ ਹੈ। ਕਾਮ-ਕਰੋਧ-ਲੋਭ-ਮੋਹ-ਹੰਕਾਰ ਨੂੰ ਮਾਰਕੇ ਸਰਬੱਤ ਦੇ ਭਲੇ ਵਾਲੀ ਗੱਲ ਸੋਚਣੀ ਚਾਹੀਦੀ ਹੈ। ਵਾਹਿਗੁਰੂ ਨੇ ਸਭ ਨੂੰ ਇੱਕੋ ਜਿਹੇ ਹੀ ਬਣਾਇਆ ਹੈ। ਪੈਸਾ ਮਨੁੱਖ ਦੀ ਮੱਤ ਮਾਰ ਦਿੰਦਾ ਹੈ। ਜਿੱਥੇ ਪੈਸਾ ਪਰਧਾਨ ਹੋਵੇ, ਉਥੇ ਹੰਕਾਰ-ਲਾਲਚ ਆਦਿ ਸਾਰੀਆਂ ਬੁਰਾਈਆਂ ਹੋਣਗੀਆਂ।

ਗੁਰਬਾਣੀ ਵਿਚਾਰ :- ਗੁਰਬਾਣੀ ਇਕੱਲੀ ਪੜਨੀ ਹੀ ਨਹੀਂ ਸਗੋਂ ਉਸ ਉਪੱਰ ਵਿਚਾਰ ਕਰਕੇ ਜੀਵਨ ਨੂੰ ਢਾਲਣਾ ਬਹੁਚ ਜ਼ਰੂਰੀ ਹੈ। ਹੁਣ ਅਸੀਂ

ਵੇਖਣਾ ਹੈ ਕਿ ਅਸੀਂ ਕੀ ਕਰ ਰਹੇ ਹਾਂ ਅਤੇ ਸਾਨੂੰ ਕੀ ਕਰਨਾ ਚਾਹੀਦਾ ਹੈ। ਗੁਰਬਾਣੀ ਮਨੁੱਖ ਨੂੰ ਸਮਝਾ ਰਹੀ ਹੈ। ਸੋ ਗੁਰਬਾਣੀ ਪੜਕੇ-ਉਸ

ਉਪਰ ਵਿਚਾਰ ਕਰਕੇ ਜੀਵਨ ਨੂੰ ਢਾਲਣਾ ਬਹੁਤ ਜ਼ਰੂਰੀ ਹੈ।

"ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸ ਜੇਵਡ ਅਵਰ ਨ ਕੋਇ।।"

ਅਫਸੋਸ ਹੈ ਕਿ ਅੱਜਕੂਲ ਬਾਣੀ ਨੂੰ ਛੱਡਕੇ ਬੰਦੇ ਨੂੰ ਮੱਥਾ ਟੇਕਣਾ ਜ਼ਿਆਦਾ ਹੀ ਠੀਕ ਮੰਨਿਆ ਜਾ ਰਿਹਾ ਹੈ।

ਸੇਵਾ ਨਰ :-
"ਗੁਰਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ।।"

ਹਰ ਸਿੱਖ ਨੇ ਅੰਮ੍ਰਿਤ ਛੱਕਕੇ ਸਾਧ ਸੰਗਤਿ ਦੀ ਸੇਵਾ ਕਰਨੀ, ਗੁਰਦੁਆਰੇ ਜਾ ਕੇ ਬਰਤਨ ਸਾਫ ਕਰਨੇ-ਜੋੜਿਆਂ ਦੀ ਸੇਵਾ ਲੰਗਰ ਦੀ ਸੇਵਾ-ਪਾਣੀ ਦੀ ਸੇਵਾ ਅਤੇ ਸਿੱਖ ਇਤਿਹਾਸ ਦੇ ਗੌਰਵਮਈ ਵਿਰਸੇ ਨੂੰ ਪ੍ਰਚਾਰਨਾ ਜ਼ਰੂਰੀ ਸੇਵਾ ਹੈ। ਆਪਣੀ ਨੇਕ ਕਮਾਈ ਵਿੱਚੋਂ ਦਸਵੰਧ ਕੱਢਕੇ ਗਰੀਬਾਂ-ਦੁਖੀਆਂ ਨੂੰ ਦਾਨ ਕਰਨਾ ਚਾਹੀਦਾ ਹੈ।

ਅਰਦਾਸ ਕਰ :-
"ਜੋ ਮਾਂਗਹਿ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ।।"

ਅਸੀਂ ਗੁਰੂ ਅੱਗੇ ਹੀ ਦੁੱਖ-ਸੁੱਖ ਦੀ ਅਰਦਾਸ ਕਰਨੀ ਹੈ। ਗੁਰੂ ਸਮਰੱਥ ਹੈ।ਉਹ ਸਭ ਦੀਆਂ ਝੋਲੀਆਂ ਭਰਦਾ ਹੈ। ਪਰਮਾਤਮਾ ਸੁੱਖ ਦਾਤਾ ਹੈ। ਉਹ ਤਰਸਵਾਨ ਹੈ। ਉਹ ਮਿਹਰਬਾਨ ਹੈ। ਉਹ ਸਦਾ ਬਖਸੰਦ ਹੈ। ਉਹ ਸਭ ਦਾਤਾਂ ਦੇਣ ਵਾਲਾ ਦਾਤਾ ਹੈ।

"ਮਿਲੇ ਪ੍ਰਤਖਿ ਗੁਸਾਈਆਂ ਧੰਨਾ ਵਡਭਾਗਾ।।"

ਯਾਦ ਰੱਖ :- ਹਰ ਇਕ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਅਸੀਂ ਪਰਮਾਤਮਾ ਦੇ ਦੇਣਦਾਰ ਹਾਂ। ਸਾਨੂੰ ਪਰਮਾਤਮਾ ਦਾ ਵੱਧ ਤੋਂ ਵੱਧ ਸਿਮਰਨ ਕਰਨਾ ਚਾਹੀਦਾ ਹੈ ਸਵੇਰ-ਸ਼ਾਮ ਵੱਧ ਤੋਂ ਵੱਧ ਸਿਮਰਨ ਅਤੇ ਗੁਰਬਾਣੀ ਪੜਨ੍ਹੀ ਚਾਹੀਦੀ ਹੈ। ਗੁਰੂ ਦੀ ਮੱਤ ਦਾ ਪ੍ਰਚਾਰ ਕਰਨਾ। ਗੁਰਬਾਣੀ ਅਤੇ

ਪਰਮਾਤਮਾ ਨਾਲ ਲੱਗੀ ਬਿਰਤੀ ਵਿੱਚੋਂ ਪਿਆਰ-ਵੈਰਾਗ-ਸਹਿਜ-ਅਡੋਲਤਾ ਅਤੇ ਅੰਮ੍ਰਿਤ ਰਸ ਪੈਦਾ ਹਵੇਗਾ। ਮਨੁੱਖ ਨੂੰ ਹਰ ਵੇਲੇ ਵਾਹਿਗੁਰੂ

ਪਰਮੇਸ਼ਰ ਨੂੰ ਯਾਦ ਰੱਖਣਾ ਚਾਹੀਦਾ ਹੈ। ਵਾਹਿਗੁਰੂ ਹੀ ਸਾਰੇ ਰੋਗਾਂ ਦੀ ਦਾਰੂ ਹੈ।

ਚੇਤਾਵਨੀ :- ਅਖੀਰਲੀ ਦਸਵੀਂ ਮਹੱਤਪੂਰਨ ਗੱਲ ਹੈ ਕਿ ਸਿੱਖ ਨੇ ਦਸ ਗੁਰੂਆਂ ਦੀ ਜਗਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਸ਼ਬਦ ਗੁਰੂ

ਮੰਨਣਾ ਹੈ। ਇਸ ਤੋਂ ਬਿਨਾਂ ਕਿਸੇ ਦੇਹਧਾਰੀ ਨੂੰ ਮੱਥਾ ਨਹੀਂ ਟੇਕਣਾ। ਕਿਸੇ ਪਖੰਡੀ ਦੇਹਧਾਰੀ ਗੁਰੂ ਦੇ ਪਿੱਛੇ ਭੁੱਲਕੇ ਵੀ ਨਹੀਂ ਲੱਗਣਾ। ਹਰ ਵੇਲੇ

ਇਹ ਯਾਦ ਰੱਖਣਾ ਹੈ ਕਿ :-

"ਪੂਜਾ ਅਕਾਲ ਕੀ
ਪਰਚਾ ਸ਼ਬਦ ਕਾ,
ਦੀਦਾਰ ਖਾਲਸੇ ਕਾ
ਆਗਿਆ ਪੰਚਾਂ ਕੀ
ਭਲਾ ਸਰਬਤ ਕਾ।।"

"ਬਲ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ।।

ਨਾਨਕ ਸਭ ਕਿਛੁ ਤੁਮਰੇ ਹਾਥ ਮੈਂ ਤੁਮ ਹੀ ਹੋਤ ਸਹਾਇ।।"

ਸੋ ਉਪਰ ਲਿਖੀਆਂ ਦਸ ਗੱਲਾਂ ਨੂੰ ਧਿਆਨ ਨਾਲ ਪੜ੍ਹਕੇ ਇਸ ਉਪਰ ਧਿਆਨ ਦੇਣ ਦੀ ਬਹੁਤ ਲੋੜ ਹੈ। ਚੌਕੀਂਦਾਰ ਦਾ ਫਰਜ ਹੋਕਾ ਦੇਣਾ ਅੱਗੇ ਤੁਹਾਡੀ ਮਰਜ਼ੀ ਹੈ। ਅੱਜ ਸਮਾਂ ਮੰਗ ਕਰਦਾ ਹੈ ਕਿ ਆਪਣਾ ਮੂਲ ਪਛਾਣੋ ਅਤੇ ਏਕਤਾ ਅਤੇ ਪਿਆਰ ਨਾਲ ਰਹੋ।

ਕਾਵਿ - ਕਿਆਰੀ

ਗ਼ਜ਼ਲ

ਦੀਪਕ 'ਜੈਤੋਈ'

ਉਸਤਾਦ ਗਜ਼ਲਗੋ ਦੀਪ ਜੈਤੋਈ ਪੰਜਾਬੀ ਪਾਠਕਾਂ ਲਈ ਕਿਸੇ ਜਾਣ ਪਹਿਚਾਣ ਦਾ ਮੁਹਤਾਜ ਨਹੀਂ। ਉਸਦੇ ਸੈਂਕੜੇ ਗੀਤ ਅਤੇ ਗਾਣੇ ਪੰਜਾਬੀ ਗੀਤਕਾਰਾਂ ਨੇ ਗਾਏ ਜੋ ਪੰਜਾਬ ਦੇ ਗਭਰੂ-ਮੁਟਿਆਰਾਂ ਦੀ ਜ਼ਬਾਨ ਉਤੇ ਲੋਕ ਗੀਤਾਂ ਵਾਂਗ ਚੜ ਗਏ, ਅਤੇ ਗਜ਼ਲ ਲਿਖਣ ਵਿਚ ਪੰਜਾਬੀ ਵਿਚ ਉਸਦਾ ਕੋਈ ਸਾਨੀ ਨਹੀਂ। ਹੇਠਲੀ ਗਜ਼ਲ ਵਿਚ ਪੰਜਾਬੀ ਸਾਹਿਤ ਦੇ ਇਸ ਮਹਾਨ ਸਾਹਿਤਕਾਰ ਨੇ ਗੁਜਰਾਤ ਦੇ ਭੁਚਾਲ ਵਿਚ ਹੋਈ ਮਨੁਖਤਾ ਦੀ ਤਬਾਹੀ ਲਈ ਖੁਦਾ ਨੂੰ ਵੀ ਕੋਸਿਆ ਹੈ। ਸੰਪਾਦਕ।

ਗੁਜਰਾਤ ਵਿਚ ਤਬਾਹੀ ਤੂੰ ਇਸ ਕਦਰ ਮਚਾਈ।
ਯਾ ਰੱਬ ਤੇਰੀ ਦੁਹਾਈ, ਯਾ ਰੱਬ ਤੇਰੀ ਦੁਹਾਈ।
ਆਪਣੇ ਹੀ ਬੰਦਿਆਂ ਨੂੰ ਬੇ-ਮੌਤ ਮਾਰ ਦਿਤਾ।
ਬੇ ਮੌਤ ਮਾਰਦੇ ਨੂੰ ਤੈਨੂੰ ਸ਼ਰਮ ਨਾ ਆਈ?
ਨਿਰਦੋਸ਼ ਬੰਦਿਆਂ ਦਾ ਜੇ ਤੂੰ ਵਿਨਾਸ ਕਰਨੈਂ,
ਫਿਰ ਤੂੰ ਖੁਦਾ ਹੈਂ ਕਾਹਦਾ? ਕੀ ਹੈ ਤੇਰੀ ਖੁਦਾਈ?
ਮਾਸੂਮ ਬਚਿਆਂ ਨੂੰ ਕੀਤਾ ਮੁਆਫ ਨਾ ਤੂੰ,
ਮੈਂ ਪੁਛਦਾ ਹਾਂ ਤੈਨੂੰ, ਤੂੰ ਰੱਬ ਏਂ ਜਾਂ ਕਸਾਈ?
ਇਸ ਹਾਦਸੇ 'ਤੇ ਹੁੰਦੈ ਇਹ ਵੀ ਅਖਾਣ ਲਾਗੂ,
ਜੰਮੇ ਸੀ ਵਾਰੋ ਵਾਰੀ ਕੱਠਿਆਂ ਨੂੰ ਮੌਤ ਆਈ।
ਗਾਂਧੀ ਮਹਾਤਮਾ ਦਾ ਗੁਜਰਾਤ ਹੀ ਹੈ ਸੂਬਾ,
ਉਹ ਸਨ ਆਹਿੰਸਾ ਚਾਹੁੰਦੇ ਪਰ ਤੂੰ ਹਿੰਸਾ ਵਿਖਾਈ।
ਸਾਨੂੰ ਸ਼ਰਾਬੀਆਂ ਨੂੰ ਲੋਕੀ ਬੁਰਾ ਨੇ ਕਹਿੰਦੇ,
ਗੁਟ ਹੋਕੇ ਕਿਸ ਨਸ਼ੇ ਵਿਚ ਹਨੇਰ੍ਹੀ ਹੈ ਤੂੰ ਉਠਾਈ?
ਬਚੇ ਜਵਾਨ ਬੁਢੇ ਬੇਦਰਦਾ ਮਾਰ ਸੁਟੇ
ਅਤਵਾਦੀਆਂ ਵੀ ਏਦਾਂ ਅੰਨ੍ਹੀ ਨਾ ਸੀ ਮਚਾਈ।
ਇਸ ਹਾਦਸੇ ਤੋਂ ਨਕਸ਼ਾ ਆਉਂਦੈ ਉਭਰ ਕੇ ਸਾਹਵੇਂ।
ਕੀ ਚੀਜ਼ ਹੈ ਇਹ ਸਾਇੰਸ? ਜੋ ਚੀਜ਼ ਹੈ ਖੁਦਾਈ
ਦਿਲ ਤੇ ਮਿਰੇ ਜੋ ਗੁਜ਼ਰੇ ਸ਼ਿਅਰਾਂ 'ਚ ਕਿੱਦਾਂ ਦੱਸਾਂ?
ਚਲਦੇ ਨੇ ਦਿਲ 'ਤੇ ਨਸ਼ਤਰ ਪਾਉਂਦਾ ਫਿਰਾਂ ਹਾਈ।
ਬਚਪਨ 'ਚ ਸੁਣਿਆ ਸੀ ਮੈਂ ਇਕ ਕੋਇਟਾ ਗਰਕ ਹੋਇਆ।
ਵੇਖੀ ਬੁਢਾਪੇ ਵਿਚ ਹੁਣ, ਕੁਦਰਤ ਦੀ ਬੇਹਿਯਾਈ।
ਦਸੀ 'ਦਲਾਈ ਲਾਮੇ' ਇਹ ਗਲ ਸੀ ਸਾਲ ਪਹਿਲਾਂ
ਆਊ ਭੁਚਾਲ ਏਥੇ ਬਚ ਨਾ ਸਕੂ ਲੋਕਾਈ।
ਕਰਦਾ ਹੈ ਨੁਕਤਾ ਚੀਨੀ ਕੁਦਰਤ ਦੇ ਕੰਮਾਂ ਉਤੇ
ਐਂ ਜਾਪਦਾ ਇਹ 'ਦੀਪਕ' ਹੁਣ ਹੋ ਗਿਆ ਸ਼ੁਦਾਈ।

ਸਾਹਿਤ ਆਚਾਰਯ

ਗੁਰਚਰਨ 'ਰਾਮਪੁਰੀ'

ਪੰਡਿਤ ਬਹੁਤੀ ਵਾਰ ਬੋਲਦੇ ਹਾਕਮ ਬੋਲੀ
ਕੋਈ ਯੋਧਾ ਹੀ ਸੋਚ ਸਮਝਕੇ
ਅਨਲਹਕ ਹੈ ਕਹਿੰਦਾ, ਸੂਲੀ ਸਹਿੰਦਾ।
ਕੂੜ ਪਸਾਰੇ ਵਲੋਂ ਪਰੋਹਤ ਅਖਾਂ ਮੀਟਣ
ਜਾਂ ਬਾਬਰ ਦੀ ਕਰਨ ਦਲਾਲੀ,
ਚੀਖਾਂ ਲੀਰਾਂ ਵਲੋਂ ਅੰਨੇ ਬੋਲੇ,
ਦਾਨੀ ਜਜਮਾਨਾ ਦੇ ਗੁਣ ਹਨ ਗਾਉਂਦੇ।
ਲੋਕਾਂ ਦੀ ਬੋਲੀ ਨੂੰ ਲੰਮੀ ਸੋਟੀ ਵੀ ਨਾ ਛੋਂਹਦੇ,
ਮੇਰੇ ਘਰ ਆ ਗੁੜੇ ਮੰਤਰ ਸ਼ਲੋਕ ਉਚਾਰਨ ਆਖਣ
ਏਸੇ ਸੁਰ ਵਿੱਚ ਗਲ ਗਿਆਨ ਦੀ ਹੋ ਸਕਦੀ ਹੈ।
ਪਰ ਜਦ ਗੁਆਂਢੀ ਮੌਲਾਣੇ ਦੇ ਨਾਲ ਫਾਰਸੀ ਘੋਟਣ
ਆਪਣਾ ਸੁਰ ਤਬਦੀਲ ਕਰੇਂਦੇ ਪਲ ਨਾ ਲਾਵਣ।
ਗੱਦੀਦਾਰ ਸ਼ਾਮ ਨੂੰ ਬਦਲੇ
ਤਾਂ ਮੂੰਹ-ਨ੍ਹੇਰੇ ਤੋਂ ਪਹਿਲਾਂ ਹੀ, ਨੀਲਾ ਲਾਹ ਕੇ ਬਗਾ ਪਾਉਂਦੇ
ਨਵੇਂ ਦੁਆਰੇ ਅਲਖ ਜਗਾਉਂਦੇ।
ਰਹਿਣ ਸਦਾ ਝੋਲੀ ਨੂੰ ਜੋਂਹਦੇ
ਸਚ ਨੂੰ ਕੋਹੰਦੇ
ਕੂੜ-ਪਸਰੀ ਸਜਕੇ ਬੈਠੇ
ਹਟ ਸ਼ਬਦ ਦੀ ਖੋਲ੍ਹੀ
ਪੰਡਿਤ ਬਹੁਤੀ ਵਾਰ ਬੋਲਦੇ ਹਾਕਮ ਬੋਲੀ।

ਗਜ਼ਲ

ਡਾ: ਦਰਸ਼ਨ 'ਗਿੱਲ'

ਜਦ ਕਦੇ ਵੀ ਭਟਕਦੀ ਪੌਣ ਲੰਘੀ ਮੇਰੇ ਦਰਾਂ ਤੋਂ,
ਸਮਝਿਆ ਬੁਰੀ ਖਬਰ ਹੈ ਆ ਗਈ ਤੇਰੇ ਗਰਾਂ ਤੋਂ।

ਸੋਚਿਆ ਕੋਈ ਸੁਪਨਾ ਤੇ ਆਵੇ, ਅਜੇ ਹੈ ਰਾਤ ਬਾਕੀ,
ਦੇਖਿਆ ਤਾਂ ਪੰਛੀ ਜਖਮੀ ਉਡਿਆ ਜਾਵੇ ਸਿਰਾਂ ਤੋਂ।

ਊਂ ਤਾਂ ਹੈ ਤੇਰਾ ਚੇਹਰਾ, ਜਿਸ 'ਚ ਵੇਖਾਂ ਆਪ ਨੂੰ,
ਉਂਝ ਤੇਰਾ ਮੇਰਾ ਮੇਲ ਨਹੀਂ ਹੋਇਆ ਕਿੰਨੇ ਚਿਰਾਂ ਤੋਂ।

ਦੀਪਕ ਤੂੰ ਏਸ.ਨੂੰ ਹਥਾਂ 'ਤੇ ਰਖ ਜਾਂ ਮਥੇ ਸਜਾ,
ਏਸ ਬਿਨ ਨਹੀਂ ਦੂਰ ਹੋਣੇ ਨੇਰ੍ਹੇ, ਇਹ ਆਪਣੇ ਘਰਾਂ ਤੋਂ।

ਕਿੰਨਾ ਕੁ ਚਿਰ ਲੁਕ ਲੁਕ ਕੇ ਬੀਤੇਗੀ ਹਰ ਘੜੀ,
ਚਲ ਉਚੇ-ਉਠੀਏ ਆਪਾਂ ਨਿਤ ਇਹਨਾਂ ਡਰਾਂ ਤੋਂ।

ਗਜ਼ਲ

ਅਸ਼ਰਫ 'ਗਿਲ'

ਜਾਪਦਾ ਨਜ਼ਰਾਂ ਦਾ ਘੇਰਾ ਤੰਗ ਏ
ਫਿਰ ਵੀ ਬੰਦਾ ਵੇਖਦਾ ਹਰ ਰੰਗ ਏ

ਹਰ ਕੋਈ ਖੁਦ ਨੂੰ ਸਮਝਦਾ ਏ ਫਲਸਫ਼ੀ
ਇਸ ਕਾਰਨ ਹੀ ਅਸਾਡੀ ਜੰਗ ਏ

ਜ਼ਿੰਦਗੀ ਦਾ ਦੂਸਰਾ ਨਾਂ ਖਾਹਿਸ਼ਾਂ
ਮਰਕੇ ਮੁਕਦੀ ਆਦਮੀ ਦੀ ਮੰਗ ਏ

ਪਿਘਰਦੀ ਏ ਸਾਹ ਦੇ ਸੇਕੇ ਦੇ ਨਾਲ
ਮੋਮ ਦੀ ਸ਼ਾਇਦ ਹਿਆ ਤੇ ਨੰਗ ਏ

ਜ਼ਿੰਦਗਾਨੀ ਸ਼ੀਸ਼ਿਆਂ ਦਾ ਹੈ ਮਹਲ
ਤਾਂ ਹੀ ਚੂਰਾ ਏਸਦਾ ਅੰਗ ਅੰਗ ਏ

ਡਾਂਗ ਸੋਟਾ ਹਰ ਕੋਈ ਬੈਠਾ ਫੜੀ
ਆਪਣਾ ਆਪਣਾ ਜੀਵਨੇ ਦਾ ਢੰਗ ਏ

ਟੁੱਟ ਜ਼ਮੀਨੋਂ ਆਸਮਾਨੀਂ ਚੜ੍ਹ ਗਈ
ਇਹ ਧਨਕ ਏ ਜਾਂ ਕਿਸੇ ਦੀ ਵੰਗ ਏ

ਰੱਬ ਤਾਂ ਵੰਡੀਆਂ ਸੀ ਖੁਸ਼ੀਆਂ ਬੇ-ਸ਼ੁਮਾਰ,
ਮੇਰੀ ਕਿਸਮਤ ਦਾ ਹੀ ਝੋਲਾ ਤੰਗ ਏ।

ਜੀਣ ਜੋਗੀ ਜ਼ਿੰਦਗੀ ਲੱਭਣ ਲਈ,
ਆਦਮੀ ਦਾ ਜਸਮ ਡੰਗੋ-ਡੰਗ ਏ

ਮੰਗ ਅਸ਼ਰਫ ਦਿਲ ਤੋਂ ਉਸ ਤੋਂ ਝੱਕ ਨਾ
ਲਾਣਦੇ ਵੇਲੇ ਨਾ ਆਈ ਸੰਗ ਏ?

ਕਸ਼ਮੀਰ ਟਿੰਡ ਵਿਚ ਕਾਨਾ ਪਾ ਦਿਤਾ!

ਜੋਗਿੰਦਰ 'ਸਭਰਵਾਲ'

ਗੱਲ ਸੁਣ ਲਉ ਫਰਜ਼ਾਂ ਵਾਲਿਓ
ਜਰਾ ਆਪਣਾ ਫਰਜ਼ ਨਿਭਾ ਦੇਣਾ
ਮੇਰੇ ਦੇਸ਼ ਦੇ ਇਸ ਤਿਰੰਗੇ ਉਤੇ
ਇਮਾਨਦਾਰੀ ਦਾ ਬੂਟਾ ਪਾ ਦੇਣਾ?

ਕਈ ਸਾਲ ਗੁਲਾਮੀ ਝੱਲਕੇ ਵੀ,
ਮੁੱਖ ਦੇਖਿਆ ਨਹੀਂ ਅਜ਼ਾਦੀ ਦਾ ਏ,
ਤੁਸੀਂ ਕੁਰਸੀ ਲਈ ਲੋਕਾਂ ਨੂੰ ਵੰਡ ਦਿੱਤਾ,
ਮੁੱਢ ਬੰਨ੍ਹ ਦਿੱਤਾ ਅੱਜ ਬਰਬਾਦੀ ਦਾ ਏ

ਨੇਤਾਗਿਰੀ ਦੇ ਭੁੱਖੇ ਲੀਡਰਾਂ ਨੇ
ਪਾੜਾ ਭਾਈਆਂ ਭਾਈਆਂ ਵਿਚ ਪਾ ਦਿੱਤਾ,
ਛੁਪੇ ਰੁਸਤਮਾਂ ਐਸੀ ਚਾਲ ਚੱਲੀ,
ਇੱਧਰ ਹਿੰਦੁਸਤਾਨ ਉਧਰ ਪਾਕਿਸਤਾਨ ਬਣਾ ਦਿੱਤਾ

ਸੰਨ 47 ਨੂੰ ਅੱਜ ਵੀ ਝੁਰਦੇ ਹਾਂ,
ਜਦੋਂ ਜਮੀਨ ਨਾਲ ਅਸਮਾਨ ਟਕਰਾ ਦਿੱਤਾ,
ਸੂਰਜ ਤੇ ਚੰਦਰਮਾਂ ਦਾ ਕਦੇ ਨਹੀਂ ਮੇਲ ਹੁੰਦਾ,
ਕਸ਼ਮੀਰ ਟਿੰਡ ਵਿਚ ਕਾਨਾ ਪਾ ਦਿੱਤਾ

'ਸਭਰਵਾਲ' ਆਜ਼ਾਦੀ ਨਹੀਂ ਆਈ,
ਇਹ ਤਾਂ ਵੈਰੀ ਨੇ ਚੱਲੀਏ ਚਾਲ ਵੀਰੋ,
ਅਸਲ ਆਜ਼ਾਦੀ ਦੇ ਤਕ ਪਹੁੰਚਣ ਲਈ,
ਸਾਨੂੰ ਲਗਣੇ ਸੈਂਕੜੇ ਸਾਲ ਵੀਰੋ।

ਗਜ਼ਲ

ਜੀਵਨ 'ਰਾਮਪੁਰੀ'

ਆਦਮੀ ਦੀ ਏਕਤਾ ਤੇ
ਵਿਸ਼ਵ ਭਰ ਲਈ ਸ਼ਾਂਤੀ!
ਕਰ ਦਿਓ ਜੇ ਕਰ ਸਕੋਂ
ਇਕ ਇਕ ਜਨਤਾ ਕਰਾਂਤੀ।

ਉਪਜੇ ਇਕ ਨੂਰ ਤੋਂ
ਕਿਓਂ ਹੱਦਾਂ ਬਨੇ ਵੰਡੀਆਂ।
ਆਖਰ ਦੀ ਮੰਜ਼ਲ ਇਕ ਹੈ
ਬਹੁ ਰਾਸਤੇ, ਪਗਡੰਡੀਆਂ।

ਬਣ ਰਾਹੀ ਸੱਚਿ ਤੇ ਹੱਕਿ ਦਾ
ਤਜ ਹੌਂ ਹਨੇਰਾ ਨੂਰ ਬਣ।
ਕਰ ਲੈ ਮੁਸ਼ੱਕਤ ਘਾਲਣਾ
ਸਿਮਰਨ, ਜ਼ਬਤ, ਦਸਤੂਰ ਬਣ।

ਛੱਡ ਦੇ ਤੂੰ ਚਿੰਤਾ ਕਲ੍ਹ ਦੀ
ਮਨ ਸ਼ਾਂਤ ਕਰ ਮਸਰੂਰ ਰਹੋ।
ਹੈ ਨਾਮ ਔਖਦ, ਔਸ਼ਦੀ,
ਹਰ ਦੁਬਧ ਤੋਂ ਗਮਦੂਰ ਹੋ।

ਛੱਡ ਡੋਰੀ ਸੱਚੇ ਰੱਬ ਤੇ
ਰਹਿ ਰਜ਼ਾ ਵਿਚ ਪਾ ਧਰਮ ਦਾਤਾ।
ਹੋ ਮੁਕਤ ਮਾਇਆ ਜਾਲ 'ਚੋਂ
ਕਰ ਜ਼ਿਕਰ ਤੇ ਪਾ ਲੈ ਨਜਾਤ।

ਸਿੱਖ ਸਬਰ ਸੱਤਿ ਸੰਤੋਖ ਨੂੰ
ਵੰਡ ਛਕ, ਦਿਆ ਕਰ, ਧਰਮ ਕਾਰ।
ਸਿੰਚਾਰ ਜਗ ਵਿਚ ਸ਼ਾਂਤੀ
ਨਿਸ ਕਾਮਨਤਾ, ਪਰ ਉਪਕਾਰ।

ਜੰਗ ਵਾਦੀ ਨੇ ਜੋ ਸੋਚਾਂ
ਓਨਾਂ ਨੂੰ ਨਿਰਵੈਰ ਕਰ।
ਓਨਾਂ ਸੂਝਾਂ ਦੇ ਮਨਾਂ ਵਿੱਚ
ਪਿਆਰ ਦਾ ਅੰਮ੍ਰਿਤ ਦੇ ਭਰ।

ਗਜ਼ਲ

ਗੁਰਦਰਸ਼ਨ 'ਬਾਦਲ'

ਕਦੇ ਚਾਨਣ ਨਹੀਂ ਭਾਇਆ, ਹਨੇਰੇ ਦੇ ਗੁਲਾਮਾਂ ਨੂੰ।
ਬੜਾ ਬਹਿ-ਬਹਿ ਕੇ ਸਮਝਾਇਆ, ਹਨੇਰੇ ਦੇ ਗੁਲਾਮਾਂ ਨੂੰ।

ਨਜ਼ਰ ਵਿਚ ਕਾਲਖ਼ਾਂ ਨੇ ਇੰਝ ਡੇਲੇ ਲਾ ਲਏ ਪੱਕੇ,
ਦਿਸੇ ਅਪਣਾ ਵੀ ਨਾ ਸਾਇਆ, ਹਨੇਰੇ ਦੇ ਗੁਲਾਮਾਂ ਨੂੰ।

ਉਨ੍ਹਾਂ ਦਾ ਪੋਲ ਝਟ ਖੁੱਲ੍ਹਿਆ, ਲੁਕੋਣੇ ਲਈ ਤੁਸਾਂ ਭਾਂਵੇਂ,
ਬੜਾ ਉੱਤੋਂ ਸੀ ਲਿਸ਼ਕਾਇਆ, ਹਨੇਰੇ ਦੇ ਗੁਲਾਮਾਂ ਨੂੰ।

ਇਧਰ ਚਾਨਣ ਦੇ ਵਣਜਾਰੇ ਨੂੰ, ਥਾਪੀ ਦੇ ਗਿਆ ਚਾਤੁਰ,
ਉਧਰ ਉਂਗਲ 'ਤੇ ਜਾ ਲਾਇਆ, ਹਨੇਰੇ ਦੇ ਗੁਲਾਮਾਂ ਨੂੰ।

ਉਨ੍ਹਾਂ ਅੱਖਾਂ ਦੇ ਵਿਚ ਯਾਰੋ! ਪਤਾ ਹੈ ਕਿਉਂ ਰੜਕੈਂਦੀ?
ਇਹ ਚਾਨਣ ਰਾਸ ਨਈਂ ਆਇਆ, ਹਨੇਰੇ ਦੇ ਗੁਲਾਮਾਂ ਨੂੰ।

ਹਨ੍ਹੇਰਾ ਜੇ ਨਹੀਂ ਮੁਕਦਾ, ਤਾਂ ਚਾਨਣ ਵੀ ਕਦੋਂ ਮਰਦੈ?
ਹੈ ਲੱਖਾਂ ਵਾਰ ਜਤਲਾਇਆ ਹਨੇਰੇ ਦੇ ਗੁਲਾਮਾਂ ਨੂੰ।

ਉਹ ਪੂਰੇ ਚੰਨ ਦੇ ਚਾਨਣ 'ਚ ਚੰਦਰੀ ਬਾਂਝ ਹੋ ਜਾਵੇ,
ਹੈ ਜਿਹੜੀ ਕੁੱਖ ਨੇ ਜਾਇਆ, ਹਨੇਰੇ ਦੇ ਗੁਲਾਮਾਂ ਨੂੰ।

ਇਨ੍ਹੂੰ ਜੇ ਓਟ ਨਾ ਕਰੀਏ, ਬਿਖ਼ਰ ਜਾਂਦਾ ਹੈ ਚਾਨਣ ਵੀ,
ਕਦੀ ਰਸਤਾ ਹੈ ਦਿਖਲਾਇਆ? ਹਨੇਰੇ ਦੇ ਗੁਲਾਮਾਂ ਨੂੰ।

ਹਮੇਸ਼ਾਂ ਰਹਿਣ ਇੱਕੋ ਥਾਂ, ਇਸੇ ਵਿਚ ਹੈ ਭਲਾ ਜਗ ਦਾ,
ਹੈ "ਬਾਦਲ" ਕਿਸਨੇ ਬਿਖਾਰਾਇਆ? ਹਨੇਰੇ ਦੇ ਗੁਲਾਮਾਂ ਨੂੰ।

ਗਜ਼ਲ

ਡਾ: ਦਰਸ਼ਨ 'ਗਿੱਲ'

ਅਸੀਂ ਆਪਣਾ ਦੁੱਖ-ਸੁੱਖ ਸਹਿ ਚਲੇ
ਤੇਰੀ ਨਗਰੀ ਦੋ ਪਲ ਰਹਿ ਚਲੇ।
ਜੋ ਹੰਝੂ ਹੁਣ ਤਕ ਰੋਕੇ ਸਨ
ਅਜ ਦਰਦ ਕਹਾਣੀ ਕਹਿ ਚਲੇ।
ਸਾਡੇ ਦਿਲ ਦੀ ਦੁਨੀਆਂ ਉਜੜ ਗਈ
ਸਾਡੇ ਇਸ਼ਕ ਮੁਨਾਰੇ ਢਹਿ ਚਲੇ।
ਅਸਾਂ ਵਾਂਗ ਕਿਨਾਰੇ ਅਟਕੇ ਸਾਂ
ਅਜ ਛਲਾਂ ਆਈਆਂ ਵਹਿ ਚਲੇ।
ਤੇਰੀ ਦੁਨੀਆਂ ਜੀਵੇ ਜੀ ਸਦਕੇ
ਅਸੀਂ ਜੀਂਦੇ ਕਬਰੀਂ ਪੈ ਚਲੇ।

ਮੌਤ ਦੀ ਘੜੀ

ਸਰਵਣ 'ਪਾਲਮਪੁਰੀ'

ਪੁਲੰਸ ਐਸਕੋਰਟ ਤਾਂ ਸੀ ਬੜੀ,
ਅੱਗੇ ਭੀ ਪਿਛੇ ਭੀ,
ਸੱਜੇ ਭੀ, ਖੱਬੇ ਭੀ,
ਉਤੇ ਭੀ, ਥੱਲੇ ਭੀ,
ਸੈਕਟ੍ਰੀਏਟਾਂ ਦੇ,
ਪਰ ਫੇਰ ਭੀ,
ਆ ਗਈ "ਮੌਤ ਦੀ ਘੜੀ।"

ਥੱਕ ਗਿਆ

ਟੋਨੀ

ਤੂੰ ਦੁੱਖ ਦਿੰਦੀ ਨਹੀਂ ਥੱਕੀ,
ਅਸੀਂ ਸਹਾਰਦੇ-ਸਹਾਰਦੇ ਥੱਕ ਗਏ ਹਾਂ,
ਸਾਨੂੰ ਮਾਣ ਸੀ, ਆਪਣੀ ਜਵਾਨੀ ਤੇ,
ਤੂੰ ਇਸ ਕੱਖਾਂ ਰੋਲ ਕੇ ਵੀ ਨਹੀਂ ਥੱਕੀ,
ਅਸੀਂ ਕੱਖਾਂ 'ਚੋਂ ਚੁਗਦੇ-ਚੁਗਦੇ ਥੱਕ ਗਏ ਹਾਂ,
ਅਸੀਂ ਪੱਲਾ ਛਡਾ ਕੇ ਖੁਸ਼ੀਆਂ ਤੋਂ,
ਪਰ ਤੇਰੀ ਖਾਤਰ ਅਸੀਂ ਦੁੱਖ ਸਹਿੰਦੇ,
ਥੱਕ ਗਏ ਹਾਂ,

ਜਿਹੜੇ ਕਹਿੰਦੇ ਸੀ, ਚੰਗਾ ਮੈਨੂੰ ਕਦੇ,
ਹੁਣ ਉਹ ਕਹਿੰਦੇ ਲੋਕ ਪਾਗਲ ਮੈਨੂੰ,
ਇੱਕ ਇਹ ਤੇਰੀ ਖਾਤਰ ਮੈਂ ਸੁਣ ਸੁਣ
ਥੱਕ ਗਿਆ ਹਾਂ,
ਮਨ ਕਹਿੰਦਾ ਭੁੱਲ ਜਾਂ ਤੈਨੂੰ
ਜਿਹਨੇ ਸੁੱਟਿਆ ਅਸਮਾਨ ਦੀ ਉਚਾਈ ਤੋਂ "ਟੋਨੀ" ਨੂੰ,
ਫਿਰ ਵੀ ਦਿਲ ਉਸ ਦੁਆ ਕਰਦਾ,
ਨਹੀਂ ਥੱਕਿਆ, ਨਹੀਂ ਥੱਕਿਆ, ਨਹੀਂ ਥੱਕਿਆ।

Continued from Page 28

ਬੀਜਾਂ ਤੇ ਵਲੈਤੀ ਖਾਦਾਂ ਦੀ ਵਰਤੋਂ ਹੋਣ ਲੱਗੀ। ਜ਼ਮੀਨਾਂ ਇਕ ਥਾਂ ਤੇ ਹੋ ਗਈਆਂ। ਟਿਊਬਵੈਲ ਤੇ ਟਰੈਕਟਰ ਆ ਗਏ। ਕੱਲਰ ਪੈਲੀ, 'ਚ, ਜਿਪਸਮ ਪਾ ਕੇ ਝੋਨਾ ਬੀਜਣ ਲੱਗ ਪਏ। ਪੱਕੀਆਂ ਸੜਕਾਂ ਬਣ ਗਈਆਂ। ਪਿੰਡਾਂ ਵਿਚ ਸੜਕਾਂ, ਸਕੂਲ ਤੇ ਬਿਜਲੀ ਆ ਗਈ। ਫਸਲਾਂ ਦੇ ਭਾਅ ਬੱਝ ਗਏ। ਤਾਂ ਜਾ ਕੇ ਮਾੜਾ ਮੋਟਾ ਸਾਹ ਆਉਣ ਲੱਗਿਆ। ਇਧਰ ਆ ਗਏ ਕੈਨੇਡਾ ਵੇਖਣ ਨੂੰ; ਗੱਲਾਂ ਵੀ ਸੁਣ ਤੇ ਹੱਥ ਵੀ ਮਾਰ।" ਮਾਂ ਨੇ ਬੈਰੀ ਤੋੜਨ ਵਿਚ ਸੁਸਤ ਹੁੰਦੀ ਜਾਂਦੀ ਧੀ ਨੂੰ ਸੁਚੇਤ ਕੀਤਾ।

ਸੂਰਜ ਅੱਜ ਹੋਰ ਵੀ ਗਰਮ ਹੋ ਗਿਆ ਸੀ। ਅੱਜ ਸਾਰੇ ਦਿਨਾਂ ਤੋਂ ਵੱਧ ਗਰਮੀ ਸੀ। "ਗਰਮੀ ਨੂੰ ਗਰਮੀ ਹੀ ਮਾਰਦੀ ਹੈ।" ਇਹ ਕਹਿਕੇ ਨੰਦ ਕੌਰ ਨੇ ਬਿਸ਼ਨ ਸਿੰਘ ਨੂੰ ਚਾਹ ਦਾ ਕੱਪ ਭਰਕੇ ਦੋ ਘੁਰਕੀਆਂ ਦਿੱਤੀਆਂ। ਉਸ ਤੇਜ਼ੀ ਨਾਲ ਚਾਹ ਪੀਤੀ। ਰਾਜੂ ਨੇ ਉਸ ਦੀ ਸਹਾਇਤਾ ਲਈ ਉਸ ਦੇ ਤਿੰਨ ਫਲੈਟ ਸਿਰ ਤੇ ਧਰਾ ਦਿੱਤੇ। ਉਹ ਹੋਰ ਪਿੱਕਰਾਂ ਦੇ ਨਾਲ ਤੋੜੀ ਹੋਈ ਬੇਰੀ ਦੇ ਫਲੈਟ ਚੁੱਕ ਕੇ ਤੁਲੌਣ ਚਲਿਆ ਗਿਆ ਸੀ।

ਕੜਕਦੀ ਧੁੱਪ ਵਿਚ ਸਭ ਫਲੈਟ ਚੁੱਕੀ ਸਕੇਲ ਵੱਲ ਨੂੰ ਵੱਧ ਰਹੇ ਸਨ। ਅਚਾਨਕ ਕਾਰ ਵਿਚੋਂ ਚਾਰ ਗੋਰੇ ਅਫਸਰ ਨਿਕਲੇ। ਮਾਲਕ ਤੇ ਠੇਕੇਦਾਰ ਦੀ ਭਾਅ ਦੀ ਬਣ ਗਈ। ਠੇਕੇਦਾਰ ਦੇ ਹੁਕਮ ਤੇ ਸਾਰੇ 'ਨੋ ਇੰਗਲਿਸ਼' ਕਹਿ ਰਹੇ ਸਨ। ਠੇਕੇਦਾਰ ਦੇ ਖਾਸ ਆਦਮੀ ਨੇ ਸਭ ਸਵਾਲਾਂ ਦੇ ਜਵਾਬ ਦਿੱਤੇ ਕਿ ਅਸੀਂ ਘੰਟਿਆਂ ਦੇ ਕੰਮ ਕਰਦੇ ਹਾਂ। ਅੱਠ ਡਾਲਰ ਘੰਟੇ ਦੇ ਮਿਲਦੇ ਹਨ। ਪਰ ਸਕੇਲ ਤੇ ਪਏ ਫਲੈਟ ਸੱਚ ਦੀ ਤਰਜਮਾਨੀ ਕਰ ਰਹੇ ਸਨ।

ਬਿਸ਼ਨ ਸਿੰਘ ਮੁੜਕੋ ਮੁੜਕੀ ਹੁੰਦਾ ਬੋਲਿਆ, "ਸਰਕਾਰ ਦੇ ਦਿਹਾੜੀ ਬੰਨ੍ਹਣ ਦਾ ਕੋਈ ਲਾਭ ਨਹੀਂ। ਕਿਸਾਨ ਇੰਨੇ ਪੈਸੇ ਕਿੱਥੋਂ ਦੇਵੇ। ਖੇਤੀ ਘਾਟੇ ਵਿਚ ਜਾਂਦੀ ਹੈ। ਵਿਚਾਰੇ ਠੇਕੇਦਾਰ ਦਾ ਡੰਗ ਨਹੀਂ ਟੱਪਦਾ। ਸਾਰਾ ਦਿਨ ਮਰ ਕੇ ਵੀ ਆਪਣੇ ਪੱਲੇ ਤਾਂ ਤੀਹ ਡਾਲਰ ਵੀ ਨਹੀਂ ਪੈਂਦੇ। ਸਾਰਾ ਟੱਬਰ ਪਹੁ ਫੁਟਾਲੇ ਤੋਂ ਹਨੇਰਾ ਪੈਣ ਤੱਕ ਮਰ ਕੇ ਕੰਮ ਕਰਦਾ ਹੈ ਤਾਂ ਜਾ ਕੇ ਦੋ ਡੰਗ ਦੀ ਰੋਟੀ ਨਸੀਬ ਹੁੰਦੀ ਹੈ।

"ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਜੇਕਰ ਖੇਤੀ ਘਾਟੇ ਵਿਚ ਜਾਂਦੀ ਹੈ ਤਾਂ ਕਿਸਾਨ ਹਰ ਸਾਲ ਨਵੇਂ ਫਾਰਮ ਕਿੱਥੋਂ ਖਰੀਦ ਲੈਂਦੇ ਹਨ? ਜ਼ਮੀਨ ਦੇ ਭਾਅ ਕਿਉਂ ਚੜ੍ਹ ਰਹੇ ਹਨ? ਦੋ ਸਾਲ ਠੇਕੇਦਾਰੀ ਕਰਨ ਪਿੱਛੋਂ ਠੇਕੇਦਾਰ ਫਾਰਮ ਕਿਵੇਂ ਬਣਾ ਲੈਂਦੇ ਹਨ?" ਰਾਜੂ ਦੀ ਗੱਲ ਨਾਲ ਤਾਂ ਸਾਰੇ ਸਹਿਮਤ ਸਨ ਪਰ ਸਾਰੇ ਬੇਬੱਸੀ ਕਾਰਨ ਚੁਪ ਸਨ।

ਚਾਹ ਪੀਣ ਤੋਂ ਪਿੱਛੋਂ ਸਾਰੇ ਪਿੱਕਰ ਬੇਰੀ ਤੋੜਨ ਵਿਚ ਜੁਟ ਗਏ ਸਨ। ਸੂਰਜ ਦੀਆਂ ਕਿਰਨਾਂ ਚਮੜੀ ਸਾੜ ਰਹੀਆਂ ਸਨ। ਸੰਘਣੀ ਬੇਰੀ ਦੀ ਭੜਾਸ ਤੋਂ ਬੇਪਰਵਾਹ ਹੋ ਕੇ ਸਾਰੇ ਲੋਕ ਬੇਰੀ ਤੋੜ ਰਹੇ ਸਨ। ਛੋਟੇ ਛੋਟੇ ਬੱਚੇ ਆਪਣੇ ਮਾਂ ਪਿਉ ਤੋਂ ਅੱਖ ਚੁਰਾ ਕੇ ਨੀਵੇਂ ਥਾਂ ਖੜੇ ਪਾਣੀ ਵਿਚੋਂ ਡੱਡੂ ਫੜ ਰਹੇ ਸਨ। ਇੱਥੋਂ ਦੀਆਂ ਜੰਮਪਲ ਕੁੜੀਆਂ ਇਕ ਦੂਜੀ ਦੇ ਪਿਆਰ ਦੇ ਅਫਸਾਨੇ ਛੇੜ ਕੇ ਇਕ ਦੂਜੀ ਤੇ ਵਿਅੰਗ ਕਸ ਰਹੀਆਂ ਸਨ।

ਹਰ ਕੋਈ ਆਪਣੇ ਹਿਸਾਬ ਨਾਲ ਹੀ ਲੰਚ ਕਰ ਰਿਹਾ ਸੀ। ਹਰ ਕੋਈ ਫਲੈਟ ਭਰਨ ਲਈ ਪੂਰਾ ਤਾਣ ਲਾ ਰਿਹਾ ਸੀ। ਪੀਸ ਵਰਕ ਹਰ ਇੱਕ ਦਾ ਲਹੂ ਨਿਚੋੜ ਰਿਹਾ ਸੀ। ਹਰ ਕੋਈ ਬੇਰੀ ਤੋੜਦਾ ਹਫਿਆ ਫਿਰਦਾ ਸੀ।

ਬਿਸ਼ਨ ਸਿੰਘ ਤੇ ਨੰਦ ਕੌਰ ਵੀ ਪੂਰਾ ਵਾਹ ਲੈ ਰਹੇ ਸਨ। ਇਕ ਵਾਰ ਫਿਰ ਨੰਦ ਕੌਰ ਨੇ ਪੁੱਛਿਆ ਕਿ ਉਸ ਨੇ ਮੁੰਡੇ ਨੂੰ ਜਵਾਬ ਦਿੱਤਾ ਸੀ ਤੇ ਜਿਸ ਦੇ ਜਵਾਬ ਵਿਚ ਬਿਸ਼ਨ ਸਿੰਘ ਨੇ ਕਿਹਾ ਸੀ ਕਿ ਅਜੇ ਤਾਂ ਛੇ ਮਹੀਨੇ ਨੂੰ ਰਜਿਸਟਰੀ ਹੋਣੀ ਹੈ। ਦੁੱਖ ਤਾਂ ਉਸ ਦੇ ਰਵੱਈਏ ਦਾ ਸੀ ਜਿਸ ਤੇਰੇ ਨਾਲ ਗੱਲ ਕਰਨੀ ਵੀ ਯੋਗ ਨਾ ਸਮਝੀ। ਉਲਟਾ ਆਪਣੇ ਭਰਾਵਾਂ ਦਾ ਹਿੱਸਾ ਦੱਬਣ ਦੀ ਗੱਲ ਕੀਤੀ। ਬੱਸ ਇਹ ਗੱਲ ਮੈਨੂੰ ਬਹੁਤ ਹੀ ਚੁਭੀ। "ਲਿਆ ਇੱਕ ਗੋਲੀ ਹੋਰ ਦੇ, ਅੱਜ ਚਿੱਤ ਠੀਕ ਨਹੀਂ ਲੱਗਦਾ।" ਉਸ ਆਪਣੇ ਮੱਥੇ ਤੋਂ ਪਸੀਨਾ ਪੂੰਝਦੇ ਕਿਹਾ।

"ਕੁੱਝ ਚਿਰ ਆਰਾਮ ਕਰ ਲੈ", ਨੰਦ ਕੌਰ ਨੇ ਉਸਦਾ ਚਿਹਰਾ ਵੇਖ ਕੇ ਕਿਹਾ।

"ਇਥੇ ਬੇਰੀ ਥੋਹੜੀ ਹੀ ਰਹਿੰਦੀ ਐ, ਸ਼ਾਇਦ ਦੂਜੇ ਫਾਰਮ ਜਾਣਾ ਪਵੇ, ਉਥੇ ਕੀ ਹੱਥ ਆਉਣਾ ਹੈ? ਪਹਿਲਾਂ ਹੀ ਫਰੈਸ਼ ਤੋੜੀ ਹੋਈ ਐ, ਪਰਸੋਂ ਹੀ। ਇਹ ਵੀ ਹੁਣ ਦਾਣਾ ਤੋੜਨ ਲੱਗ ਪਏ ਨੇ। ਅਸੀਂ ਬੇਬਸ ਜੋ ਹੋਏ। ਸਟੈਂਪਾਂ ਲੈਣ ਦੇ ਮਾਰੇ। ਗੋਰੇ ਕੰਮ ਵੀ ਘੱਟ ਸਮਾਂ ਕਰੋਂਦੇ ਨੇ ਤੇ ਪੈਸੇ ਵੀ ਵੱਧ ਦਿੰਦੇ ਨੇ। ਬੋਲੀ ਦੀ ਘਾਟ ਮਾਰੀ ਜਾਂਦੀ ਹੈ।" ਬਿਸ਼ਨ ਸਿੰਘ ਨੇ ਕਿਹਾ। ਦੋਵੇਂ ਜਣੇ ਬੇਰੀ ਤੋੜਨ ਜੁੱਟ ਗਏ।

ਕੁਝ ਚਿਰ ਬਾਦ ਉਸ ਨੂੰ ਤਰੇਲੀ ਆਈ। "ਮੇਰੀ ਛਾਤੀ ਵਿਚ ਚੀਸ ਜਿਹੀ ਪੈਂਦੀ ਹੈ। ਆਪੇ ਹਟ ਜਾਊਗੀ।" ਮੈਂ ਲੰਚ ਕਿਟ ਚੁੱਕ ਕੇ ਲਿਆਉਨੀਆਂ, ਤੂੰ ਇਕ ਕੱਪ ਚਾਹ ਦਾ ਹੋਰ ਪੀ ਲੈ, ਠੀਕ ਹੋ ਜਾਏਂਗਾ।"

"ਨਾਲੇ ਪਾਣੀ ਵੀ ਲੈਂਦੀ ਆਈਂ।" ਬਿਸ਼ਨ ਸਿੰਘ ਨੇ ਜਾਂਦੀ ਨੰਦ ਕੌਰ ਨੂੰ ਕਿਹਾ। ਇੱਕ ਕਿੱਲੇ ਦੀ ਵਿੱਥ ਤੋਂ ਜਦ ਨੰਦ ਕੌਰ ਮੁੜੀ, ਬਿਸ਼ਨ ਸਿੰਘ ਇਕ ਬੂਟੇ ਦੇ ਥੱਲੇ ਲੁਟਕਿਆ ਪਿਆ ਸੀ।. ਉਸ ਨੇ ਉਸ ਨੂੰ ਬੁਲਾਇਆ, ਹਿਲਾਇਆ ਤੇ ਉਸ ਦੀ ਨਬਜ਼ ਤੇ ਹੱਥ ਧਰਿਆ ਤੇ ਉਸ ਉਚੀ ਚੀਖ ਮਾਰੀ, "ਵੇ ਖਾ ਗਈਆਂ ਜੋਕਾਂ!"

ਇਕ ਘੰਟੇ ਦੇ ਅੰਦਰ ਹੀ ਐਂਬੂਲੈਂਸ ਖੇਤ ਵਿਚ ਪਹੁੰਚ ਗਈ। ਉਸ ਤੋਂ ਪਹਿਲਾਂ ਹੀ ਮਾਲਕ ਉਸ ਨੂੰ ਚੁੱਕ ਕੇ ਘਰੇ ਲੈ ਗਏ ਤੇ ਉਸਨੂੰ ਨੁਹਾਅ ਧੋ ਕੇ ਨਵੇਂ ਕਪੜੇ ਪਹਿਨਾ ਚੁੱਕੇ ਸਨ। ਸਾਰੇ ਕਾਮੇ ਸੋਗ ਵਿਚ ਡੁੱਬੇ ਬੈਰੀ ਤੋੜ ਰਹੇ ਸਨ।

ਪਛਤਾਵਾ

ਪਵਨ "ਗਿਲਾਂ ਵਾਲਾ"

ਕਰ ਯਾਦ ਜਵਾਨੀ ਨੂੰ,
ਬੁੱਢੜਿਆ ਹੁਣ ਕਿਉਂ ਬੈਠਾ ਝੁਰਦਾ।
ਉਦੋਂ ਆਕੜ-ਕੰਨਾ ਸੀ,
ਹਿੱਕ ਨੂੰ ਤਾਣ-ਤਾਣ ਕੇ ਤੁਰਦਾ।
ਠੋਕਰ ਮਾਰ ਕੇ ਰੋੜਿਆਂ ਨੂੰ,
ਸੀ ਸਭ ਨੂੰ ਲੰਡੀ-ਬੁੱਚੀ ਦਸਦਾ,
ਥੁੱਕ ਮੋਢਿਆਂ ਉਤੇ ਦੀ,
ਸੀ ਮਾੜੇ ਨੂੰ ਵੇਖ ਕੇ ਹੱਸਦਾ।
ਵਿਚ ਜੋਰ ਜਵਾਨੀ ਦੇ,
ਰਿਹਾ ਤੂੰ ਕਰਦਾ ਜੋ ਮਨ ਆਈਆਂ।
ਸੁੱਟ ਪਿੱਛੇ ਸਭ ਨੂੰ ਤੂੰ,
ਜੱਫੀਆਂ ਜਾ ਅੱਗਿਆਂ ਨਾਲ ਪਾਈਆਂ।
ਨਾ ਰੱਖਿਆ ਚੇਤਾ ਇਹ,
ਕਿ ਅੱਗੇ ਇਹ ਵੀ ਤਾਂ ਹੈ ਆਉਣਾ,
ਜਿਹਨੂੰ ਕਹਿਣ ਬੁਢਾਪਾ ਵੀ,
ਤੇ ਪੱਲੇ ਰਹਿ ਜਾਂਦਾ ਪਛਤਾਉਣਾ।

ਕਿਤੇ ਹੱਥ ਫਿਰ ਅਪੜੇ ਨਾ,
ਨਾ ਹੀ ਬੈਠੇ ਦੀ ਕੋਈ ਸੁਣਦਾ।
ਸਭ ਆਸਾਂ ਟੁੱਟ ਜਾਵਣ,
ਜਿਹੜੇ ਸੀ ਜਾਲ ਕਦੇ ਪਿਆ ਬੁਣਦਾ।
ਫਿਰ ਕੋਈ-ਪਾਣੀ ਲਈ,
ਕਿਸੇ ਦੇ ਹੋ ਜਾਂਦਾ ਹੈ ਵਾਰਾ।
ਪਰ ਉਹ ਪਾਣੀ-ਪੱਤਣਾਂ ਦੇ,
ਸੱਜਣ ਜੀ ਮੁੜਦੇ ਨਹੀਂ ਦੁਬਾਰਾ।
ਜਦ ਰੁੱਤਾਂ ਬਦਲਦੀਆਂ,
ਵਕਤ ਵੀ ਲੈਂਦਾ ਬਦਲ ਮੁਹਾਰਾਂ।
ਬੰਦਾ ਬੇ-ਵੱਸ ਹੋ ਜਾਂਦਾ,
ਪੈਂਦੀਆਂ ਜਦ ਕਿੱਧਰੇ ਇਹ ਮਾਰਾਂ।
ਚੱਲ ਆਪਾਂ ਵੀ ਸਿਖੱ ਲਈਏ,
ਕਿਤੇ ਨਾ ਫਿਰ ਪਛਤਾਉਂਦੇ ਰਹੀਏ।
ਜੋ ਅੱਜ ਇਹਨੂੰ ਕਹਿਨੇ ਆਂ,
ਕੱਲ੍ਹ ਨੂੰ "ਪਵਨ" ਆਪ ਨੂੰ ਕਹੀਏ।

YOUR DATE WITH STARS

Aries [March 21 - April 20]

You could be in the mood to express yourself boldly. Thanks to the potent energy radiating from the day's planetary configuration, your charisma and fiery charms will be on full display right now - so much so that others could be a little intimidated by the force of your personality. So try not to be too aggressive.

Taurus [April 21 - May 20]

There is some powerful energy radiating from the planets right now, and the effect on you could be pronounced. Specifically, your emotions could take you by surprise today. You might find yourself moved to tears by a song that you hear on the radio.

Gemini [May 21- June 21]

You have a lot to look forward today, as there are indications that you could hear some good news! The energy emanating from the current planetary formation is conducive to creating a breakthrough of some kind. Perhaps you will hear word that you are soon going to receive a raise or a promotion at work.

Cancer [June 22 - July 22]

The energy radiating from the planets is vividly congenial. Under this influence, you could find yourself becoming friendly with someone new. You'll be in the mood to chat in a relaxed, natural, and casual way. If you are traveling on a train or a plane, you might enjoy speaking with the person who is sitting next to you.

Leo [July 23 - Aug 22]

You could decide to let go of an old goal, due to the influence of the day's celestial aspect. The energy of the day will give you some clarity about what you really want in your life. If you have been pushing to make something happen,

Virgo [Aug 23 - Sept 22]

The planets are aligning in such a way that you could find yourself playing the role of matchmaker. Perhaps you have two friends who are single right now. You might be interested in introducing them

Libra [Sept 23 - Oct 22]

You could be a forgetful or absent-minded - definitely not in an intellectual frame of mind today. The planets are lined up in such a way to create an energy that increases your emotional rather than your mental energy. Get ready to experience some intense feelings.

Scorpio [Oct 23 - Nov 22]

There is a convivial energy emanating from the day's planetary alignment, and you might find yourself spending time with a group of strangers. You could attend a party where you will be introduced to lots of new people. Or you might show up at a business meeting where you will get to meet some new associates.

Capricorn [Dec.23 - Jan.20]

Watch out! Things might not go exactly as you planned today. The energy in the atmosphere created by the current planetary constellation could have a crazy and frenetic impact on you. You could find that your schedule changes suddenly.

Sagittarius [Nov 23 toDec. 22]

Someone could offer you some lovely pats on the back today. You have a kind, gentle manner, and people often take your compassion for granted. But right now the planetary influence complements your generous nature, and you could receive some positive feedback.

Aquarius [Jan 21 to Feb 19]

This is a good day to get things done. Thanks to the positive influence of the current planetary aspect, you'll have an increased physical energy and emotional vitality. Your mood will be upbeat. You'll be ready to tackle challenges that require lots of stamina. You could volunteer to take on a new project at work. Or, if you run your own business, you could come up with a more aggressive plan of promoting yourself and your company's professional services.

Pisces [Feb 20 to March 20]

The energy emanating from the day's planetary configuration could make you more aware of the world around you. Use this increased sensitivity in a beneficial way. In particular, keep your eyes open to the people around you.

Bollywood Duniya

MORE THAN LUCKY



Singer and a has been actor, Lucky Ali Has a Life of Struggle Behind the Successes of Today The easy laid -back charm that he exudes is deceptive. Even the wandering minstrel-like image, so assiduously built with his first two albums , could be a prop. Lucky Ali, is the example of grit in the face of despondence and faith in the face of the lows. Born to famous father , Mehmood, the comedian of the Hindi films of the 50s till 70s, Lucky lived a life he was to reflect in his music , specially in its videos. The wandering minstrel who hummed a tune even as he worked on an oil rig, bred race horses, sold carpets or just spent his childhood adjusting to a broken home when his parents separated .

However what does all that mean when one finds his debut album on MTV's Charts for a full 60 weeks!His first album- Sunoh, catapulted Lucky to the tops of the India pop brigade. The soulful lyrics and the mystique of romance reflected in the 'O Sanam' song and its superb video brought the much needed recognition and he never looked back after that. Filmed amongst the pyramids of Egypt, the song was the single big hit that sold 4,00,000 plus copies of the album, won a clutch of awards including the Best Pop Male Vocalist at the Channel V Viewers Choice Awards in '96. His next album, Sifar was well received and contained the now well known unshaven, casual feel which his persona displayed at every appearance, reinforcing the ballad-singer-happy-go-lucky star image.

However the travails of instant stardom have not skipped Lucky too. His third release, the latest 'Aks' is not all that hot with the listeners.

Lucky Ali has a pleasant voice and candidly admits to have not had any formal training though he worked his guts out trying to make the sounds soft and lyrica. He relied on good instrumentals to highlight the soulfulness that reached its climax of sorts in the immensely popular 'Kaho na pyaar hai' number from the Hrithik Roshan hit film. Hrithik's success was greatly moulded with this song and Lucky also got rave review, hitting all time highs with the song's immensely hummable music. Lucky's plus in his singing is the seemingly effortless way he does it. The listener gets the feeling that he is listening to a mate who sings well and that singing that song could just as well be possible for any bathroom singing enthusiast. Well, it just could, as Lucky never stretches his luck too far with taxing vocals and banks on music accompaniments to highlight the feel of the song.

However, Lucky Ali has never been casual about his singing. "I've always been singing," he says, " It was always a serious hobby and I always composed my own music."Like all parents his famous father was also interested in his son settling down to more serious and perhaps more paying work. Yet, Lucky spent his time in the music world and cut a demo disk on a visit to London, using underground music and used it to tell the music bigwigs what he had in him. Well, even ABCL could not excite him as he felt they were different in the wave lengths and then , quite suddenly, Sunoh' happened.

When he was in Delhi last, Lucky had a grinding schedule (the star's imperatives) and a rapturous welcome from his ever- increasing fans. Some die hard fans want him to be what Mukesh was to Raj Kapoor in the case of Hrithik Roshan , but that's just a fan's delighted idea. Life has changed for this light eyed guy and his New Zealand born wife

Bollywood's beauties talk

Lisa Ray and Sushmita Sen on current issues

This week we are giving you two of India's most beautiful ladies in an interview. **Lisa Ray** gives us her comments on her Bollywood debut in *Kasoor*, the Vikram Bhatt directed thriller. Will *Kasoor* remain a first and last experience in her career? Lisa says no, but unfortunately that is all that we get to learn at this point.

Q. You have made a fairly late entry into the movies with *Kasoor*. What does one call it, a case of better late than never?

A. Frankly speaking, although I have been receiving offers to feature in films ever since I entered the fashion world 10 years ago, I never had any plans as such to join Bollywood. But I found *Kasoor* a great offer and the script really intrigued me. It's something I wanted to do the moment I read *Kasoor's* storyline. But then, I don't see the film as a launching pad for myself at all.

Q. Now that you are a part of the lights-camera-action world of Bollywood, how has the experience been for you?

A. Well, now that I am part of the *phillum* industry after featuring in *Kasoor*, let's say the tinsel-town experience feels much better than I expected it to. Incidentally, I had all kinds of weird ideas about Bollywood and didn't take anything for granted when I stepped into tinsel town. At the same time, *Kasoor* has turned out to be a very positive experience. And that's probably why I am doing one more film, though I can't divulge details about it right now.

Q. Well, did you have to work really hard on your Hindi for *Kasoor*?

A. Come on, everybody knows how great my Hindi is! Yes, I had to work hard on my Hindi diction. For that matter, I don't speak too much Hindi in real life. And I don't think in Hindi either. So, things were rather difficult, at least initially.

When it come to Sushmita Sen**, she has been swimming in Bollywood waters for quite some time now. From her we get some comments on the recent adoption she made. Is Rene, her baby daughter changing her life?**

Q. How did you life change after winning the Miss Universe title?

A. The title provided me with a platform to discover my capabilities in life. I travelled extensively, met a lot of important people, evolved into a better human being, made better choices and had oodles of fun. Now, I can look at life in a larger perspective.

Q. What kind of a line-up do you have on the Bollywood front?

A. Well, I am looking forward to my role in Filhaal, Meghna Gulzar's directorial debut, which also features Euphoria lead singer Palash Sen, who, incidentally, is also making his acting debut.

Q. It seems as if being in the limelight is second nature to you. There has been talk of the men in your life and now an adoption. Comments?

A. Well, the title and relationships with men are a thing of the past. As far as Rene, the baby girl I have adopted, is concerned, she's given a new meaning to my life. I feel complete now.

Q. If you had a message for the Gen X, what would it be?

A. I think a lot of young people have wasted a lifetime trying to emulate others. You have to be in touch with yourself first and foremost. Only then can you take on the universe.

Q. What would you like to be remembered as?

A. Well, when I die, I would like my epitaph to read... Sushmita Sen: She lived and she lives on...

ਫਿਲਮੀ ਸੰਸਾਰ

ਮੈਂ ਆਲੋਚਕਾਂ ਦਾ ਮੂੰਹ ਬੰਦ ਕਰਨ ਲਈ ਬਹੁਤ ਉਤਾਵਲੀ ਸਾਂ: ਅਮਿਸ਼ਾ ਪਟੇਲ ਅਮਿਸ਼ਾ ਪਟੇਲ



'ਕਹੋ ਨਾ ਪਯਾਰ ਹੈ' ਦੇ ਲੰਬੇ ਚਿਰ ਬਾਅਦ ਅਮਿਸ਼ਾ ਪਟੇਲ ਦੀ ਦੂਸਰੀ ਫਿਲਮ 'ਗਦਰ ਏਕ ਪ੍ਰੇਮ ਕਥਾ' ਹਾਲ ਵਿਚ ਹੀ ਰਿਲੀਜ਼ ਹੋਈ ਹੈ। ਇਸ ਵਿਚ ਅਮਿਸ਼ਾ ਦਾ ਰੋਲ ਬਹੁਤ ਵੰਡਾ ਹੈ। ਭਾਰਤ-ਪਾਕਿ ਬਟਵਾਰੇ ਤੇ ਆਧਾਰਿਤ ਇਸ ਫਿਲਮ ਵਿਚ ਅਮਿਸ਼ਾ ਨੇ ਇਕ ਇਸ ਤਰ੍ਹਾਂ ਦੀ ਲੜਕੀ ਦਾ ਰੋਲ ਕੀਤਾ, ਜਿਸਦੀ ਜ਼ਿੰਦਗੀ ਵਿਚ ਬਹੁਤ ਸਾਰੇ ਮੋੜ ਆਉਂਦੇ ਹਨ। ਰੋਲ ਵਿਚ ਕਾਫੀ ਰੰਗ ਸਨ। ਅਮਿਸ਼ਾ ਉਨ੍ਹਾਂ ਨੂੰ ਸਾਕਾਰ ਕਰਨ ਵਿਚ ਕਾਮਯਾਬ ਵੀ ਹੋਈ। ਸਾਰਿਆਂ ਨੇ ਅਮਿਸ਼ਾ ਦੇ ਅਭਿਨੈ ਦੀ ਬਹੁਤ ਸ਼ਲਾਘਾ ਕੀਤੀ। 'ਕਹੋ ਨਾ ਪਿਆਰ ਹੈ' ਭਾਵੇਂ ਜਬਰਦਸਤ ਹਿੱਟ ਹੋਈ ਸੀ ਪਰ ਅਮਿਸ਼ਾ ਦੀ ਉਸ ਫਿਲਮ ਦੀ ਚਰਚਾ ਨਹੀਂ ਹੋਈ ਸੀ ਅਤੇ 'ਗਦਰ ਏਕ ਪ੍ਰੇਮ ਕਥਾ' ਨੇ ਉਸ ਘਾਟ ਨੂੰ ਪੂਰਾ ਕਰ ਦਿੱਤਾ। ਨਿਸ਼ਚੇ ਹੀ ਇਸ ਵਿਚ ਅਮਿਸ਼ਾ ਨੂੰ ਆਪਣੀ ਪ੍ਰਤਿਭਾ ਦਿਖਾਉਣ ਦੇ ਪੂਰੇ ਮੌਕੇ ਮਿਲੇ। 'ਕਹੋ ਨਾ ਪਿਆਰ ਹੈ' ਦੇ ਬਾਅਦ ਕ੍ਰੀਜ਼ ਪੰਜ ਮਹੀਨਿਆਂ ਤੱਕ ਅਮਿਸ਼ਾ ਨੂੰ ਕਿਸੇ ਦੂਸਰੀ ਫਿਲਮ ਲਈ ਆਫਰ ਨਹੀਂ ਆਏ ਪਰ ਬਾਅਦ ਵਿਚ ਹੌਲੀ-ਹੌਲੀ ਉਸਨੂੰ ਫਿਲਮਾਂ ਮਿਲਣ ਲੱਗੀਆਂ ਅਤੇ ਹੁਣ 'ਗਦਰ ਏਕ ਪ੍ਰੇਮ ਕਥਾ' ਦੇ ਬਾਅਦ ਨਿਸਚਿਤ ਹੀ ਉਸਦੀਆਂ ਫਿਲਮਾਂ ਦੀ ਗਿਣਤੀ ਵਿਚ ਬਹੁਤ ਜ਼ਿਆਦਾ ਵਾਧਾ ਹੋਵੇਗਾ।

ਇਸ ਸਮੇਂ ਅਮਿਸ਼ਾ ਕੋਲ ਵਿਕਰਮ ਭੱਟ ਦੀ 'ਆਪ ਮੁਝੇ ਅੱਛੇ ਲਗਨੇ ਲੱਗੇ' ਤਨੂਜਾ ਚੰਦਰਾ ਦੀ 'ਯੇ ਜ਼ਿੰਦਗੀ ਕਾ ਸੁਰ', ਕਮਲ ਦੀ 'ਰਹੇ ਨ ਰਹੇਂ ਹਮ' ਅਤੇ 'ਸੁਨੇ ਸਸੁਰ ਜੀ' ਵਰਗੀਆਂ ਬਹੁਤ ਸਾਰੀਆਂ ਫਿਲਮਾਂ ਹਨ। ਇਨ੍ਹਾਂ ਸਾਰੀਆਂ ਫਿਲਮਾਂ ਵਿਚ ਅਮਿਸ਼ਾ ਦੀਆਂ ਬਹੁਤ ਚੰਗੀਆਂ ਭੂਮਿਕਾਵਾਂ ਹਨ। ਤਨੂਜਾ ਚੰਦਰਾ ਦੀ ਫਿਲਮ 'ਯੇ ਜ਼ਿੰਦਗੀ ਕਾ ਸੁਰ' ਦੀ ਸ਼ੂਟਿੰਗ ਦੌਰਾਨ ਅਮਿਸ਼ਾ ਨਾਲ ਉਨਾਂ ਦੇ ਕੈਰੀਅਰ ਨੂੰ ਲੈ ਕੇ ਗੱਲਬਾਤ ਹੋਈ। ਪੇਸ਼ ਹਨ ਉਸੇ ਗੱਲਬਾਤ ਦੇ ਮੁੱਖ ਅੰਸ਼:-

*ਤਨੂਜਾ ਚੰਦਰਾ ਹਮੇਸ਼ਾ ਹੀਰੋਇਨ ਬੇਸਡ ਫਿਲਮਾਂ ਹੀ ਬਣਾਉਂਦੀ ਹੈ। ਕੀ ਇਸ ਫਿਲਮ ਵਿਚ ਵੀ ਤੁਹਾਡਾ ਇਸ ਤਰ੍ਹਾਂ ਦਾ ਹੀ ਰੋਲ ਹੈ?

-ਮੈਨੂੰ ਲਗਦਾ ਹੈ ਕਿ ਇਹ ਫਿਲਮ 'ਕਹੋ ਨਾ ਪਿਆਰ ਹੈ' ਤੋਂ ਵੀ ਜ਼ਿਆਦਾ ਸਫਲ ਹੋਵੇਗੀ। ਇਸ ਫਿਲਮ ਵਿਚ ਔਰਤਾਂ ਲਈ ਇਕ ਖਾਸ ਸੰਦੇਸ਼ ਹੈ। ਮੈਂ ਚਾਹੁੰਦੀ ਹਾਂ ਕਿ ਇਸ ਫਿਲਮ ਨੂੰ ਸਾਰੀਆਂ ਔਰਤਾਂ ਵੇਖਣ ਤਾਂ ਕਿ ਉਨ੍ਹਾਂ ਦੀਆਂ ਅੱਖਾਂ ਖੁਲ੍ਹਣ ਅਤੇ ਉਹ ਇਸ ਗੱਲ ਤੋਂ ਜਾਣੂ ਹੋਣ ਕਿ ਔਰਤਾਂ ਕਿੰਨੀ ਤਾਕਤਵਰ ਹੁੰਦੀਆਂ ਹਨ। ਸੁਭਾਵਿਕ ਹੈ ਕਿ ਤਨੂਜਾ ਦੀ ਫਿਲਮ ਹੈ ਤਾਂ ਉਸ ਵਿਚ ਨਾਰੀ ਨੂੰ ਮਹੱਤਵਪੂਰਨ ਤਾਂ ਵਿਖਾਇਆ ਹੀ ਜਾਵੇਗਾ।

*ਕੀ ਇਹ ਸੱਚ ਹੈ ਕਿ 'ਕਹੋ ਨਾ ਪਯਾਰ ਹੈ' ਦੇ ਬਾਅਦ ਤੁਹਾਡੀ ਜੋ ਗਲੈਮਰਸ ਇਮੇਜ ਬਣੀ, ਉਸ ਤੋਂ ਛੁਟਕਾਰਾ ਪਾਉਣ ਲਈ ਤੁਸੀਂ 'ਗਦਰ ਏਕ ਪ੍ਰੇਮ ਕਥਾ' ਵਰਗੀ ਗਲੈਮਰ ਤੋਂ ਬਿਨਾਂ ਰੋਲ ਵਾਲੀ ਫਿਲਮ ਕੀਤੀ ਸੀ?

-ਜਿਸ ਸਮੇਂ ਮੈਂ ਇਹ ਫਿਲਮ ਸਾਈਨ ਕੀਤੀ, ਉਸ ਸਮੇਂ ਚੁਣਨ ਨਾ ਚੁਣਨ ਵਰਗਾ ਤਾਂ ਮੇਰੇ ਸਾਹਮਣੇ ਕੁਝ ਸੀ ਹੀ ਨਹੀਂ। 'ਕਹੋ ਨਾ ਪਯਾਰ ਹੈ' ਦੀ ਸਫਲਤਾ ਦੇ ਬਾਵਜੂਦ ਮੈਨੂੰ ਫਿਲਮ ਦੇ ਆਫਰ ਨਹੀਂ ਮਿਲ ਰਹੇ ਸਨ। ਉਸ ਸਮੇਂ ਜਦੋਂ ਇਸ ਫਿਲਮ ਦੀ ਪੇਸ਼ਕਸ਼ ਆਈ, ਮੈਂ ਤਾਂ ਉਸ ਵੇਲੇ ਹਾਂ ਕਰ ਦਿੱਤੀ। ਸ਼ਾਇਦ ਕਿਸੇ ਨੂੰ ਯਕੀਨ ਨਹੀਂ ਹੋਵੇਗਾ ਕਿ ਮੈਂ ਤਾਂ ਫਿਲਮ ਦੀ ਕਹਾਣੀ ਬਾਰੇ ਵੀ ਜਾਣਕਾਰੀ ਨਹੀਂ ਲਈ। ਇਹ ਤਾਂ ਮੇਰੀ ਕਿਸਮਤ ਚੰਗੀ ਸੀ ਕਿ ਨਾ ਸਿਰਫ ਫਿਲਮ ਦਾ ਸਬਜੈਕਟ ਬਹੁਤ ਚੰਗਾ ਸੀ ਕਿ ਸਗੋਂ ਮੇਰਾ ਰੋਲ ਵੀ ਬਹੁਤ ਚੰਗਾ ਸੀ। 'ਕਹੋ ਨਾ ਪਯਾਰ ਹੈ' ਦੇ ਬਾਅਦ ਮੈਨੂੰ ਵਾਕਈ ਇਕ ਇਸ ਤਰ੍ਹਾਂ ਦੀ ਫਿਲਮ ਦੀ ਜ਼ਰੂਰਤ ਸੀ, ਜਿਸ ਵਿਚ ਚੰਗੇ ਅਭਿਨੈ ਦਾ ਸਕੋਪ ਹੋਵੇ ਅਤੇ ਉਹ ਘਾਟ ਇਸ ਫਿਲਮ ਨੇ ਪੂਰੀ ਕਰ ਦਿੱਤੀ।

*ਗਦਰ ਏਕ ਪ੍ਰੇਮ ਕਥਾ' ਵਿਚ ਤੁਹਾਨੂੰ ਸੰਨੀ ਦਿਓਲ ਦੇ ਨਾਲ ਕੰਮ ਕਕਰਨ ਦਾ ਮੌਕਾ ਮਿਲਿਆ। ਤੁਹਾਡੀ ਦੋਹਾਂ ਦੀ ਉਮਰ ਵਿਚ ਬਹੁਤ ਵ'ਡਾ ਫਰਕ ਹੈ। ਕੀ ਤੁਹਾਨੂੰ ਇਹ ਨਹੀਂ ਲੱਗਾ ਕਿ ਇਸਦਾ ਤੁਹਾਡੇ ਕੈਰੀਅਰ ਤੇ ਬੁਰ• ਅਸਰ ਪੈ ਸਕਦਾ ਹੈ?

-ਮੈਂ ਆਪਣੇ ਆਪ ਨੂੰ ਖੁਸ਼ਕਿਸਮਤ ਮੰਨਦੀ ਹਾਂ ਕਿ ਮੈਨੂੰ ਆਰੰਭਿਕ ਦੌਰ ਵਿਚ ਹੀ ਸੰਨੀ ਵਰਗੇ ਸਟਾਰ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਉਸ ਨਾਲ ਕੰਮ ਕਰਦੇ ਸਮੇਂ ਮੈਂ ਬਹੁਤ ਕੁਝ ਸਿਖਿਆ ਹੈ। ਉਹ ਨਾ ਸਿਰਫ ਸ਼ਾਨਦਾਰ ਐਕਟਰ ਹਨ ਸਗੋਂ ਬਹੁਤ ਚੰਗੇ ਇਨਸਾਨ ਵੀ ਹਨ। ਜਿਸ ਸਮੇਂ ਮੈਂ ਫਿਲਮ ਸਾਈਨ ਕੀਤੀ ਸੀ, ਮੈਨੂੰ ਨਹੀਂ ਸੀ ਲਗਦਾ ਕਿ ਸਾਡੇ ਦੋਵਾਂ ਦੀ ਉਮਰ ਵਿਚ ਅੰਤਰ ਹੈ ਕਿਉਂਕਿ ਸਾਡੇ ਰੋਲ ਹੀ ਕੁਝ ਇਸ ਤਰ੍ਹਾਂ ਦੇ ਸਨ ਕਿ ਉਮਰ ਦਾ ਫਰਕ ਕੋਈ ਅਰਥ ਨਹੀਂ ਰੱਖਦਾ ਸੀ। ਫਿਰ ਇਕ ਚੰਗੀ ਫਿਲਮ ਮੈਂ ਸਿਰਫ ਇਸ ਲਈ ਨਹੀਂ ਛੱਡ ਸਕਦੀ ਸੀ ਕਿ ਉਸ ਵਿਚ ਹੀਰੋ ਦੀ ਉਮਰ ਮੇਰੇ ਤੋਂ ਕੁਝ ਜ਼ਿਆਦ ਸੀ। ਇਸ ਤਰ੍ਹਾਂ ਕਰਨਾ ਸਰਾਸਰ ਮੂਰਖਤਾ ਹੁੰਦੀ।

*ਜਦੋਂ ਤੁਹਾਨੂੰ 'ਮੀਡੀਆ ਸਟਾਰ' ਜਾਂ ਰਾਤੋ-ਰਾਤ ਬਣੀ ਸਟਾਰ ਕਿਹਾ ਜਾਂਦਾ ਹੈ, ਉਸ ਵੇਲੇ ਸੁਣ ਕੇ ਤੁਹਾਨੂੰ ਕਿਸ ਤਰ੍ਹਾਂ ਮਹਿਸੂਸ ਹੁੰਦਾ ਹੈ?

-ਜੋ ਲੋਕ ਕਹਿੰਦੇ ਹਨ ਕਿ ਮੈਂ ਮੈਗਜ਼ੀਨਾਂ ਵਿਚ ਆਪ ਟਹਿਣ ਲਈ ਸਕੀਮ ਤਿਆਰ ਕੀਤੀ ਹੈ ਅਤੇ ਮੈਂ ਮੀਡੀਆ ਸਟਾਰ ਹਾਂ ਤਾਂ ਇਹ ਦ'ਸੋ ਕਿ ਕੀ ਕੋਈ ਆ ਕੇ ਮੇਰਾ ਇੰਟਰਵਿਊ ਅਤੇ ਫੋਟੋ ਮੇਰੇ ਕੋਲੋਂ ਮੰਗੇ ਤਾਂ ਕੀ ਮੈਂ ਉਸਨੂੰ ਇਨਕਾਰ ਕਰ ਦੇਵਾਂ। ਮੈਂ ਇਹ ਵੀ ਜਾਣਦੀ ਹਾਂ ਕਿ ਲੋਕ ਮੈਨੂੰ ਰਾਤੋ ਰਾਤ ਬਣੀ ਸਟਾਰ ਕਹਿੰਦੇ ਹਨ ਕਿਉਂਕਿ ਉਨ੍ਹਾਂ ਅਨੁਸਾਰ ਮੈਂ ਇਕ ਹੀ ਫਿਲਮ ਰਾਹੀਂ ਸਟਾਰਡਮ ਹਾਸਲ ਕਰ ਲਈ ਪਰ ਕੀ ਇਹ ਜ਼ਰੂਰੀ ਹੈ ਕਿ ਤੁਸੀਂ ਦਸ ਫਿਲਮਾਂ ਕਰਨ ਤੋਂ ਬਾਅਦ ਹੀ ਸਟਾਰ ਬਣੋ? ਮੇਰੇ ਕੰਮ ਨੂੰ ਪਸੰਦ ਕੀਤਾ ਅਤੇ ਲੋਕਾਂ ਨੇ ਰਾਏ ਜ਼ਾਹਿਰ ਕੀਤੀ ਕਿਉਂਕਿ ਉਨ੍ਹਾਂ ਨੂੰ ਮੇਰੇ ਕੰਮ ਵਿਚ ਤਾਜ਼ਗੀ ਨਜ਼ਰ ਆਈ। ਮੇਰੇ ਲਈ ਤਾਂ ਇਹ ਇਕ ਵ'ਡੇ ਪੁਰਸਕਾਰ ਵਰਗਾ ਹੈ। ਕੁਝ ਲੋਕ ਤਾਂ ਮੈਨੂੰ ਸਿਰਫ ਇਕ ਫਿਲਮ ਦੀ ਸਟਾਰ ਵੀ ਕਹਿੰਦੇ ਸਨ ਪਰ ਹੁਣ ਤਾਂ ਮੇਰੀ ਦੂਸਰੀ ਫਿਲਮ ਵੀ ਰਿ'ਟ ਹੋ ਚੁ'ਕੀ ਹੈ।

*ਗਦਰ ਕੱਕ ਪ੍ਰੇਮ ਕਥਾ' ਦੇ ਰਿ'ਟ ਹੋ ਜਾਣ ਤੇ ਤੁਹਾਨੂੰ ਕਿਸ ਤਰ੍ਹਾਂ ਮਹਿਸੂਸ ਹੋ ਰਿਹਾ ਹੈ?

-ਸ'ਚ ਕਹਾਂ ਤਾਂ ਇਸ ਤਰ੍ਹਾਂ ਦੀ ਖੁਸ਼ੀ ਮੈਨੂੰ 'ਕਹੋ ਨਾਂ ਪਯਾਰ ਹੈ' ਦੇ ਰਿ'ਟ ਹੋਣ ਤੇ ਵੀ ਨਹੀਂ ਹੋਈ ਸੀ। ਮੈਂ ਇਸ ਫਿਲਮ ਦੇ ਬਾਅਦ ਉਸ ਤੋਂ ਵੀ ਜ਼ਿਆਦਾ ਖੁਸ਼ੀ ਮਹਿਸੂਸ ਕਰ ਰਹੀ ਹਾਂ। ਕਈ ਲੋਕਾਂ ਨੇ ਜਿਨ੍ਹਾਂ ਨੇ 'ਕਹੋ ਨਾ ਪਯਾਰ ਹੈ' ਦੀ ਸਫਲਤਾ ਨੂੰ ਸਿਰਫ ਰਿਤਿਕ ਦੀ ਸਫਲਤਾ ਕਿਹਾ ਸੀ ਅਤੇ ਮੇਰੇ ਬਾਰੇ ਤੁਮਾਮ ਸਵਾਲ ਖੜ੍ਹੇ ਕਰ ਦਿੱਤੇ ਸਨ, ਮੈਂ ਉਨ੍ਹਾਂ ਦਾ ਮੂੰਹ ਬੰਦ ਕਰਨ ਲਈ ਬਹੁਤ ਉਤਸੁਕ ਸੀ ਅਤੇ ਮੇਰੀ ਇਹ ਹਸਰਤ ਹੁਣ ਜਾ ਕੇ ਪੂਰੀ ਹੋ ਸਕੀ ਹੈ। ਉੱਝ ਮੈਂ ਇਕ ਗ'ਲ ਸਾਫ ਕਰ ਦੇਣਾ ਚਾਹੁੰਦੀ ਹਾਂ ਕਿ ਆਲੋਚਕਾਂ ਨੂੰ ਮੈਂ ਸ਼ੁਰੂ ਤੋਂ ਹੀ ਇਕ ਚੁਨੌਤੀ ਦੇ ਰੂਪ ਵਿਚ ਲੈ ਲੈਂਦੀ ਹਾਂ ਅਤੇ ਇਹੀ ਇਕ ਗ'ਲ ਮੈਨੂੰ ਚੰਗੇ ਕੰਮ ਲਈ ਪ੍ਰੇਰਿਤ ਕਰਦੀ ਹੈ।

*ਕਹੋ ਨਾ ਪਯਾਰ ਹੈ' ਵਿਚ ਤੁਹਾਨੂੰ ਪੂਰੀ ਤਰ੍ਹਾਂ ਦਰਕਿਨਾਰ ਕਰ ਦਿ'ਤਾ ਗਿਆ ਸੀ ਅਤੇ ਤੁਸੀਂ ਭਵਿ'ਖ ਵਿਚ ਉਨ੍ਹਾਂ ਨਾਲ ਫਿਰ ਕਦੀ ਕੰਮ ਨਾ ਕਰਨ ਦੀ ਕਸਮ ਖਾਧੀ ਸੀ ਪਰ ਹੁਣ ਫਿਰ ਤੁਸੀਂ ਉਨ੍ਹਾਂ ਨਾਲ ਵਿਕਰਮ ਭ'ਟ ਦੀ ਫਿਲਮ ਕਰ ਰਹੇ ਹੋ। ਇਸ ਨੂੰ ਲੈ ਕੇ ਕਰੀਨਾ ਤੁਹਾਡੀ ਬਹੁਤ ਬੁਰਾਈ ਕਰ ਰਹੀ ਹੈ?

-ਇਹ ਸਭ ਬਕਵਾਸ ਹੈ ਕਿ ਮੈਨੂੰ 'ਕਹੋ ਨਾ ਪਯਾਰ ਹੈ' ਵਿਚ ਦਰਕਿਨਾਰ ਕੀਤਾ ਗਿਆ ਸੀ ਅਤੇ ਮੈਂ ਰਿਤਿਕ ਨਾਲ ਕੰਮ ਨਾ ਕਰਨ ਦੀ ਕਸਮ ਖਾਧੀ ਸੀ। ਰਿਤਿਕ ਇਕ ਬਹੁਤ ਵਧੀਆ ਕਲਾਕਾਰ ਹੈ। ਮੈਂ ਤਾਂ ਹਮੇਸ਼ਾ ਉਸ ਨਾਲ ਕੰਮ ਕਰਨਾ ਪਸੰਦ ਕਰਾਂਗੀ। ਆਖਿਰ ਉਹ ਮੇਰੇ ਪਹਿਲੇ ਸਾਥੀ ਕਲਾਕਾਰ ਹਨ। ਪਤਾ ਨਹੀਂ ਕਰੀਨਾ ਮੇਰੇ ਬਾਰੇ ਇਸ ਤਰ੍ਹਾਂ ਦੀਆਂ ਉਲਟੀਆਂ-ਸਿੱਧੀਆਂ ਗੱਲਾਂ ਕਿਉਂ ਕਰ ਰਹੀ ਹੈ, ਜਦਕਿ ਸੱਚਾਈ ਇਹ ਹੈ ਕਿ 'ਕਹੋ ਨਾ ਪਯਾਰ ਹੈ' ਛੱਡਣ ਸਮੇਂ ਆਪ ਕਰੀਨਾ ਅਤੇ ਉਸ ਦੀ ਮੰਮੀ ਬਬੀਤਾ ਨੇ ਕਸਮ ਖਾਧੀ ਸੀ ਕਿ ਉਹ ਰਿਤਿਕ ਰੋਸ਼ਨ ਨਾਲ ਕਦੀ ਫਿਲਮਾਂ ਨਹੀਂ ਕਰੇਗੀ। ਫਿਰ ਉਹ ਤਾਂ ਹੁਣ ਰਿਤਿਕ ਨਾਲ ਸਭ ਤੋਂ ਜ਼ਿਆਦਾ ਫਿਲਮਾਂ ਕਰ ਰਹੀ ਹੈ।

*ਪਰ ਕਰੀਨਾ ਅਤੇ ਤੁਹਾਡੇ ਵਿਚਕਾਰ ਸਰਦ ਯੁਧ ਦਾ ਅਸਲੀ ਕਾਰਨ ਕੀ ਹੋ ਸਕਦਾ ਹੈ?

-ਮੈਨੂੰ ਪਤਾ ਹੈ ਕਰੀਨਾ ਮੇਰੀ ਪਿ'ਠ ਪਿਛੇ ਮੇਰੀ ਬੁਰਾਈ ਕਰ ਰਹੀ ਹੈ ਅਤੇ ਸ਼ਾਇਦ ਇਸ ਕਾਰਨ ਕਰ ਰਹੀ ਹੈ ਕਿ ਉਨ੍ਹਾਂ ਨੇ 'ਕਹੋ ਨਾ ਪਿਆਰ ਹੈ' ਠੁਕਰਾ ਦਿ'ਤੀ ਸੀ ਅਤੇ ਉਸੇ ਫਿਲਮ ਨੂੰ ਹਾਸਲ ਕਰ ਲੈਣ ਤੋਂ ਬਾਅਦ ਮੈਂ ਸਟਾਰ ਬਣ ਗਈ। ਹੋ ਸਕਦਾ ਹੈ ਕਿ ਕਰੀਨਾ ਮੇਰੇ ਤੋਂ ਡਰੀ ਹੋਈ ਹੈ, ਇਸ ਲਈ ਇਸ ਤਰ੍ਹਾਂ ਦੀ ਰਣਨੀਤੀ ਉਸ ਨੇ ਅਪਣਾਈ ਹੋਵੇ ਪਰ ਮੈਂ ਬਹੁਤ ਵ'ਡੇ ਦਿਲ ਦੀ ਹਾਂ। ਕਰੀਨਾ ਵਰਗਾ ਛੋਟਾ ਦਿਲ ਨਹੀਂ ਹੈ ਮੇਰੇ ਕੋਲ। ਉਸਨੇ ਭਾਵੇਂ ਮੇਰੀ ਲ'ਖ ਬੁਰਾਈ ਕੀਤੀ ਹੋਵੇ ਪਰ 'ਮੁਝੇ ਕੁਛ ਕਹਿਨਾ ਹੈ' ਦੀ ਮਿਊਜ਼ਿਕ ਰਿਲੀਜ਼ ਪਾਰਟੀ ਵਿਚ ਮੈਂ ਕਰੀਨਾ ਨੂੰ ਵਧਾਈ ਦਿ'ਤੀ ਸੀ।

ਪੰਜਾਬੀ ਪੱਤ੍ਰਿਕਾ
Punjabi Patrika

Publisher & Chief Editor
Andy Sidhu
Punjabi Editor
Jagir S. Gill
Contributing Writers
Nirmal Singh Gill
Harbhajan Singh Mangat
Prof. Gurvinder Singh Dhaliwal
Deepak Jaitoy
Karm Singh Mann
Gurdarshan S. Badal
Ashraf Gill
Dr. Darshan Gill
Manjit Deol
Gurcharan Rampuri
Joginder Saberwal
Sarwan Palampuri
Pawan Gillanwala
Jeevan Rampuri
Harbhajan Hundal
Translations
P.S. Bhullar
Typist
Rekha Gill
Production & Graphics
Tehjay B. Fox
Dave Sidhu
Ronnie Sidhu
E-Mail Address
punjabipatrika@telus.net
General Inquiries
Tel: (604) 852-2288
Fax: (604) 852-1878
Mailing Address
1481 Tracey Street
Abbotsford, B.C.
V2T 6G4
Circulation
Dave Sidhu
Mandy Gill
Ronnie Sidhu
Published Biweekly

All advertising and articles in the Punjabi Patrika is subject to the Publisher's approval and the advertiser agrees to indemnify the publisher against claims arising from publication of any advertising submitted by the advertiser.

CLASSIFIEDS

Classifieds are $7.00 (inclusive of all taxes)
Mail or fax to: Punjabi Patrika, 1481 Tracey St., Abbotsford • V2T 6G4
• **Phone (604) 852-2288 • Fax (604) 852-1878**

ਸ਼ੰਗੀਤ ਪ੍ਰੇਮੀਆਂ ਲਈ

ਜੇ ਤੁਸੀਂ ਕੋਈ ਵੀ ਸਾਜ਼ ਜਿਵੇਂ ਤਬਲਾ, ਹਰਮੋਨੀਅਮ, ਢੋਲਕ, ਸਰੰਗੀ, ਮੈਂਡੋਲਿਨ ਆਦਿ ਵਜਾਉਣ ਜਾਣਦੇ ਹੋ ਤਾਂ ਮੇਹਰਬਾਨੀ ਕਰਕੇ "ਲੱਕੀ ਵੀਡੀਓ ਅਤੇ ਫੋਟੋ ਸਟੂਡੀਓ" ਤੇ ਸੰਪਰਕ ਕਰੋ ਫੋਨ:
604-855 - 0111

ਕੰਨਸਟਰਕਸ਼ਨ ਵਰਕਰਾਂ ਦੀ ਲੋੜ ਹੈ

ਸਾਨੂੰ ਨੌਜਵਾਨ ਕੰਨਸਟਰਕਸ਼ਨ ਵਰਕਰਾਂ ਦੀ ਤੁਰੰਤ ਲੋੜ ਹੈ। ਤਨਖਾਹ ਤਜ਼ਰਬੇ ਦੇ ਅਧਾਰ ਉਤੇ ਅਤੇ ਗੈਰ ਤਜਰਬਾਕਾਰ ਨੂੰ ਟ੍ਰੇਨਿੰਗ ਦਿਤੀ ਜਾਏਗੀ।

ਗੋਗੀ ਸਿਧੂ ਨੂੰ ਫੋਨ ਕਰੋ:
604-807-2800

ਮਸ਼ੀਨਾਂ ਦੀ ਸੇਲ

2 ਰਸਬੇਰੀ ਅਤੇ ਬਲੂਬੇਰੀ ਪਿਕਿੰਗ ਡੀਜ਼ਲ ਮਸ਼ੀਨਾਂ ਵਿਕਾਊ ਹਨ। 1987 ਲਿਟਾਓ ਰੋਟਰੀ ਹਿਡ ਵਾਲੀ ਅਤੇ ਭ.ਅ.ੀ. ਬੀਟਰਾਂ ਵਾਲੀ $22,500 ਸ ਏਓਚਹ। ਫੋਨ ਕਰੋ ਨੋਰਮ ਸੰਘਾ ਨੂੰ
604-852-7124

HOUSE FOR SALE

7 Bdrm house with 4 full bthrms. Approx. 3600 sq ft. 2 F/P. Full security system. Build in Vaccumm - 1 Legal Suite on Cul-de-sac - Good Neighbourhood.

For more Information Call:
604-855-9206 or
Cell: 604-309-0732

ਆਯੁਰਵੈਦਿਕ ਦਵਾਖਾਨਾ

ਦਾ: ਕਮਲ ਮੱਲੇ ਵਾਲੇ। ਜਿਵੇਂ - ਗੋਡੇ, ਬਵਾਸੀਰ, ਜੋੜਾਂ ਦੇ
ਦਰਦ ਹੋਵੇ ਅਤੇ ਹੋਰ ਗੁਪਤ ਰੋਗਾਂ ਲਈ ਫੋਨ ਕਰੋ।
ਹਰ ਰੋਜ਼: ਸਵੇਰੇ: 7.00 ਤੋਂ 10.00
ਸ਼ਾਮ ਨੂੰ : 7.00 ਤੋਂ 10.00

ਅਪਾਂਇਟਮੈਂਟ ਲਈ ਫੋਨ ਕਰੋ:
604-864-9468

ਸਰੀ ਵਿਚ ਸਵੀਟ ਸ਼ਾਪ ਵਿਕਾਊ ਹੈ

ਸਰੀ ਵਿਚ ਮੇਨ ਸ਼ਾਪਿੰਗ ਸੈਂਟਰ ਦੇ ਵਿਚ ਬਹੁਤ ਹੀ ਵਧੀਆ ਚਲ ਰਹੀ ਸਵੀਟ ਸ਼ਾਪ ਵਿਕਾਊ ਹੈ। ਸ਼ਾਪ ਵੈਜੀਟੇਰੀਅਨ ਸਮੋਸਾ, ਟਿਕੀਆਂ, ਲਡੂ ਅਤੇ ਵਧੀਆਂ ਜਲੇਬੀਆਂ ਕਰਕੇ ਮਸ਼ਹੂਰ ਹੈ। ਸਭ ਤਰ੍ਹਾਂ ਦੀਆਂ ਭਾਰਤੀ ਮਠਿਆਈਆਂ ਤਿਆਰ ਕੀਤੀਆਂ ਜਾਂਦੀਆਂ ਹਨ।

ਹੋਰ ਵੇਰਵੇ ਲਈ ਸੰਪਰਕ ਕਰੋ
604-594-5011

CUSTOM WORK

Spraying, Discing, Cultivating, Plowing and any form of Farm Work.

Please Call:
604-855-4992 or
604-850-5833

VERMA JEWELLERS

ਵਰਮਾ ਜਿਊਲਰ ਤੇ ਨਵੇ-ਨਵੇ ਡਿਜ਼ਾਇਨਾ ਵਿਚ ਸਿਲਵਰ ਅਤੇ ਗੋਲਡ ਜਿਊਲਰੀ ਤੇ ਭਾਰੀ ਸੇਲ ਲਗੱ ਗਈ ਹੈ। Silver rings start at 99 cents each and much more.

ਹੋਰ ਜਾਣਕਾਰੀ ਲਈ ਫੋਨ :-
604-504 - 0311

G & O USED TIRES

ਅਪਣੇ ਪੰਜਾਬੀ ਭਰਾਵਾਂ ਦੀ ਦੁਕਾਨ ਇਥੇ ਜਰ ਤਰਾਂ ਦੇ ਟਾਇਰ ਰਿਪੈਰ ਰਿਪੈਅਰ ਕਿਤੇ ਜਾਂਦੇ ਹਨ। ਇਥੇ ਕਾਰਾਂ, ਵੈਨਾਂ, ਪਿੱਕ-ਅੱਪ ਦੇ ਟਾਇਰ ਸਸਤੀ ਤੋਂ ਸਸਤੀ ਕੀਮਤਾਂ ਤੇ ਮਿਲ ਸਕਦੇ ਹਨ। ਅਸੀ ਸਵੇਰੇ 8 ਵਜੇ ਤੋਂ ਸ਼ਾਮ 8 ਵੱਜੇ ਤੱਕ ਖੁੱਲੇ ਹੁਨਦੇ ਹਾਂ।

ਫੋਨ- 604-607-7040
res- 604-852-1550
30231 OLD YALE RD.
ABBOTSFORD

Workers Wanted

For picking Strawberries, Raspberries, Blueberries, to operate berry picking machines and to work in a cannery. For more details Please call the Seasonal Worker's Project at the Abbotsford Community Services at 604-859-7681 Ext. 277. Legally compliant work environment.

ਕਾਮੀਆਂ ਦੀ ਜਰੂਰਤ

ਸਟਰਾਬੇਰੀ,ਰਸਬੇਰੀ, ਬਲਿਊਬੇਰੀ ਪਿਕਰਾਂ ਦੀ ਅਤੇ ਬੇਰੀ ਤੋੜਨ ਵਾਲੀ ਮਸ਼ਨਿ ਚਲਾਉਣ ਵਾਲਿਆਂ ਦੀ ਅਤੇ ਕੈਨਰੀ ਵਿੱਚ ਕੰਮ ਕਰਨ ਵਾਲਿਆਂ ਦੀ ਜਰੂਰਤ ਹੈ। ਹੋਰ ਜਾਣਕਾਰੀ ਲਈ ਕਿਰਪਾ ਕਰਕੇ ਤੁਸੀਂ ਸੀਜ਼ਨਲ ਵਰਕਰਜ਼ ਪਰੋਜਿਕਟ ਨੂੰ ਐਬਟਸਫੋਰਡ ਕਮਿਊਨਿਟੀ ਸਰਵਿਸਿਜ਼ ਵਿੱਚ ਫੂਨ ਕਰੋ। ਫੂਨ ਨੰਬਰ 604-859-7681 ਲੋਕਲ 277। ਕਾਨੂੰਨ ਮਤਾਬਕ ਕੰਮ ਦਾ ਮਹੌਲ ਹੋਵੇਗਾ।

ਪ੍ਰਾਈਵੇਟ ਟਿਊਸ਼ਨ (Private Tuition)

A highly qualified and experienced college teacher with an MA (English), an MPhil (English), an MA (Hindi), a BA (Hons) and a TESOL Diploma

Available for tutoring in (a) TOEFL, TSE, IELTS, ELA, TOEIC, General ESL, English Grammar and/or Literature, and Spoken English (b) Punjabi, and (c) Hindi

ਅੰਗ੍ਰੇਜ਼ੀ, ਪੰਜਾਬੀ ਅਤੇ ਹਿੰਦੀ 'ਚ ਟਿਊਸ਼ਨ ਲਈ ਸੰਪਰਕ ਕਰੋ।

For more info.
call 604-855-4438

Electrician Needed

Apply at SAAB Electric Ltd.

Tel/Fax: 604-585-0096
Cell: 604-306-0963
10111 - 144A St.,
Surrey BC V3R3P7

S&V Landscaping & Fencing

Commercial & Residential
Call for **FREE** Estimate

Parm: 604-807-9472
Tejinder: 604-807-9473

We also accept sub contracts

ਐਸ ਐਂਡ ਵੀ ਲੈਂਡਸਕੇਪਿੰਗ ਐਂਡ ਫੈਨਸਿੰਗ ਫਰੇਜ਼ਰ ਵੈਲੀ ਤੇ ਲੋਅਰ ਮੇਨਲੈਂਡ ਵਿਚ ਸਰਵਿਸ ਲਈ ਸਬ - ਕੰਨਟਰੈਕਟ ਵੀ ਲੈਂਦੇ ਹਾਂ।

Matrimonial

Match for 28 year old Jat Sikh (Canadian), Educated, Well Placed, Family all in BC, Looking for Girl. Should be at Least 5' 5" tall between the age of 24 to 27 and Educated.

Call 604-852-2288.

Mercedes Car For Sale

1987 Mercedes 190E. 2.3 Litre In Excellent Condition. Power Windows, Power Locks **Interested Parties Please Call: 604-852-1827**

ਸ਼ਿਵਾ ਸਵੀਟਸ ਐਂਡ ਰੈਸਟੋਰੈਂਟ ਨੂੰ ਵੇਟਰਿਸ ਦੀ ਲੋੜ

ਐਪਲੀਕੇਸ਼ਨ ਕਰਨ ਵਾਲਿਆਂ ਨੂੰ ਅੰਗਰੇਜ਼ੀ ਤੇ ਪੰਜਾਬੀ ਬੋਲਣੀ ਆਉਂਦੀ ਹੋਵੇ। ਤਜਰਬਾ ਹੋਣਾ ਜਰੂਰੀ ਨਹੀਂ। ਰਿਜ਼ਮੇ ਪ੍ਰਵਾਨ ਕੀਤੇ ਜਾਣਗੇ।

ਪਤਾ:- ਸ਼ਿਵਾ ਸਵੀਟਸ ਐਂਡ ਰੈਸਟੋਰੈਂਟ 32131 ਮਾਰਸ਼ਲ ਰੋਡ ਐਬਟਸਫੋਰਡ

Help Wanted

Dishwasher, Prep. Cooks and Line Cooks wanted for Restaurant in Town. Must be able to speak English. Apply in Person.

2607 Ware Rd.
Abbotsford.
Phone: 604-854-3679

House For Sale

Townline Area. Close to Rick Hansen School. Upstairs 3 bdrms & 2 Baths. Legal 2 bdrm suite and 1 rec. room. Built in Vaccuum and fenced yard. Reduced to $199,000 from $210,000

Call 604-854-3928
Cell 604-897-0023

Help Wanted

Position available for store clerk, must speak English well, must have a car. Call after 1:00pm.

Ask for Robbie -
604-820-0006

VAN FOR SALE

1992 ਜੀ.ਐਮ.ਸੀ. ਸਫਾਰੀ ਐਕਸਟੈਂਡਿਡ ਵੈਨ ਫੁਲੀ ਲੋਡਿਡ, ਅਗੇ ਅਤੇ ਪਿਛੇ ਏ/ਸੀ, ਡਿਜ਼ਟਿਲ ਪੈਨਲ, ਆਲ ਵੀਲ ਡਰਾਈਵ, ਟੂ ਟੋਨਡ ਇਕੋ ਮਾਲਕ ਦੀ ਹੈ। ਕੇਵਲ 1 ਲਖ ਦਸ ਹਜਾਰ ਕਿਲੋਮੀਟਰ ਚਲੀ ਹੈ। ਹਾਲਾਤ ਬਹੁਤ ਵਧੀਆ, ਕੀਮਤ: $7995

ਦੇਖੋ ਜ਼ਰੂਰ
ਫੋਨ:- 604-850-2826

1992 GMC Safari Ext. Van Fully loaded; Front and Rear A/C, Digital Panel, All Wheel Drive. 2 Toned. One Owner. Only 110,000kms! Very Good Condition. $7995. Must See.

Ph: 604-850-2826

Amritech Computers comes to Abbotsford.

Mr. Amritpal Gill started his computer business about 10 years ago in Surrey. He has created a customer friendly business by servicing the community with his guaranteed low prices and excellent service. Very soon he opened up 2 other stores - one in Mission and another in Delta. In a very short time he found that his business needed expanding especially when he found customers travelling from Abbotsford to his others stores.

To satisfy the needs of his customers he felt that there was a need for him to have a store in Abbotsford especially as he noticed that this community has started to grow steadily. Moreover, his being able to guarantee them prices is the biggest selling factor. People like price guarantees and Amritech is doing just that for them.

Besides computers they are also agents for Rogers AT & T cellular phones which are a craze for the younger people all over. We have been assured that Amritech will be able to offer best deals to all who visit them at #148-31935, South Fraser Way in Abbotsford just behind the Clearbrook Post Office.

Their other stores are located at #7-8430 - 128th Street, Surrey: 9385-120th Street, Delta and A6-32081, Loughheed Highway in Mission.

ਐਬਟਸਫੋਰਡ ਨਿਵਾਸੀਓ ਨਵੇਂ ਅਮ੍ਰਿਤਟੈਕ ਕੰਪਿਊਟਰ ਸਟੋਰ ਦਾ ਲਾਭ ਉਠਾਓ

ਐਬਟਸਫੋਰਡ ਨਿਵਾਸੀਆਂ ਦੀ ਮੰਗ ਨੂੰ ਮੁਖ ਰਖਕੇ ਅਮ੍ਰਿਤਟੈਕ ਕੰਪਿਊਟਰ ਵਾਲਿਆਂ ਨੇ ਫਰੇਜ਼ਰ ਵੇਅ ਯੂਨਿਟ #48-31935 ਉਤੇ ਚੋਥੀ ਲੋਕੇਸ਼ਨ ਖੋਹਲ ਦਿਤੀ ਹੈ। ਪਹਿਲੇ ਤਿੰਨੇ ਸਟੋਰ ਬੜੀ ਸਫਲਤਾ ਨਾਲ ਚਲ ਰਹੇ ਹਨ। ਅਮ੍ਰਿਤਪਾਲ ਗਿਲ ਜੋ ਕਿ ਅਮ੍ਰਿਤਟੈਕ ਦੇ ਮਾਲਕ ਹਨ ਦੇ ਅਨੁਸਾਰ 4 ਅਗਸਤ ਨੂੰ ਗਰੈਂਡ ਓਪਨਿੰਗ ਹੋ ਚੁਕੀ ਹੈ। 1991 ਤੋਂ ਸ਼ੁਰੂ ਹੋਏ ਅਮ੍ਰਿਤਟੈਕ ਨੇ ਸਸਤੇ ਕੰਪਿਊਟਰ ਤੇ ਵਧੀਆ ਸਰਵਿਸ ਨਾਲ ਆਪਣੀ ਹਰਮਨਪਿਆਰਤਾ ਵਿਚ ਬੇਹਦ ਵਾਧਾ ਕੀਤਾ ਹੈ।

ਪਹਿਲਾ ਸਟੋਰ ਸਰੀ ਵਿਚ #7-8470-128 ਸਟਰੀਟ ਉਤੇ ਹੈ ਦੂਜਾ ਡੈਲਟਾ ਵਿਚ 9385-128 ਸਟਰੀਟ ਉਤੇ ਹੈ ਅਤੇ ਤੀਜਾ ਓ6-32081 ਲੋਹੀਡ ਮਿਸ਼ਨ ਵਿਚ ਹੈ। ਹੋਰ ਜਾਣਕਾਰੀ ਲਈ ਫੋਨ ਕਰੋ:-

604-572-9955
(ਸਰੀ ਸਟੋਰ),
604-582-9999
(ਡੈਲਟਾ ਸਟੋਰ),
604-820-0811
(ਮਿਸ਼ਨ ਸਟੋਰ) ਜਾਂ
604-556-7702
(ਐਬਟਸਫੋਰਡ ਸਟੋਰ)

UNLIMITED EVENING AND WEEKEND CALLS
Limited Time Offer
FREE YOUR PLAN AS INDIVIDUAL AS YOU ARE FREE

NOW OPEN IN ABBOTSFORD

FREE (After $50 mail-in rebate)

MITSUBISHI T200
DIGITAL PCS

$20/month
STARTER PACKAGE
Includes:
• 100 WEEKDAY/WEEKNIGHT MINUTES
• 250 WEEKEND MINUTES
• CALL WAITING
• CALL FORWARDING
• BUSY/NO ANSWER TRANSFER

AUTO ROADSIDE SERVICE
Get 3 Months *FREE*
Emergency automotive assistance for your vehicle anywhere in Canada or the United States. Includes flat-tire change, battery boost, lock-out service & more.
Value $4 per month

NEW PRICE PLAN
$25/month
STARTER UNLIMITED WEEKENDS PACKAGE
Includes:
• 100 WEEKDAY/WEEKNIGHT MINUTES
• UNLIMITED WEEKEND MINUTES
• CALL FORWARDING
• CALL WAITING
• BUSY/NO ANSWER TRANSFER

FREE (After $50 mail-in rebate)

MITSUBISHI T200
DIGITAL PCS

FREE
Car Charger, Leather Case & headset kit reg. retail value $99 with activation only.

FREE DIGITAL PHONE after $50 mail-in rebate

NOKIA 5165
DIGITAL PCS

$35/month
STARTER UNLIMITED EVENINGS & WEEKENDS PACKAGE
Includes
• 100 WEEKDAY MINUTES
• UNLIMITED EVENING/WEEKEND MINUTES
• CALL FORWARDING
• CALL WAITING
• BUSY/NO ANSWER TRANSFER
• CALLER ID OR BASIC VOICE MAIL

MESSAGING PACK
Get 3 Months *FREE*
Includes Mobile Message Enhanced Voicemail and 100 Text and E-mail Messages. Enhanced Voicemail is an advanced service that stores up to 35 messages for up to 10 days. Text and E-mail Messaging provides a unique e-mail address and allow you to receive text messages right to your Digital PCS phone. Two-way text messaging is available on select phones. Additional messages (sent and received) are 10 cents each.
Value $7 per month

$65/month
BUSINESS EVENINGS & WEEKENDS PACKAGE
Includes:
• 450 WEEKDAY MINUTES
• UNLIMITED EVENING/WEEKEND MINUTES
• CALL FORWARDING
• BUSY/NO ANSWER TRANSFER
• CALL WAITING
• CALLER ID
• BASIC VOICE MAIL

NEW DIGITAL PHONE

* NOKIA 8260
DIGITAL PCS

ROGERS™ AT&T
WIRELESS

www.amritech.com
email: info@amritech.com

AMRITECH COMPUTER SYSTEMS LTD.

Unit #7-8430-128th St., Surrey, BC
Tel: 604-572-9955

A6-32081 Lougheed Hwy, Mission
Tel: 604-820-0811
Toll Free: 1-888-882-6888

9385-120th St., Delta, BC
Tel: 604-582-9999

#148 31935 S.Fraser Way, Abbotsford
Tel: 604-556-7702

ROGERS AT&T
Authorized Agent

Phone offers shown are subject to a two year term activation. Allow 6-8 weeks for $50 mail-in rebate and to be applied to your Rogers AT&T statement. Special limited time offer available only at Amritech's all locations. Your plan is trade mark of Roger's Wireless Inc. Unlimited weekend evenings calling offer available only for limited time. . Off Peak Time 6 pm - 8 am, Mon - Fri. Weekends Midnight Fri - 8 am Mon.

™Rogers Commmunications Inc. Used under License ® AT&T Corp. Used under License.

THE #1 IMPORT DEALERSHIP IN THE FRASER VALLEY

THE HONDA WAY
OUR AWARD WINNING DEALERSHIP

WE ALSO HAVE A LARGE SELECTION OF PRE-OWNED VEHICLES

'96
VOLKSWAGON JETTA 4DR ATUO $15,995

'98
ACCURA 3.2 $28,995

'97
CHEVROLET EXT. CAB 4X4 P/U $19,995


'99
TOYOTA SIENNA $22,995

'95
CHEVROLET LUMINA $12,995

'92
VOLKSWAGON GOLF $8,995

'98
HONDA ACCORD V6 COUPE $22,995


'99
VOLVO S80 $37,995

THE HONDA WAY
OUR AWARD WINNING DEALERSHIP

IN THE FRASER VALLEY AUTO MALL
604-857-1430
TOLL FREE: 1-800-699-9188
30150 AUTOMALL DRIVE, ABBOTSFORD BC

NEW VEHICLES AVAILABLE AS LOW AS 5.8% FINANCING ON SELECTED MODELS

IN STOCK PRELUDES, ACCORDS, CIVICS, IN STOCK
CRVS, INSIGHTS, ODYSSEYS